Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਪੰਜਾਬ ਮੇਲ ਯੂ. ਐੱਸ. ਏ.
Punjab Mail USA
Chief Editor: Gurjatinder Singh Randhawa


REALTY ONE GROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 18, Issue- 796, 04 to 10 April, 2024, Ph: 916-320-9444, E-mail: punjabmailusa@yahoo.com, Web: punjabmailusa.com

# ਅਮਰੀਕਾ ’ਚ ਗੈਰ-ਪ੍ਰਵਾਸੀ ਵੀਜ਼ਾ ਫੀਸਾਂ ’ਚ ਭਾਰੀ ਵਾਧਾ

- ਐੱਚ-1ਬੀ, ਐੱਲ-1 ਅਤੇ ਈਬੀ-5 ਵੀਜ਼ਾ ’ਤੇ ਨਵੀਆਂ ਦਰਾਂ ਹੋਈਆਂ ਲਾਗੂ
- 8 ਸਾਲ ਬਾਅਦ ਹੋਇਆ ਫੀਸ ’ਚ ਵਾਧਾ




ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- ਅਮਰੀਕਾ ਦੇ ਗੈਰ-ਪ੍ਰਵਾਸੀ ਵੀਜ਼ਾ ਲਈ ਵਸੂਲੀ ਜਾਣ ਵਾਲੀ ਫੀਸ ’ਚ 1 ਅਪ੍ਰੈਲ ਤੋਂ ਲਗਭਗ ਤਿੰਨ ਗੁਣਾ ਵਾਧਾ ਹੋਇਆ ਹੈ। ਇਹ ਵਾਧਾ ਐੱਚ-1ਬੀ, ਐੱਲ-1 ਅਤੇ ਈਬੀ-5 ਵੀਜ਼ਾ ’ਤੇ ਲਾਗੂ ਹੋਇਆ ਹੈ।

ਇਹ ਫੀਸ ਵਾਧਾ ਕਰੀਬ ਅੱਠ ਸਾਲਾਂ ਬਾਅਦ ਹੋਇਆ ਹੈ। ਇਸ ਤੋਂ ਪਹਿਲਾਂ 2016 ਵਿਚ ਫੀਸਾਂ ਵਿਚ ਵਾਧਾ ਕੀਤਾ ਗਿਆ ਸੀ। ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਪਹਿਲਾਂ ਹੀ ਜਾਰੀ ਨੋਟੀਫਿਕੇਸ਼ਨ ’ਚ ਕਿਹਾ ਹੈ ਕਿ ਵੀਜ਼ਾ ’ਚ ਵਾਧੇ ਤੋਂ ਬਾਅਦ ਨਵੇਂ ਚਾਰਜ 1 ਅਪ੍ਰੈਲ ਤੋਂ ਲਾਗੂ ਹੋਣਗੇ।

ਨਵੇਂ ਐੱਚ-1ਬੀ ਵੀਜ਼ਾ ਲਈ ਅਰਜ਼ੀ ਦੇਣ ਲਈ ਇੱਕ ਫਾਰਮ ਆਈ-129 ਹੈ, ਜਿਸ ਦੀ ਫੀਸ 460 ਡਾਲਰ ਤੋਂ ਵਧ ਕੇ 780 ਡਾਲਰ ਹੋ ਗਈ ਹੈ। ਭਾਰਤੀ ਮੁਦਰਾ ਵਿਚ, ਇਹ 38,000 ਰੁਪਏ ਤੋਂ ਵੱਧ ਕੇ 64,000 ਰੁਪਏ ਹੋ ਗਿਆ ਹੈ। ਇਸ ਤੋਂ ਇਲਾਵਾ ਐੱਚ-1ਬੀ ਰਜਿਸਟ੍ਰੇਸ਼ਨ ਫੀਸ 10 ਡਾਲਰ (829 ਰੁਪਏ) ਤੋਂ ਵਧ ਕੇ 215 ਡਾਲਰ (ਲਗਭਗ 17,000 ਰੁਪਏ) ਹੋ ਗਈ ਹੈ।

ਇਸ ਤੋਂ ਬਾਅਦ ਐੱਲ-1 ਵੀਜ਼ਾ ਫੀਸ 1 ਅਪ੍ਰੈਲ ਤੋਂ ਤਿੰਨ ਗੁਣਾ ਵਧ ਗਈ ਹੈ, ਜੋ ਕਿ ਪਹਿਲਾਂ 460 ਡਾਲਰ ਡਾਲਰ (ਲਗਭਗ 38,000 ਰੁਪਏ) ਸੀ ਤੇ ਹੁਣ 1385 ਡਾਲਰ (1,10,000 ਰੁਪਏ) ਹੋਣ ਦੀ ਸੰਭਾਵਨਾ ਹੈ। ਐੱਲ-1 ਅਮਰੀਕਾ ਵਿਚ ਗੈਰ-ਪ੍ਰਵਾਸੀ ਵੀਜ਼ਾ ਸ਼੍ਰੇਣੀ ਦੇ

■ ਬਾਕੀ ਖਬਰ ਸਫਾ 17 ’ਤੇ

# 19 ਮਈ ਨੂੰ ਹੋਣ ਵਾਲੀ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਸੰਬੰਧੀ ਹੋਏ ਵਿਚਾਰ-ਵਟਾਂਦਰੇ



- ਮੀਟਿੰਗ ਵਿਚ 50 ਦੇ ਕਰੀਬ ਸਾਹਿਤਕਾਰਾਂ ਨੇ ਲਿਆ ਹਿੱਸਾ

ਸੈਕਰਾਮੈਂਟੋ, (ਪੰਜਾਬ ਮੇਲ)- ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਸਾਹਿਬ ਸੰਤ ਸਾਗਰ, ਸੈਕਰਾਮੈਂਟੋ ਦੇ ਹਾਲ ਵਿਚ ਹੋਈ। ਮੀਟਿੰਗ ਵਿਚ 50 ਦੇ ਕਰੀਬ ਸਾਹਿਤਕਾਰਾਂ ਨੇ ਹਿੱਸਾ ਲਿਆ। ਇਸ ਭਰਵੀਂ ਮੀਟਿੰਗ ਵਿਚ ਜਿੱਥੇ ਕਵੀ ਸੰਮੇਲਨ ਹੋਇਆ, ਉਥੇ 19 ਮਈ ਨੂੰ ਸਭਾ ਵੱਲੋਂ ਕਰਵਾਈ ਜਾ ਰਹੀ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਬਾਰੇ ਵੀ ਵਿਚਾਰ-ਵਟਾਂਦਰੇ ਹੋਏ। ਇਸ ਦੌਰਾਨ ਸਭਾ ਦੇ ਮੁੱਢਲੇ ਬਾਨੀ ਹਰਬੰਸ ਸਿੰਘ ਜਗਿਆਸੂ ਵਿਸ਼ੇਸ਼ ਤੌਰ ’ਤੇ ਪਧਾਰੇ।

ਸਟੇਜ ਸਕੱਤਰ ਵਜੋਂ ਸੇਵਾ ਨਿਭਾਉਂਦਿਆਂ ਗੁਰਜਤਿੰਦਰ ਸਿੰਘ ਰੰਧਾਵਾ ਨੇ ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਦਿਲ ਨਿੱਜਰ ਨੂੰ ਸਟੇਜ ’ਤੇ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਬੋਲਦਿਆਂ ਦਲਵੀਰ ਦਿਲ ਨਿੱਜਰ ਨੇ 19 ਮਈ ਨੂੰ ਹੋਣ ਵਾਲੀ ਕਾਨਫਰੰਸ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ। ਇਸ ਦੌਰਾਨ ਸਭਾ ਦੇ ਡਾਇਰੈਕਟਰ ਹਰਬੰਸ ਸਿੰਘ ਜਗਿਆਸੂ ਨੇ ਸਭਾ ਦੇ ਪਿਛੋਕੜ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।

ਇਸ ਉਪਰੰਤ ਕਵੀ ਸੰਮੇਲਨ ਸ਼ੁਰੂ ਹੋਇਆ, ਜਿਸ ਵਿਚ ਹੋਰਨਾਂ ਤੋਂ ਇਲਾਵਾ ਦਲਵੀਰ ਦਿਲ ਨਿੱਜਰ, ਹਰਜਿੰਦਰ ਮੱਟੂ, ਰਾਠੇਸ਼ਵਰ ਸਿੰਘ ਸੂਰਾਪੁਰੀ, ਅਜੈਬ ਸਿੰਘ ਚੀਮਾ, ਸੁਰਿੰਦਰ ਸ਼ੀਮਾਰ, ਹਰਭਜਨ ਸਿੰਘ ਢੇਰੀ, ਮੇਜਰ ਭੁਪਿੰਦਰ ਦਲੇਰ, ਜਵਾਹਰ ਧਵਨ, ਫਕੀਰ ਸਿੰਘ ਮੱਲ੍ਹੀ, ਹਰਬੰਸ ਸਿੰਘ ਜਗਿਆਸੂ, ਜੀਵਨ ਰੱਤੂ, ਮਕਸੂਦ ਅਲੀ, ਜੋਤੀ ਸਿੰਘ, ਪਰਗਟ ਸਿੰਘ ਹੁੰਦਲ, ਹਰਜੀਤ ਹਮਸਫਰ, ਅੰਜੂ ਮੀਰਾ ਅਤੇ ਗੁਰਜਤਿੰਦਰ ਸਿੰਘ ਰੰਧਾਵਾ ਨੇ ਆਪੋ-ਆਪਣੀਆਂ ਕਵਿਤਾਵਾਂ ਸੁਣਾਈਆਂ। ਇਸ ਦੌਰਾਨ ਗੀਤ-ਸੰਗੀਤ ਵਿਚ ਉੱਘੀ ਰੇਡੀਓ ਹੋਸਟ ਜੋਤ ਰਣਜੀਤ ਕੌਰ, ਬਿੱਕਰ ਸਿੰਘ ਮਾਨ, ਮਲਿਕ ਇਮਤਿਆਜ, ਅਨੁਪਿੰਦਰ ਸੰਧੂ ਨੇ ਗਾਇਕੀ ਰਾਹੀਂ ਚੰਗਾ ਰੰਗ ਬੰਨ੍ਹਿਆ। ਇਸ ਤੋਂ ਇਲਾਵਾ ਤਤਿੰਦਰ ਕੌਰ ਨੇ ਮਿੰਨੀ ਕਹਾਣੀ ਪੇਸ਼ ਕੀਤੀ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਜਸਪਿੰਦਰ ਪਾਲ ਸਿੰਘ, ਗੁਰਦੀਪ ਕੌਰ, ਗੁਰਮੀਤ ਸਿੰਘ ਬਾਸੀ, ਹਰਜਿੰਦਰ ਕੌਰ, ਭਲਿੰਦਰ ਸਿੰਘ ਵਰਮਾਨੀ, ਮਨਪ੍ਰੀਤ ਸਿੰਘ, ਜੇ.ਪੀ. ਸਿੰਘ, ਬਲਜੀਤ ਸੋਹੀ, ਜਸਵੰਤ ਜੱਸੀ ਸ਼ੀਮਾਰ, ਰਜਿੰਦਰ ਕੌਰ, ਦਲਜੀਤ ਕੌਰ ਸੰਧੂ ਅਤੇ ਡਾਕਟਰ ਕਾਹਲੋਂ ਵੀ ਵਿਸ਼ੇਸ਼ ਤੌਰ ’ਤੇ ਹਾਜ਼ਰ ਹੋਏ।

# ਸੁਪਰੀਮ ਕੋਰਟ ਵੱਲੋਂ ਆਬਕਾਰੀ ਨੀਤੀ ਮਾਮਲੇ ’ਚ ਸੰਜੈ ਸਿੰਘ ਨੂੰ ਜ਼ਮਾਨਤ


ਸੰਜੈ ਸਿੰਘ ਨੂੰ ਅਦਾਲਤ ’ਚ ਪੇਸ਼ ਕਰਨ ਲਈ ਲਿਜਾਂਦੀ ਹੋਈ ਪੁਲਿਸ।

ਨਵੀਂ ਦਿੱਲੀ, (ਪੰਜਾਬ ਮੇਲ)- ਸੁਪਰੀਮ ਕੋਰਟ ਨੇ ਦਿੱਲੀ ਆਬਕਾਰੀ ਨੀਤੀ ਘੁਟਾਲੇ ਨਾਲ ਸਬੰਧਤ ਮਨੀ ਲਾਂਡਰਿੰਗ ਕੇਸ ਵਿਚ ਆਮ ਆਦਮੀ ਪਾਰਟੀ ਦੇ ਨੇਤਾ ਅਤੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੂੰ ਜ਼ਮਾਨਤ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਕਿਹਾ ਕਿ ਜੇਕਰ ਸੰਜੈ ਸਿੰਘ ਨੂੰ ਕੇਸ ਵਿਚ ਜ਼ਮਾਨਤ ਦਿੱਤੀ ਜਾਂਦੀ ਹੈ, ਤਾਂ ਉਸ ਨੂੰ ਕੋਈ ਇਤਰਾਜ਼ ਨਹੀਂ ਹੈ। ਸੁਪਰੀਮ ਕੋਰਟ ਦੇ ਹੁਕਮਾਂ ਦਾ ਆਮ ਆਦਮੀ ਪਾਰਟੀ ਨੇ ਸਵਾਗਤ ਕੀਤਾ ਹੈ।

ਜਸਟਿਸ ਸੰਜੀਵ ਖੰਨਾ, ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਪੀ.ਬੀ. ਵਰਾਲੇ ਦੇ ਬੈਂਚ ਨੇ ਛੇ ਮਹੀਨੇ ਤੋਂ ਜੇਲ੍ਹ ’ਚ ਬੰਦ ਸੰਜੈ ਸਿੰਘ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ। ਬੈਂਚ ਨੇ ਕਿਹਾ ਕਿ ‘ਆਪ’ ਨੇਤਾ ਆਪਣੀਆਂ ਸਿਆਸੀ ਗਤੀਵਿਧੀਆਂ ਜਾਰੀ ਰੱਖ ਸਕਦੇ ਹਨ ਪਰ ਇਸ ਕੇਸ ਦੇ ਸਬੰਧ ਵਿਚ ਕੋਈ ਬਿਆਨ ਨਹੀਂ ਦੇ ਸਕਦੇ। ਸੰਜੈ ਸਿੰਘ ਦੀ ਰਿਹਾਈ ਅਜਿਹੇ ਸਮੇਂ ਹੋ ਰਹੀ ਹੈ, ਜਦੋਂ ਆਮ ਆਦਮੀ ਪਾਰਟੀ ਦੇ ਸਾਹਮਣੇ 19 ਅਪ੍ਰੈਲ ਤੋਂ ਸ਼ੁਰੂ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਲੀਡਰਸ਼ਿਪ ਦਾ ਸੰਕਟ ਹੈ।

■ ਬਾਕੀ ਖਬਰ ਸਫਾ 17 ’ਤੇ

ਲੋਕ ਸਭਾ ਚੋਣਾਂ-2024

# ਪੰਜਾਬ ਪੁਲਿਸ, ਅਰਧ-ਸੈਨਿਕ ਬਲਾਂ ਨੇ ਸੂਬੇ ਭਰ ’ਚ ਚਲਾਇਆ ਤਲਾਸ਼ੀ ਅਭਿਆਨ

- ਪੰਜਾਬ ਪੁਲਿਸ ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤੀਪੂਰਨ ਲੋਕ ਸਭਾ ਚੋਣਾਂ ਨੂੰ ਯਕੀਨੀ ਬਣਾਉਣ ਲਈ ਵਚਨਬੱਧ



ਚੰਡੀਗੜ੍ਹ, (ਪੰਜਾਬ ਮੇਲ)- ਲੋਕ ਸਭਾ ਚੋਣਾਂ -2024 ਦੇ ਮੱਦੇਨਜ਼ਰ, ਪੰਜਾਬ ਪੁਲਿਸ ਨੇ ਰਾਜ ਭਰ ਦੇ ਸਾਰੇ ਰੇਲਵੇ ਸਟੇਸ਼ਨਾਂ, ਬੱਸ ਸਟੈਂਡਾਂ ਅਤੇ ਇਨ੍ਹਾਂ ਦੇ ਆਲੇ-ਦੁਆਲੇ ਇੱਕ ਵਿਸ਼ੇਸ਼ ਘੇਰਾਬੰਦੀ ਅਤੇ ਤਲਾਸ਼ੀ ਅਭਿਆਨ (ਕਾਸੋ) ਚਲਾਇਆ। ਇਹ ਅਭਿਆਨ ਪੁਲਿਸ ਦੇ ਡਾਇਰੈਕਟਰ ਜਨਰਲ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ’ਤੇ ਲੋਕਾਂ ਵਿਚ ਪੁਲਿਸ ਦਾ ਭਰੋਸਾ ਵਧਾਉਣ ਅਤੇ ਸਮਾਜ ਵਿਰੋਧੀ ਤੱਤਾਂ ’ਤੇ ਸ਼ਿਕੰਜਾ ਕੱਸਣ ਦੇ ਹਿੱਸੇ ਵਜੋਂ ਚਲਾਇਆ ਗਿਆ ।

ਇਹ ਤਲਾਸ਼ੀ ਅਭਿਆਨ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿਚ ਇੱਕੋ ਸਮੇਂ ਚਲਾਇਆ ਗਿਆ, ਜਿਸ ਤਹਿਤ ਪੁਲਿਸ ਟੀਮਾਂ ਅਤੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ (ਸੀ.ਏ.ਪੀ.ਐੱਫ.) ਦੀਆਂ ਟੀਮਾਂ ਨੇ ਰੇਲਵੇ ਸਟੇਸ਼ਨਾਂ ਅਤੇ ਬੱਸ ਸਟੈਂਡਾਂ ’ਤੇ ਆਉਣ-ਜਾਣ ਵਾਲੇ ਲੋਕਾਂ ਦੀ ਤਲਾਸ਼ੀ ਲਈ। ਪੁਲਿਸ ਟੀਮਾਂ ਨੇ ਉਕਤ ਆਪ੍ਰੇਸ਼ਨ ਦੌਰਾਨ ਵਾਹਨ ਐਪ ਦੀ ਵਰਤੋਂ ਰਾਹੀਂ ਰੇਲਵੇ ਸਟੇਸ਼ਨਾਂ ਅਤੇ ਬੱਸ ਸਟੈਂਡਾਂ ਦੀ ਪਾਰਕਿੰਗ ਵਿਚ ਖੜ੍ਹੇ ਦੋਪਹੀਆ/ਚਾਰ ਪਹੀਆ ਵਾਹਨਾਂ ਦੀ ਚੈਕਿੰਗ ਵੀ ਕੀਤੀ।

ਸਪੈਸ਼ਲ ਡੀ.ਜੀ.ਪੀ. ਲਾਅ ਐਂਡ ਆਰਡਰ ਅਰਪਿਤ ਸ਼ੁਕਲਾ, ਜੋ ਇਸ ਰਾਜ ਪੱਧਰੀ ਕਾਰਵਾਈ ਦੀ ਨਿੱਜੀ ਤੌਰ ’ਤੇ ਨਿਗਰਾਨੀ ਕਰ ਰਹੇ ਸਨ, ਨੇ ਕਿਹਾ ਕਿ ਇਸ ਅਭਿਆਨ ਨੂੰ ਨੇਪਰੇ ਚਾੜ੍ਹਨ ਲਈ ਸਾਰੇ ਸੀ.ਪੀਜ਼/ਐੱਸ.ਐੱਸ.ਪੀਜ਼ ਨੂੰ, ਹਰੇਕ ਰੇਲਵੇ ਸਟੇਸ਼ਨ/ਬੱਸ ਸਟੈਂਡ ’ਤੇ ਗਜ਼ਟਿਡ ਅਧਿਕਾਰੀ ਦੀ ਨਿਗਰਾਨੀ ਹੇਠ ਘੱਟੋ-ਘੱਟ

■ ਬਾਕੀ ਖਬਰ ਸਫਾ 17 ’ਤੇ

# ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਪ੍ਰਵਾਸੀਆਂ ਲਈ ਗ੍ਰੀਨ ਕਾਰਡ ਪ੍ਰੋਗਰਾਮ ਵਧਾਉਣ ਦੀ ਸੰਭਾਵਨਾ




ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)- ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ 10 ਸਾਲਾਂ ਤੋਂ ਵੱਧ ਸਮੇਂ ਤੋਂ ਗੈਰ-ਕਾਨੂੰਨੀ ਢੰਗ ਨਾਲ ਦੇਸ਼ ਵਿਚ ਰਹਿ ਰਹੇ ਪ੍ਰਵਾਸੀਆਂ ਲਈ ਗ੍ਰੀਨ ਕਾਰਡ ਪ੍ਰੋਗਰਾਮ ਨੂੰ ਵਧਾਉਣ ਦੀ ਸੰਭਾਵਨਾ ਹੈ। ਇੱਕ ਰਿਪੋਰਟ ਅਨੁਸਾਰ ਪ੍ਰੋਗਰਾਮ ਉਨ੍ਹਾਂ ਲੋਕਾਂ ਨੂੰ ਲਾਭ ਪਹੁੰਚਾਏਗਾ, ਜੋ ਖ਼ੁਦ ਗੈਰ-ਕਾਨੂੰਨੀ ਹਨ ਪਰ ਜੇਕਰ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ, ਤਾਂ ਉਨ੍ਹਾਂ ਦੇ ਕਾਨੂੰਨੀ ਨਾਗਰਿਕ ਰਿਸ਼ਤੇਦਾਰਾਂ ’ਤੇ ਸਿੱਧਾ ਅਸਰ ਪਵੇਗਾ। ਇਸ ਸ਼ਰਤ ਦਾ ਇੱਕ ਸਰਲ ਅਰਥ ਇਹ ਲਿਆ ਜਾ ਸਕਦਾ ਹੈ ਕਿ ਅਮਰੀਕਾ ਵਿਚ ਰਹਿ ਰਹੇ ਇੱਕ ਗੈਰ-ਦਸਤਾਵੇਜ਼ੀ ਪ੍ਰਵਾਸੀ ਦੇ ਅਮਰੀਕੀ ਮੂਲ ਦੇ ਬੱਚੇ, ਇੱਕ ਨਾਗਰਿਕਤਾ ਜੀਵਨ ਸਾਥੀ ਜਾਂ ਕੋਈ ਹੋਰ ਖੂਨ ਦਾ ਰਿਸ਼ਤੇਦਾਰ ਜੇ ਉਹ ਇੱਕ ਅਮਰੀਕੀ ਨਾਗਰਿਕ ਹੈ, ਤਾਂ ਗੈਰ-ਦਸਤਾਵੇਜ਼ਿਤ ਪ੍ਰਵਾਸੀ ਨੂੰ ਲਾਭ ਹੋ ਸਕਦਾ ਹੈ। ਮੌਜੂਦਾ ਪ੍ਰੋਗਰਾਮ ਦੇ ਤਹਿਤ ਹਰ ਸਾਲ 4,000 ਤੱਕ ਗੈਰ-ਦਸਤਾਵੇਜ਼ੀ ਪ੍ਰਵਾਸੀ ਗ੍ਰੀਨ ਕਾਰਡ ਪ੍ਰਾਪਤ ਕਰ ਸਕਦੇ ਹਨ, ਜਿਸ ਨੂੰ ਰਾਸ਼ਟਰਪਤੀ ਬਾਇਡਨ ਵਧਾਉਣ ’ਤੇ ਵਿਚਾਰ ਕਰ ਰਹੇ ਹਨ। ਇਮੀਗ੍ਰੇਸ਼ਨ ਸਮੀਖਿਆ ਪ੍ਰੋਗਰਾਮ ਲਈ ਕਾਰਜਕਾਰੀ ਦਫਤਰ ਦੇ ਤਹਿਤ ਗੈਰ-ਦਸਤਾਵੇਜ਼ ਰਹਿਤ ਪ੍ਰਵਾਸੀ ਜੋ ਦੇਸ਼ ਨਿਕਾਲੇ ਦੀ ਕਾਰਵਾਈ ਦਾ

■ ਬਾਕੀ ਖਬਰ ਸਫਾ 17 ’ਤੇ

# ਡਾ. ਮਨਮੋਹਨ ਸਿੰਘ ਸਮੇਤ 54 ਸੰਸਦ ਮੈਂਬਰ ਰਾਜ ਸਭਾ ਤੋਂ ਸੇਵਾਮੁਕਤ



ਨਵੀਂ ਦਿੱਲੀ, (ਪੰਜਾਬ ਮੇਲ)- ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਮੇਤ ਲਗਪਗ 54 ਸੰਸਦ ਮੈਂਬਰ ਮੰਗਲਵਾਰ ਤੇ ਬੁੱਧਵਾਰ ਨੂੰ ਰਾਜ ਸਭਾ ਤੋਂ ਸੇਵਾਮੁਕਤ ਹੋ ਗਏ ਹਨ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਰਾਜ ਸਭਾ ਵਿਚ 33 ਸਾਲਾ ਲੰਮੀ ਸੰਸਦੀ ਪਾਰੀ ਵੀ 3 ਅਪ੍ਰੈਲ ਨੂੰ ਸਮਾਪਤ ਹੋ ਗਈ। ਉਨ੍ਹਾਂ ਦੀ ਸੇਵਾਮੁਕਤੀ ਦੇ ਨਾਲ ਹੀ ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਪਹਿਲੀ ਵਾਰ ਸੰਸਦ ਦੇ ਉਪਰਲੇ ਸਦਨ ਵਿਚ ਪਹੁੰਚ ਜਾਣਗੇ। ਡਾ. ਮਨਮੋਹਨ ਸਿੰਘ ਕਈ ਦਲੇਰਾਨਾ ਆਰਥਿਕ ਸੁਧਾਰਾਂ ਦੀ ਸ਼ੁਰੂਆਤ ਲਈ ਜਾਣੇ ਜਾਂਦੇ ਹਨ। ਉਹ ਪਹਿਲੀ ਵਾਰ ਅਕਤੂਬਰ 1991 ਵਿਚ ਰਾਜ ਸਭਾ ਮੈਂਬਰ ਬਣੇ ਸਨ।

■ ਬਾਕੀ ਖਬਰ ਸਫਾ 17 ’ਤੇ

# ਬਰਗਾੜੀ ਬੇਅਦਬੀ ਮਾਮਲਾ: ਦੋਸ਼ੀ ਡੇਰਾ ਪ੍ਰੇਮੀ ਪ੍ਰਦੀਪ ਕਲੇਰ ਨੂੰ ਮਿਲੀ ਜ਼ਮਾਨਤ

- ਬੇਅਦਬੀ ਦੇ 3 ਵੱਖ-ਵੱਖ ਮਾਮਲਿਆਂ ’ਚ ਭਗੌੜਾ ਸੀ ਪ੍ਰਦੀਪ ਕਲੇਰ



ਚੰਡੀਗੜ੍ਹ, (ਪੰਜਾਬ ਮੇਲ)- ਤਕਰੀਬਨ 9 ਸਾਲ ਪੁਰਾਣੇ ਬਰਗਾੜੀ ਬੇਅਦਬੀ ਮਾਮਲੇ ’ਚ ਗ੍ਰਿਫ਼ਤਾਰ ਡੇਰਾ ਪ੍ਰੇਮੀ ਪ੍ਰਦੀਪ ਕਲੇਰ ਨੂੰ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਤੋਂ ਜ਼ਮਾਨਤ ਮਿਲ ਗਈ ਹੈ। ਬਚਾਅ ਧਿਰ ਦੇ ਵਕੀਲ ਨੇ ਕਿਹਾ ਕਿ ਮੁਲਜ਼ਮਾਂ ਤੋਂ ਐੱਸ.ਆਈ.ਟੀ. ਪੁੱਛਗਿੱਛ ਕਰ ਚੁੱਕੀ ਹੈ ਅਤੇ ਕੁਝ ਵੀ ਬਰਾਮਦ ਨਹੀਂ ਹੋਇਆ ਹੈ। ਅਜਿਹੇ ਵਿਚ ਉਸ ਨੂੰ ਜੇਲ੍ਹ ਵਿਚ ਰੱਖਣਾ ਠੀਕ ਨਹੀਂ ਹੈ।

ਪੰਜਾਬ ਪੁਲਿਸ ਦੇ ਵਕੀਲ ਨੇ ਦਲੀਲ ਦਿੱਤੀ ਕਿ ਜੇਕਰ ਮੁਲਜ਼ਮ ਨੂੰ ਜ਼ਮਾਨਤ ਮਿਲ ਜਾਂਦੀ ਹੈ, ਤਾਂ ਸੂਬੇ ਦਾ ਕਾਨੂੰਨ ਪ੍ਰਬੰਧ ਪ੍ਰਭਾਵਿਤ ਹੋ ਸਕਦਾ ਹੈ। ਦੋਵੇਂ ਧਿਰਾਂ ਨੂੰ ਸੁਣਨ ਤੋਂ

■ ਬਾਕੀ ਖਬਰ ਸਫਾ 17 ’ਤੇ

APCA is excited to announce its

# 10TH ANNUAL BUYER'S TRADE SHOW IN FRESNO

on

Wednesday, May 8th, 2024

at Industrial Commerce Building

The Big Fresno Fair,

Fresno, CA 93702

## FREE ADMISSION

10 YEARS ANNIVERSARY

APCA

AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

## May 8th, 2024 From 12:30pm to 5:30pm at Industrial Commerce Building, The Big Fresno Fair, Fresno, CA 93702

## ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ

## 10ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ

## 8 ਮਈ 2024, 12.30 ਤੋਂ 5.30 ਵਜੇ ਤੱਕ

ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।

*Special Vendor Deals + New Items*

- 100+Vendor Booths and 600+ Retailers From All Over California.
- Cash Prizes A GRAND PRIZE and free Raffle Prizes are being given Away

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ 10ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 100 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।




Copyright @ Punjab Mail USA

*Live Performance*

## *Harbhajan Mann*

*Venue: PAUL PAUL THEATER*

*1121, S Chance Ave, Fresno, CA 93702*

*Wednesday, May 8th*

*From 6:30pm to 9:00pm*

*FOR FREE TICKET POLICY & PRICING INFORMATION*

- C-STORE OWNERS: BECOME AN APCA MEMBER AND ATTEND SHOW FOR FREE
- EXISTING MEMBERS: ENSURE YOUR 2024 MEMBERSHIP DUES ARE CURRENT
- MULTIPLE STORE OWNERS: ENROLL ALL STORES WITH APCA TO GET TWO ADDITIONAL FREE TICKETS PER STORE
- TO RECEIVE YOUR TWO FREE TICKETS, MUST ATTEND APCA TRADE SHOW ON MAY 8TH AT "THE BIG FRESNO FAIR, FRESNO"
- ADDITIONAL TICKETS: $50 EACH

*Platinum Sponsor*

Flamingo Catering & Banquet Hall

*Media Partners*

PUNJAB MAIL USA TV Channel

Radio Punjab

ਸਾਂਝੀ ਸੋਚ

PTC PUNJABI

*For More Information*

| | | | |
|---|---|---|---|
| ANDY CHHIKARA: 559-259-4006 | BALWINDER SINGH: 559-718-9339 | PUNEET BAINS: 559-347-7728 | ROCKY MALHI: 916-792-8023 |
| JASBIR SARAI: 209-675-0866 | AMRIT DHALIWAL: 209-598-6980 | PAUL HAYER: 707-290-8530 | KEWAL KRISHAN: 510-290-7144 |

# ਮੈਕਸੀਕੋ ਤੋਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰਦਿਆਂ 8 ਲੋਕਾਂ ਦੀ ਹੋਈ ਮੌਤ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਭਾਰਤੀਆਂ ਵਾਂਗ ਮੈਕਸੀਕੋ ਸਰਹੱਦ ਪਾਰ ਕਰਕੇ ਅਮਰੀਕਾ ਵਿਚ ਦਾਖ਼ਲ ਹੋਣ ਵਾਲੇ ਚੀਨੀ ਲੋਕਾਂ ਦੀ ਗਿਣਤੀ ਪਿਛਲੇ ਤਿੰਨ ਸਾਲਾਂ ਵਿਚ ਕਾਫ਼ੀ ਵਧੀ ਹੈ। ਹੁਣ ਅੱਠ ਚੀਨੀ ਨਾਗਰਿਕ ਇੱਕ ਕਿਸ਼ਤੀ ਵਿਚ ਮੈਕਸੀਕੋ ਤੋਂ ਅਮਰੀਕਾ ਲਈ ਰਵਾਨਾ ਹੋਏ ਸਨ ਪਰ ਮੈਕਸੀਕੋ ਦੇ ਓਕਸਾਕਾ ਰਾਜ ਵਿਚ ਉਨ੍ਹਾਂ ਦੀ ਕਿਸ਼ਤੀ ਡੁੱਬਣ ਦੇ ਨਾਲ ਉਨ੍ਹਾਂ ਦੀ ਮੌਤ ਹੋ ਗਈ। ਇਨ੍ਹਾਂ ਸਾਰੇ ਲੋਕਾਂ ਦੀਆਂ ਲਾਸ਼ਾਂ ਮੈਕਸੀਕੋ ਤੋਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਪਹੁੰਚਣ ਲਈ ਉਸੇ ਰਸਤੇ ਤੋਂ ਮਿਲੀਆਂ ਸਨ। ਇਸ ਘਟਨਾ ਵਿਚ ਮਾਰੇ ਗਏ ਲੋਕਾਂ ਵਿਚ ਸੱਤ ਔਰਤਾਂ ਅਤੇ ਇੱਕ ਮਰਦ ਸ਼ਾਮਲ ਸਨ, ਜੋ ਗੁਆਟੇਮਾਲਾ ਦੀ ਸਰਹੱਦ ਨੇੜੇ ਚਿਆਪਾਸ ਰਾਜ ਤੋਂ ਨਿਕਲਣ ਵਾਲੀ ਮੈਕਸੀਕਨ ਦੁਆਰਾ ਸੰਚਾਲਿਤ ਕਿਸ਼ਤੀ ਵਿਚ ਸਵਾਰ ਸਨ। ਹਾਦਸੇ ਦਾ ਸ਼ਿਕਾਰ ਹੋਈ ਕਿਸ਼ਤੀ 'ਚ ਡਰਾਈਵਰ ਸਮੇਤ ਕੁੱਲ 10 ਲੋਕ ਸਵਾਰ ਸਨ। ਜਿਸ 'ਚ ਇਕ ਵਿਅਕਤੀ ਨੂੰ ਬਚਾ ਲਿਆ ਗਿਆ ਹੈ ਪਰ ਕਿਸ਼ਤੀ ਚਾਲਕ ਨਾਲ ਕੀ ਹੋਇਆ, ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਸਕੀ ਹੈ। ਮੈਕਸੀਕਨ ਰਾਜ ਓਆਕਸਾਕਾ ਦੇ ਸਰਕਾਰੀ ਵਕੀਲ ਦੇ ਦਫਤਰ ਦੇ ਅਨੁਸਾਰ, ਸਾਰੇ ਚੀਨੀ ਨਾਗਰਿਕਾਂ ਦੀਆਂ ਲਾਸ਼ਾਂ ਬੀਚ ਟਾਊਨ ਪਲੇਆ ਵਿਸੇਂਟੇ ਦੇ ਤੱਟ ਤੋਂ ਮਿਲੀਆਂ ਹਨ। ਉਨ੍ਹਾਂ ਨੂੰ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਲੈ ਕੇ ਜਾ ਰਹੀ ਕਿਸ਼ਤੀ ਦੇ ਡੁੱਬਣ ਦੇ ਕਾਰਨਾਂ ਦਾ ਪਤਾ ਲਗਾਉਣ ਤੋਂ ਇਲਾਵਾ ਇਸ ਘਟਨਾ 'ਚ ਮਰਨ ਵਾਲੇ ਚੀਨੀ ਨਾਗਰਿਕਾਂ ਦੀ ਪਛਾਣ ਕਰਨ ਲਈ ਮੈਕਸੀਕੋ ਸਥਿਤ ਚੀਨੀ ਦੂਤਾਵਾਸ ਨਾਲ ਵੀ ਸੰਪਰਕ ਕੀਤਾ ਗਿਆ ਹੈ। ਗੁਜਰਾਤੀ ਅਤੇ ਪੰਜਾਬੀ ਲੋਕ ਸਿੱਧੇ ਮੈਕਸੀਕੋ ਜਾਂ ਇਸ ਦੇ ਆਸ-ਪਾਸ ਦੇ ਦੇਸ਼ਾਂ ਵਿਚ ਪਹੁੰਚ ਕੇ ਬਾਈ ਰੋਡ ਬਾਰਡਰ 'ਤੇ ਪਹੁੰਚ ਜਾਂਦੇ ਹਨ, ਇਸ ਦੇ ਉਲਟ ਬਹੁਤ ਸਾਰੇ ਚੀਨੀ ਲੋਕ ਗੁਆਟੇਮਾਲਾ ਬਾਰਡਰ ਤੋਂ ਕਿਸ਼ਤੀ ਲੈ ਕੇ ਚਿਆਪਾਸ ਤੋਂ ਓਕਸਾਕਾ ਜਾਂਦੇ ਹਨ ਅਤੇ ਉਥੋਂ ਕਈ ਚੀਨੀ ਵੀ ਕਿਸ਼ਤੀ ਰਾਹੀਂ ਅਮਰੀਕਾ ਦੇ ਕੈਲੀਫੋਰਨੀਆ ਵਿਖੇ ਪਹੁੰਚ ਜਾਂਦੇ ਹਨ। ਇਹ ਰਸਤਾ ਸੜਕ ਨਾਲੋਂ ਮੁਕਾਬਲਤਨ ਬਹੁਤ ਛੋਟਾ ਹੈ, ਪਰ ਇਸ ਨੂੰ ਬਹੁਤ ਖਤਰਨਾਕ ਵੀ ਮੰਨਿਆ ਜਾਂਦਾ ਹੈ। ਇਸ ਦੇ ਲਈ ਘੰਟਿਆਂ ਬੱਧੀ ਛੋਟੀਆਂ ਕਿਸ਼ਤੀਆਂ ਵਿਚ ਸਵਾਰੀ ਕਰਨੀ ਪੈਂਦੀ ਹੈ ਅਤੇ ਬਹੁਤੀ ਵਾਰ ਅਜਿਹੀਆਂ ਕਿਸ਼ਤੀਆਂ ਵਿਚ ਸਮਰੱਥਾ ਤੋਂ ਵੱਧ ਲੋਕ ਲੱਦਦੇ ਹਨ। ਬਹੁਤੀ ਵਾਰ ਅਜਿਹੀਆਂ ਕਿਸ਼ਤੀਆਂ ਰਾਤ ਦੇ ਹਨੇਰੇ ਵਿਚ ਅਮਰੀਕਾ ਲਈ ਰਵਾਨਾ ਹੁੰਦੀਆਂ ਹਨ।

ਪਿਛਲੇ ਸਾਲ ਹੀ ਲਗਭਗ 37,000 ਚੀਨੀ ਨਾਗਰਿਕਾਂ ਨੂੰ ਅਮਰੀਕਾ-ਮੈਕਸੀਕੋ ਸਰਹੱਦ ਤੋਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਗ੍ਰਿਫਤਾਰ ਕੀਤਾ ਗਿਆ ਸੀ। ਭਾਰਤ ਤੋਂ ਅਮਰੀਕਾ ਜਾਣ ਵਾਲੇ ਲੋਕਾਂ ਦੇ ਮੁਕਾਬਲੇ ਇਹ ਗਿਣਤੀ ਬਹੁਤ ਘੱਟ ਹੈ, ਪਰ ਮੈਕਸੀਕੋ ਸਰਹੱਦ 'ਤੇ ਫੜੇ ਗਏ ਚੀਨੀ ਲੋਕਾਂ ਦੀ ਗਿਣਤੀ ਵਧ ਰਹੀ ਹੈ। ਚੀਨ ਛੱਡ ਕੇ ਅਮਰੀਕਾ ਆਉਣ ਵਾਲੇ ਲੋਕ ਇਹ ਦਾਅਵਾ ਕਰਦੇ ਹੋਏ ਆਤਮ ਸਮਰਪਣ ਦੀ ਮੰਗ ਕਰ ਰਹੇ ਹਨ ਕਿ ਉਹ ਚੀਨ ਵਿਚ ਸੁਰੱਖਿਅਤ ਨਹੀਂ ਹਨ ਅਤੇ ਸਰਕਾਰ ਉਨ੍ਹਾਂ ਨੂੰ ਲੋਹੇ ਦੇ ਪੰਜੇ ਹੇਠ ਦੱਬ ਰਹੀ ਹੈ। ਹਾਲਾਂਕਿ, ਜੇਕਰ ਕਿਸੇ ਚੀਨੀ ਨੂੰ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਣ 'ਤੇ ਦੇਸ਼ ਨਿਕਾਲੇ ਦਾ ਹੁਕਮ ਦਿੱਤਾ ਜਾਂਦਾ ਹੈ, ਤਾਂ ਉਸ ਨੂੰ ਚੀਨ ਨਹੀਂ ਭੇਜਿਆ ਜਾ ਸਕਦਾ, ਕਿਉਂਕਿ ਚੀਨੀ ਸਰਕਾਰ ਅਜਿਹੇ ਨਾਗਰਿਕਾਂ ਨੂੰ ਸਵੀਕਾਰ ਨਹੀਂ ਕਰਦੀ ਹੈ ਅਤੇ ਅਜਿਹੇ ਮਾਮਲਿਆਂ ਵਿਚ ਦੇਸ਼ ਨਿਕਾਲੇ ਦੇ ਹੁਕਮਾਂ ਤੋਂ ਬਾਅਦ ਵੀ ਚੀਨੀ ਲੋਕ ਅਮਰੀਕਾ ਵਿਚ ਹੀ ਰਹਿੰਦੇ ਹਨ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਭਾਰਤੀ ਚੋਣ ਕਮਿਸ਼ਨ ਦੀ ਟੀਮ ਨੂੰ ਦਿਵਾਇਆ ਭਰੋਸਾ; ਸੁਤੰਤਰ ਅਤੇ ਨਿਰਪੱਖ ਚੋਣਾਂ ਕਰਵਾਉਣ ਲਈ ਪੰਜਾਬ ਭਰ 'ਚ ਵਧਾਈ ਚੌਕਸੀ

- **ਲੋਕ ਸਭਾ ਚੋਣਾਂ ਦੀ ਤਿਆਰੀ ਦੀ ਸਮੀਖਿਆ ਲਈ ਕਮਿਸ਼ਨ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਅਧਿਕਾਰੀਆਂ ਨਾਲ ਕੀਤੀ ਅੰਤਰ-ਰਾਜੀ ਮੀਟਿੰਗ**






**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤੀ ਚੋਣ ਕਮਿਸ਼ਨ ਦੀ ਟੀਮ ਵੱਲੋਂ ਉਪ ਚੋਣ ਕਮਿਸ਼ਨਰ ਹਿਰਦੇਸ਼ ਕੁਮਾਰ ਅਤੇ ਅਜੇ ਭਾਦੂ ਦੀ ਅਗਵਾਈ ਵਿਚ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਉੱਚ ਪ੍ਰਸ਼ਾਸਨਿਕ ਅਧਿਕਾਰੀਆਂ, ਪੁਲਿਸ ਅਧਿਕਾਰੀਆਂ, ਵੱਖ-ਵੱਖ ਵਿਭਾਗਾਂ ਦੇ ਨੋਡਲ ਅਫ਼ਸਰਾਂ ਅਤੇ ਇਨਕਮ ਟੈਕਸ, ਈ.ਡੀ., ਕਸਟਮਜ਼ ਸਮੇਤ ਇਨਫੋਰਸਮੈਂਟ ਏਜੰਸੀਆਂ ਦੇ ਸੀਨੀਅਰ ਅਧਿਕਾਰੀਆਂ ਨਾਲ ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਚੋਣ ਪ੍ਰਬੰਧਾਂ ਤੇ ਕਾਨੂੰਨ ਵਿਵਸਥਾ ਦੇ ਤਾਲਮੇਲ ਦੀ ਸਮੀਖਿਆ ਕਰਨ ਲਈ ਅੰਤਰ-ਰਾਜੀ ਮੀਟਿੰਗ ਕੀਤੀ ਗਈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਮੀਟਿੰਗ ਦੌਰਾਨ ਕਮਿਸ਼ਨ ਦੀ ਟੀਮ ਨੇ ਸੂਬੇ ਦੀਆਂ ਚੋਣ ਟੀਮਾਂ ਅਤੇ ਸਬੰਧਤ ਏਜੰਸੀਆਂ ਨੂੰ ਸਰਹੱਦਾਂ 'ਤੇ ਚੌਕਸੀ ਵਧਾਉਣ ਦੇ ਨਿਰਦੇਸ਼ ਦਿੱਤੇ। ਇਸ ਦੌਰਾਨ ਸੂਬੇ ਦੇ ਅਧਿਕਾਰੀਆਂ ਨੇ ਚੋਣ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਅੰਤਰਰਾਜੀ ਤਾਲਮੇਲ ਨੂੰ ਹੋਰ ਮਜ਼ਬੂਤ ਕਰਨ ਦਾ ਭਰੋਸਾ ਦਿੱਤਾ। ਕਮਿਸ਼ਨ ਦੀ ਟੀਮ ਨੇ ਵਿਸ਼ੇਸ਼ ਤੌਰ 'ਤੇ ਗੁਆਂਢੀ ਰਾਜਾਂ ਦੀਆਂ ਅੰਤਰਰਾਜੀ ਚੈੱਕ ਪੋਸਟਾਂ 'ਤੇ ਹੋਰ ਚੌਕਸੀ ਦੀ ਲੋੜ 'ਤੇ ਜ਼ੋਰ ਦਿੱਤਾ, ਤਾਂ ਜੋ ਗੈਰ-ਕਾਨੂੰਨੀ ਨਕਦੀ, ਸ਼ਰਾਬ, ਨਸ਼ੀਲੇ ਪਦਾਰਥਾਂ ਜਾਂ ਮੁਫਤ ਦੀਆਂ ਚੀਜ਼ਾਂ ਦੀ ਸਰਹੱਦ ਪਾਰ ਤੋਂ ਰੋਕ ਨੂੰ ਯਕੀਨੀ ਬਣਾਇਆ ਜਾ ਸਕੇ।

ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਕਮਿਸ਼ਨ ਦੀ ਟੀਮ ਨੂੰ ਜਾਣਕਾਰੀ ਦਿੱਤੀ ਕਿ ਸੂਬੇ ਵਿਚ ਸੁਤੰਤਰ ਅਤੇ ਨਿਰਪੱਖ ਚੋਣਾਂ ਕਰਵਾਉਣ ਲਈ ਅਧਿਕਾਰੀਆਂ ਨੂੰ ਨਾਲ ਲੱਗਦੇ ਸਰਹੱਦੀ ਰਾਜਾਂ ਦੇ ਸਹਿਯੋਗ ਨਾਲ ਗੈਰ ਕਾਨੂੰਨੀ ਸਮਾਨ ਦੀਆਂ ਜ਼ਬਤੀਆਂ ਵਧਾਉਣ ਅਤੇ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਗਿਆ ਹੈ। ਉੱਥੇ ਹੀ ਕਮਿਸ਼ਨ ਦੀ ਟੀਮ ਨੇ ਵਿਸ਼ੇਸ਼ ਤੌਰ 'ਤੇ ਪੁਲਿਸ ਅਤੇ ਸੀ.ਆਰ.ਪੀ.ਐੱਫ. ਦੀਆਂ ਟੀਮਾਂ ਨੂੰ ਸਖ਼ਤ ਨਿਗਰਾਨੀ ਰੱਖਣ ਅਤੇ ਨਸ਼ਿਆਂ ਨੂੰ ਰੋਕਣ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ। ਇਸ ਦੌਰਾਨ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਕਮਿਸ਼ਨ ਦੀ ਟੀਮ ਨੂੰ ਯਕੀਨ ਦਿਵਾਇਆ ਕਿ ਸੂਬੇ ਵਿੱਚ ਸੁਤੰਤਰ ਅਤੇ ਨਿਰਪੱਖ ਚੋਣਾਂ ਕਰਵਾਉਣ ਲਈ ਚੌਕਸੀ ਵਧਾ ਦਿੱਤੀ ਗਈ ਹੈ ਅਤੇ ਯੋਗ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।


Global Allianz
LAW FIRM LLP
ਕਾਨੂੰਨੀ ਸਲਾਹਾਂ



- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ



Asylum & Deportation Defense

Atul Kapoor
C.E.O

Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਕੈਨੇਡਾ 'ਚ ਨਸ਼ਾ ਸਮੱਗਲਿੰਗ ਦੇ ਨੈੱਟਵਰਕ ਦਾ ਪਰਦਾਫਾਸ਼; 3 ਪੰਜਾਬੀ ਕਾਬੂ ਤੇ ਇਕ ਫਰਾਰ

**ਐਡਮਿੰਟਨ, (ਪੰਜਾਬ ਮੇਲ)**-ਐਡਮਿੰਟਨ ਪੁਲਿਸ ਨੇ ਤਿੰਨ ਪੰਜਾਬੀਆਂ ਨੂੰ ਨਸ਼ਾ ਸਮੱਗਲਿੰਗ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਹੈ, ਜਦਕਿ ਚੌਥੇ ਦੀ ਭਾਲ ਕੀਤੀ ਜਾ ਰਹੀ ਹੈ। ਐਡਮਿੰਟਨ ਪੁਲਿਸ ਨੇ ਦੱਸਿਆ ਕਿ ਤਕਰੀਬਨ ਢਾਈ ਲੱਖ ਡਾਲਰ ਦਾ ਨਸ਼ਾ ਬਰਾਮਦ ਕਰਦਿਆਂ 22 ਸਾਲ ਦੇ ਹਰਸ਼ਦੀਪ ਸਿੰਘ ਸੋਹਲ, 20 ਸਾਲ ਦੇ ਪ੍ਰਭਜੋਤ ਸਿੰਘ ਅਟਵਾਲ ਅਤੇ 20 ਸਾਲ ਦੇ ਹਰਮਨ ਸੰਧੂ ਵਿਰੁੱਧ ਵੱਖ-ਵੱਖ ਦੋਸ਼ ਆਇਦ ਕੀਤੇ ਗਏ ਹਨ, ਜਦਕਿ 36 ਸਾਲ ਦਾ ਜੌਹਨਪ੍ਰੀਤ ਸਿੰਘ ਕੰਗ ਫਰਾਰ ਹੈ। ਪੁਲਿਸ ਮੁਤਾਬਕ ਨਸ਼ਾ ਸਮੱਗਲਿੰਗ ਦੇ ਨੈੱਟਵਰਕ ਦਾ



ਪਰਦਾਫਾਸ਼ ਕਰਨ ਲਈ ਨਵੰਬਰ 2023 ਵਿਚ ਪੜਤਾਲ ਆਰੰਭੀ ਗਈ। ਇਸ ਦੌਰਾਨ ਸ਼ੱਕੀਆਂ ਦੀ ਪਛਾਣ ਕਰਦਿਆਂ ਕਈ ਰਿਹਾਇਸ਼ੀ ਟਿਕਾਣਿਆਂ 'ਤੇ ਛਾਪੇ ਮਾਰੇ ਗਏ। ਜਾਂਚਕਰਤਾਵਾਂ ਨੇ 1 ਲੱਖ 76 ਹਜ਼ਾਰ ਡਾਲਰ ਮੁੱਲ ਦੀ ਦੋ ਕਿਲੋ ਤੋਂ ਵੱਧ ਕੋਕੀਨ, 27,500 ਡਾਲਰ ਮੁੱਲ ਦੀ 450 ਗ੍ਰਾਮ ਮੈਥਮਫੈਟਾਮਿਨ ਅਤੇ 13 ਹਜ਼ਾਰ ਡਾਲਰ ਮੁੱਲ ਦੀ 85 ਗ੍ਰਾਮ ਫੈਂਟਾਨਿਲ ਤੋਂ ਇਲਾਵਾ ਸਾਢੇ ਪੰਜ ਹਜ਼ਾਰ ਡਾਲਰ ਮੁੱਲ ਦੀ 65 ਗ੍ਰਾਮ ਕਰੈਕ ਕੋਕੀਨ ਅਤੇ ਇਕ ਹਜ਼ਾਰ ਤੋਂ ਵੱਧ ਨਸ਼ੇ ਦੀਆਂ ਗੋਲੀਆਂ ਬਰਾਮਦ ਕੀਤੀਆਂ, ਜਿਨ੍ਹਾਂ ਦੀ ਅੰਦਾਜ਼ਨ ਕੀਮਤ ਪੰਜ ਹਜ਼ਾਰ ਡਾਲਰ ਬਣਦੀ ਹੈ। ਐਡਮਿੰਟਨ ਪੁਲਿਸ ਦੀ ਸਾਊਥ ਵੈਸਟ ਬ੍ਰਾਂਚ ਦੀ ਸਪੈਸ਼ਲ ਪ੍ਰੋਜੈਕਟ ਟੀਮ ਦੇ ਸਾਰਜੈਂਟ ਇਆਨ ਵਿਕਰ ਨੇ ਕਿਹਾ ਕਿ ਨਸ਼ਾ ਤਸਕਰੀ ਦਾ ਸਾਡੀ ਕਮਿਊਨਿਟੀ 'ਤੇ ਬੇਹੱਦ ਮਾੜਾ ਅਸਰ ਪੈਂਦਾ ਹੈ। ਨਸ਼ਾ ਵੇਚਣ ਵਾਲੇ ਪੂਰੇ ਸ਼ਹਿਰ ਦਾ ਗੇੜਾ ਲਾਉਂਦੇ ਹਨ ਅਤੇ ਨਸ਼ੇ ਦੇ ਆਦੀ ਲੋਕਾਂ ਨੂੰ ਇਹ ਚੀਜ਼ਾਂ ਵੇਚੀਆਂ ਜਾਂਦੀਆਂ ਹਨ।

## ਭਾਰਤੀ-ਅਮਰੀਕੀ ਪਵਨ ਦਾਵਲੁਰੀ ਮਾਈਕ੍ਰੋਸਾਫਟ ਵਿੰਡੋਜ਼ ਦੇ ਨਵੇਂ ਮੁਖੀ ਨਿਯੁਕਤ

**ਵਾਸ਼ਿੰਗਟਨ, (ਪੰਜਾਬ ਮੇਲ)**- ਭਾਰਤੀ-ਅਮਰੀਕੀ ਪਵਨ ਦਾਵਲੁਰੀ ਨੂੰ ਮਾਈਕ੍ਰੋਸਾਫਟ ਦੇ ਆਪਰੇਟਿੰਗ ਸਿਸਟਮ ਵਿੰਡੋਜ਼ ਅਤੇ ਸਰਫੇਸ ਡਵੀਜ਼ਨਾਂ ਦਾ ਨਵਾਂ ਮੁਖੀ ਨਿਯੁਕਤ ਕੀਤਾ ਗਿਆ ਹੈ। ਕੰਪਨੀ ਨੇ ਪਵਨ ਦਾਵਲੁਰੀ ਨੂੰ ਪਨੋਸ ਪਨਯ ਦੀ ਥਾਂ 'ਤੇ ਨਿਯੁਕਤ ਕੀਤਾ ਹੈ। ਪਵਨ ਨੇ ਪਿਛਲੇ ਸਾਲ ਐਮਾਜ਼ਾਨ ਨਾਲ ਜੁੜਨ ਲਈ ਮਾਈਕ੍ਰੋਸਾਫਟ ਦੇ ਵਿੰਡੋਜ਼ ਮੁਖੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਦੋਂ ਤੋਂ ਇਹ ਅਹੁਦਾ ਖਾਲੀ ਪਿਆ ਸੀ। ਹੁਣ ਪਵਨ ਨੂੰ ਮਾਈਕ੍ਰੋਸਾਫਟ ਵੱਲੋਂ ਇਸ ਅਹੁਦੇ 'ਤੇ ਨਿਯੁਕਤ



ਕੀਤਾ ਗਿਆ ਹੈ। ਪਵਨ ਦਾਵਲੁਰੀ ਭਾਰਤ ਦੇ ਮਦਰਾਸ ਨਾਲ ਸਬੰਧ ਰੱਖਦੇ ਹਨ। ਪਵਨ ਮਾਈਕ੍ਰੋਸਾਫਟ ਵਿਚ 23 ਸਾਲਾਂ ਤੋਂ ਵੱਧ ਸਮੇਂ ਤੋਂ ਕੰਮ ਕਰ ਰਹੇ ਹਨ। 1999 ਵਿਚ ਯੂਨੀਵਰਸਿਟੀ ਆਫ ਮੈਰੀਲੈਂਡ ਤੋਂ ਐੱਮ.ਐੱਸ. ਕਰਨ ਤੋਂ ਬਾਅਦ ਪਵਨ 2001 ਵਿਚ ਮਾਈਕ੍ਰੋਸਾਫਟ ਵਿਚ ਭਰੋਸੇਯੋਗਤਾ ਕੰਪੋਨੈਂਟ ਮੈਨੇਜਰ ਵਜੋਂ ਸ਼ਾਮਲ ਹੋਏ ਸਨ। ਆਪਣੀ ਨਵੀਨਤਮ ਨਿਯੁਕਤੀ ਤੋਂ ਪਹਿਲਾਂ, ਪਵਨ ਵਿੰਡੋਜ਼ ਸਿਲੀਕਾਨ ਅਤੇ ਸਿਸਟਮ ਏਕੀਕਰਨ ਦੇ ਕਾਰਪੋਰੇਟ ਉਪ ਪ੍ਰਧਾਨ ਦੀਆਂ ਜ਼ਿੰਮੇਵਾਰੀਆਂ ਸੰਭਾਲ ਰਹੇ ਸਨ।

## ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਵਿਚ 1 ਜੂਨ ਨੂੰ ਛੁੱਟੀ ਦਾ ਐਲਾਨ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਸੂਬੇ ਵਿਖੇ 1 ਜੂਨ 2024 (ਸ਼ਨਿੱਚਰਵਾਰ) ਨੂੰ ਪੈਣ ਵਾਲੀਆਂ ਲੋਕ ਸਭਾ ਦੀਆਂ ਵੋਟਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵੱਲੋਂ ਸੂਬੇ ਵਿਖੇ ਸਥਿਤ ਸਰਕਾਰੀ ਦਫ਼ਤਰਾਂ/ ਬੋਰਡਾਂ/ ਕਾਰਪੋਰੇਸ਼ਨਾਂ/ ਵਿਦਿਅਕ ਅਦਾਰਿਆਂ ਲਈ 1 ਜੂਨ ਦੀ ਗਜ਼ਟਿਡ ਛੁੱਟੀ ਹੋਵੇਗੀ। ਇਹ ਛੁੱਟੀ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ-1881 ਅਧੀਨ ਵੀ ਐਲਾਨੀ ਗਈ ਹੈ। ਸਰਕਾਰੀ ਬੁਲਾਰੇ ਵੱਲੋਂ ਅੱਜ ਇੱਥੇ ਦਿੱਤੀ ਜਾਣਕਾਰੀ ਅਨੁਸਾਰ ਵੋਟ ਪਾਉਣ ਲਈ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 135 ਬੀ (1) ਤਹਿਤ 1 ਜੂਨ ਨੂੰ ਪੇਡ (ਅਦਾਇਗੀਯੋਗ) ਛੁੱਟੀ ਰਹੇਗੀ। ਇਹ ਛੁੱਟੀ ਕਿਸੇ ਵੀ ਬਿਜ਼ਨਸ, ਵਪਾਰ, ਉਦਯੋਗ ਜਾਂ ਕਿਸੇ ਵੀ ਹੋਰ ਸੰਸਥਾ ਵਿਚ ਕੰਮ ਕਰਦੇ ਸਾਰੇ ਕਰਮਚਾਰੀਆਂ ਲਈ ਐਲਾਨੀ ਗਈ ਹੈ।






# ਟੋਰਾਂਟੋ ਏਅਰਪੋਰਟ ’ਤੇ ਪੀ.ਆਈ.ਏ. ਦੀ ਏਅਰ ਹੋਸਟੈੱਸ ਗ੍ਰਿਫਤਾਰ

■ ਗੈਰ-ਕਾਨੂੰਨੀ ਪਾਸਪੋਰਟ ਵੀ ਮਿਲਿਆ




**ਟੋਰਾਂਟੋ, (ਰਾਜ ਗੋਗਨਾ/ਪੰਜਾਬ ਮੇਲ)-** ਬੀਤੇ ਦਿਨੀਂ ਪਾਕਿਸਤਾਨ ਦੀ ਸਰਕਾਰੀ ਏਅਰਲਾਈਨ ਪੀ.ਆਈ.ਏ. (ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼) ਦੀ ਇੱਕ ਏਅਰ ਹੋਸਟੈੱਸ ਨੂੰ ਟੋਰਾਂਟੋ ਕੈਨੇਡਾ ਦੇ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਕੋਲੋਂ ਅੰਤਰਰਾਸ਼ਟਰੀ ਯਾਤਰਾ ਲਈ ਯੋਗ ਨਾ ਹੋਣ ਵਾਲੇ ਪਾਸਪੋਰਟ ਬਰਾਮਦ ਕੀਤੇ ਗਏ ਹਨ। ਪਾਕਿਸਤਾਨੀ ਅਖਬਾਰ ਦੀ ਰਿਪੋਰਟ ਦੇ ਮੁਤਾਬਕ, ਫਲਾਈਟ ’ਚ ਪੀ.ਆਈ.ਏ. ਦੀ ਏਅਰ ਹੋਸਟਲ ਹਿਨਾ ਸਾਨੀ ਦੇ ਨਾਲ ਚਾਲਕ ਦਲ ਦੇ ਸੱਤ ਹੋਰ ਮੈਂਬਰ ਵੀ ਸਨ। ਕੈਨੇਡੀਅਨ ਅਧਿਕਾਰੀਆਂ ਨੇ ਇਨ੍ਹਾਂ ਸਾਰੇ ਅਮਲੇ ਦੇ ਮੈਂਬਰਾਂ ਨੂੰ ਨੋ ਫਲਾਈ ਅਮਲੇ ਦੀ ਸੂਚੀ ਵਿਚ ਰੱਖਿਆ ਸੀ। ਹਾਲਾਂਕਿ ਇਨ੍ਹਾਂ ਸਾਰੇ ਮੈਂਬਰਾਂ ਨੇ ਡੀ.ਜੀ.ਐੱਮ. ਫਲਾਈਟ ਸਰਵਿਸਿਜ਼ ਤੋਂ ਵਿਸ਼ੇਸ਼ ਇਜਾਜ਼ਤ ਲਈ ਸੀ, ਜੋ ਕਿ ਨਿਸ਼ਚਿਤ ਨਿਯਮਾਂ ਦਾ ਹਵਾਲਾ ਸੀ। ਏਅਰ ਹੋਸਟੈਸ ਦੀ ਗ੍ਰਿਫਤਾਰੀ ਤੋਂ ਬਾਅਦ ਪੀ.ਆਈ.ਏ. ਦੇ ਬੁਲਾਰੇ ਨੇ ਕਿਹਾ ਹੈ ਕਿ ਏਅਰਲਾਈਨ ਨੂੰ ਇਸ ਮਾਮਲੇ ਦੀ ਜਾਣਕਾਰੀ ਮਿਲੀ ਹੈ ਅਤੇ ਅਸੀਂ ਕੈਨੇਡੀਅਨ ਅਧਿਕਾਰੀਆਂ ਨਾਲ ਸਹਿਯੋਗ ਕਰ ਰਹੇ ਹਾਂ। ਏਅਰਲਾਈਨਾਂ ਸਾਰੀਆਂ ਕਾਨੂੰਨੀ ਪ੍ਰਕਿਰਿਆਵਾਂ ਦੀ ਪਾਲਣਾ ਕਰਨ ਲਈ ਵਚਨਬੱਧ ਹਨ। ਕੈਨੇਡਾ ’ਚ ਫੜੀ ਗਈ ਏਅਰ ਹੋਸਟੈੱਸ ਹਿਨਾ ਸਾਨੀ ਇਸ ਤੋਂ ਪਹਿਲਾਂ ਵੀ ਗੈਰ-ਕਾਨੂੰਨੀ ਸਮਾਨ ਦੀ ਤਸਕਰੀ ਕਰਦੀ ਰਹੀ ਹੈ। ਇਸ ਦੇ ਲਈ ਉਸ ਨੂੰ ਪਹਿਲਾਂ ਵੀ ਕੈਨੇਡਾ ’ਚ ਹਿਰਾਸਤ ’ਚ ਲਿਆ ਗਿਆ ਸੀ। ਪੀ.ਆਈ.ਏ. ਦਾ ਨਾਂ ਆਪਣੀਆਂ ਏਅਰ ਹੋਸਟੈੱਸਾਂ ਦੇ ਕਾਰਨਾਮੇ ਕਾਰਨ ਕੌਮਾਂਤਰੀ ਪੱਧਰ ’ਤੇ ਖਰਾਬ ਹੋ ਚੁੱਕਾ ਹੈ। ਪਿਛਲੇ ਮਹੀਨੇ ਪੀ.ਆਈ.ਏ. ਦੀ ਏਅਰ ਹੋਸਟੈੱਸ ਮਰੀਅਮ ਰਜ਼ਾ ਡਿਊਟੀ ’ਤੇ ਫਲਾਈਟ ’ਤੇ ਟੋਰਾਂਟੋ ਪਹੁੰਚੀ ਸੀ ਅਤੇ ਉਸ ਨੇ ਅਗਲੇ ਦਿਨ ਵਾਪਸ ਆਉਣਾ ਸੀ ਪਰ ਹੋਟਲ ਤੋਂ ਗਾਇਬ ਹੋ ਗਈ ਸੀ। ਇਸੇ ਤਰ੍ਹਾਂ 2022 ਵਿਚ ਵੀ ਇੱਕ ਏਅਰ ਹੋਸਟੈਸ ਕੈਨੇਡਾ ਪਹੁੰਚ ਕੇ ਪਾਕਿਸਤਾਨ ਨਹੀਂ ਪਰਤੀ। ਫਰਾਂਸ ’ਚ ਇਕ ਹੋਰ ਏਅਰ ਹੋਸਟੈੱਸ ਦੁਕਾਨ ਤੋਂ ਚੋਰੀ ਕਰਦੀ ਫੜੀ ਗਈ ਸੀ।

# ਨਿਊਯਾਰਕ ਸਿਵਲ ਫਰਾਡ ਕੇਸ ’ਚ ਟਰੰਪ ਨੇ ਭਰਿਆ 175 ਮਿਲੀਅਨ ਡਾਲਰ ਦਾ ਬਾਂਡ



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ 175 ਮਿਲੀਅਨ ਡਾਲਰ ਦਾ ਅਦਾਲਤ ਨੇ ਬਾਂਡ ਪੋਸਟ ਕੀਤਾ ਹੈ ਕਿਉਂਕਿ ਉਸ ਨੂੰ ਅਦਾਲਤ ਨੇ ਰਾਜ ਦੇ ਅਟਾਰਨੀ ਜਨਰਲ ਲੈਟੀਆ ਜੇਮਸ ਦੁਆਰਾ ਲਿਆਂਦੇ ਗਏ ਨਿਊਯਾਰਕ ਸਿਵਲ ਧੋਖਾਧੜੀ ਦੇ ਕੇਸ ’ਚ ਆਪਣੇ ਵਿਰੁੱਧ ਫੈਸਲੇ ਦੀ ਟਰੰਪ ਨੇ ਅਪੀਲ ਕੀਤੀ ਸੀ। ਟਰੰਪ ਦਾ ਬਾਂਡ ਕਿਸੇ ਵੀ ਕਾਰਵਾਈ ਨੂੰ ਹੁਣ ਰੋਕ ਸਕਦਾ ਹੈ। ਰਾਜ ਦੇ ਜਨਰਲ ਅਟਾਰਨੀ ਜੇਮਜ਼ ਦੇ ਫੈਸਲੇ ਦੇ ਜਵਾਬ ਵਿਚ ਟਰੰਪ ਦੀਆਂ ਜਾਇਦਾਦਾਂ ਦੇ ਵਿਰੁੱਧ ਕਰ ਸਕਦੀ ਸੀ। ਘੱਟੋ-ਘੱਟ ਸਤੰਬਰ ਤੱਕ, ਜਦੋਂ ਰਾਜ ਦੀ ਅਪੀਲ ਅਦਾਲਤ ਨੇ ਉਸ ਦੇ ਖਿਲਾਫ 464 ਮਿਲੀਅਨ ਡਾਲਰ ਦੇ ਫੈਸਲੇ ਦੀ ਉਸਦੀ ਅਪੀਲ ਸੁਣਨ ਲਈ ਇੱਕ ਸਮਾਂ-ਸੂਚੀ ਵੀ ਤੈਅ ਅਤੇ ਜਾਰੀ ਕੀਤੀ ਸੀ। ਇਸ ਬਾਂਡ ਨੂੰ ਕੈਲੀਫੋਰਨੀਆ ਆਧਾਰਿਤ ਬੀਮਾ ਕੰਪਨੀ, ਨਾਈਟ ਸਪੈਸ਼ਲਿਟੀ ਇੰਸ਼ੋਰੈਂਸ ਦੁਆਰਾ ਅੰਡਰਰਾਈਟ ਕੀਤਾ ਗਿਆ ਹੈ, ਪਰ ਅਦਾਲਤੀ ਦਸਤਾਵੇਜ਼ ਉਸ ਦੀ ਸੰਪੱਤੀ ਨੂੰ ਸੂਚੀਬੱਧ ਨਹੀਂ ਕਰ ਸਕਦਾ। ਜਿਸਦੀ ਵਰਤੋਂ ਟਰੰਪ ਨੇ ਬਾਂਡ ਨੂੰ ਸੁਰੱਖਿਅਤ ਕਰਨ ਲਈ ਕੀਤੀ ਸੀ। ਪਿਛਲੇ ਮਹੀਨੇ, ਟਰੰਪ ਨੇ ਇੱਕ ਨਿਊਯਾਰਕ ਦੀ ਕਾਨਫਰੰਸ ਵਿਚ ਕਿਹਾ ਸੀ ਕਿ ਉਹ ਬਾਂਡ ਨੂੰ ਕਵਰ ਕਰਨ ਲਈ ਨਕਦ ਦੀ ਵਰਤੋਂ ਨਹੀਂ ਕਰੇਗਾ, ਪਰ ਦਾਅਵਾ ਕੀਤਾ ਕਿ ਉਹ ਆਪਣੀ ਮੁੜ ਚੋਣ ਮੁਹਿੰਮ ਨੂੰ ਫੰਡ ਦੇਣ ਲਈ ਨਕਦੀ ਦੀ ਵਰਤੋਂ ਵੀ ਕਰਨਾ ਚਾਹੁੰਦਾ ਸੀ।

ਪਿਛਲੇ ਮਹੀਨੇ ਅਪੀਲ ਅਦਾਲਤ ਦੁਆਰਾ ਬਾਂਡ ਦੀ ਰਕਮ ਨੂੰ ਅਦਾਲਤ ਵੱਲੋਂ ਕਈ ਸੌ ਮਿਲੀਅਨ ਡਾਲਰ ਘਟਾ ਦਿੱਤਾ ਗਿਆ ਸੀ, ਜਦੋਂ ਟਰੰਪ ਦੇ ਵਕੀਲਾਂ ਨੇ ਦਲੀਲ ਦਿੱਤੀ ਸੀ ਕਿ ਉਸ ਦੇ ਖਿਲਾਫ 464 ਮਿਲੀਅਨ ਡਾਲਰ ਦੇ ਫੈਸਲੇ ’ਤੇ ਪੂਰੇ ਬਾਂਡ ਨੂੰ ਕਵਰ ਕਰਨਾ ਸੰਭਵ ਨਹੀਂ ਅਤੇ ਮੁਸ਼ਕਲ ਸੀ। ਟਰੰਪ ਨੂੰ ਖੁਦ 464 ਮਿਲੀਅਨ ਡਾਲਰ ਦਾ ਭੁਗਤਾਨ ਕਰਨ ਦਾ ਹੁਕਮ ਦਿੱਤਾ ਗਿਆ ਸੀ; 464 ਮਿਲੀਅਨ ਡਾਲਰ ਵਿਚ ਉਸ ਦੇ ਬਾਲਗ ਪੁੱਤਰਾਂ ਡੌਨ ਜੂਨੀਅਰ ਅਤੇ ਐਰਿਕ ਲਈ ਵਿਗਾੜ ਵਿਚ ਸ਼ਾਮਲ ਹੈ। ਬੀਤੀ ਜਨਵਰੀ ਵਿਚ, ਜੱਜ ਆਰਥਰ ਐਂਗੋਰੋਨ ਨੇ ਟਰੰਪ ਅਤੇ ਉਸਦੇ ਬਾਲਗ ਪੁੱਤਰਾਂ ਅਤੇ ਉਸਦੀ ਕੰਪਨੀ ਸਮੇਤ ਉਨ੍ਹਾਂ ਦੇ ਸਹਿ-ਮੁਲਜ਼ਮਾਂ ਨੂੰ 464 ਮਿਲੀਅਨ ਡਾਲਰ ਦਾ ਜੁਰਮਾਨਾ ਲਗਾਇਆ ਸੀ। ਅਤੇ ਇਹ ਪਾਇਆ ਕਿ ਉਨ੍ਹਾਂ ਨੇ ਬਿਹਤਰ ਕਰਜ਼ੇ ਦੀਆਂ ਦਰਾਂ ਪ੍ਰਾਪਤ ਕਰਨ ਲਈ ਸਾਬਕਾ ਰਾਸ਼ਟਰਪਤੀ ਦੀ ਜਾਇਦਾਦ ਦੇ ਮੁੱਲ ਵਿਚ ਧੋਖਾਧੜੀ ਕੀਤੀ।

# ‘ਮੇਕ ਅਮਰੀਕਾ ਗ੍ਰੇਟ ਅਗੇਨ’ ਤੋਂ ਬਾਅਦ ਟਰੰਪ ਦਾ ਨਵਾਂ ਕਦਮ

■ ਹੁਣ ਟਰੰਪ ਨੇ ਧਰਮ ਨੂੰ ਸਮਰਪਣ ਕੀਤਾ, ਸਮਰਥਕਾਂ ਨੂੰ ਪ੍ਰਮਾਤਮਾ ਪ੍ਰਤੀ ਵਫ਼ਾਦਾਰ ਰਹਿਣ ਦੀ ਸਹੁੰ ਚੁਕਾਈ



**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਸੰਯੁਕਤ ਰਾਜ ਵਿਚ ਨਵੰਬਰ ਵਿਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਮੁਕਾਬਲਾ ਕਰ ਰਹੇ ਹਨ। ਕਈ ਵਿਵਾਦਾਂ ’ਚ ਘਿਰੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਹੁਣ ਧਰਮ ਦਾ ਪੱਤਾ ਖੇਡ ਰਹੇ ਹਨ। ਹਾਲਾਂਕਿ, ਪਿਛਲੀਆਂ ਚੋਣਾਂ ਵਿਚ ਉਨ੍ਹਾਂ ਦਾ ਨਾਅਰਾ ‘ਮੇਕ ਅਮਰੀਕਾ ਗ੍ਰੇਟ ਅਗੇਨ’ ਸੀ। ਹੁਣ ਉਸ ਦੀ ਰੈਲੀ ਵਿਚ ਧਾਰਮਿਕ ਗੱਲਾਂ ਦਾ ਜ਼ਿਕਰ ਹੋ ਰਿਹਾ ਹੈ, ਧਾਰਮਿਕ ਸੰਗੀਤ ਵੀ ਵੱਜ ਰਹੇ ਹਨ। ਟਰੰਪ ਨੇ ਜ਼ੋਰਦਾਰ ਭਾਸ਼ਣ ਦੇ ਨਾਲ ਈਸਾਈ ਧਰਮ ਦਾ ਜ਼ਿਕਰ ਕੀਤਾ ਅਤੇ ਲੋਕਾਂ ਨੂੰ ਇਸ ਦੀ ਰੱਖਿਆ ਕਰਨ ਦਾ ਸੰਕਲਪ ਲਿਆ। ਪ੍ਰੋਗਰਾਮ ’ਚ ਟਰੰਪ ਦੇ ਨਾਲ ਮੌਜੂਦ ਧਾਰਮਿਕ ਭਾਈਚਾਰੇ ਦੇ ਕੁਝ ਪਾਦਰੀ ਕਹਿੰਦੇ ਹਨ, ਤੁਹਾਨੂੰ ਧਿਆਨ ਦੇਣਾ ਚਾਹੀਦਾ ਹੈ। ਆਓ ਪ੍ਰਮਾਤਮਾ ਅੱਗੇ ਅਰਦਾਸ ਕਰੀਏ ਕਿ ਸਾਡੇ ਧਰਮ ਦੀ ਸ਼ਾਨ ਵਿਚ ਕਦੇ ਕਮੀ ਨਾ ਆਵੇ। ਇਸ ਅਪੀਲ ’ਤੇ ਸਭਾ ਵਿਚ ਹਾਜ਼ਰ ਸਾਰੇ ਲੋਕ ਸਿਰ ਝੁਕਾ ਕੇ ਚੁੱਪ ਹੋ ਗਏ। ਚੋਣ ਚਿੰਤਨ ਅਜੀਬ ਲੱਗ ਸਕਦਾ ਹੈ, ਪਰ ਟਰੰਪ ਦਾ ਸਿਆਸੀ ਏਜੰਡਾ ਰਿਪਬਲਿਕਨ ਪਾਰਟੀ ਨੂੰ ਚਰਚ ਦੇ ਰਾਹ ’ਤੇ ਲੈ ਕੇ ਜਾਣ ਦੀ ਕੋਸ਼ਿਸ਼ ਨੂੰ ਸਪੱਸ਼ਟ ਤੌਰ ’ਤੇ ਦਰਸਾਉਂਦਾ ਹੈ। ਟਰੰਪ ਵੀ ਧਾਰਮਿਕ ਸਹੁੰ ਚੁੱਕ ਕੇ ਆਪਣੇ ਸਮਰਥਕਾਂ ਤੋਂ ਵਫ਼ਾਦਾਰੀ ਦਾ ਵਾਅਦਾ ਕਰ ਰਹੇ ਹਨ। ਇਹ ਵਫ਼ਾਦਾਰੀ ਕਾਰਕੁੰਨ ਪੱਧਰ ਤੋਂ ਲੈ ਕੇ ਰਿਪਬਲਿਕਨ ਨੈਸ਼ਨਲ ਕਮੇਟੀ ਤੱਕ ਦੇ ਮੈਂਬਰਾਂ ਨੂੰ ਪ੍ਰਭਾਵਿਤ ਕਰ ਰਹੀ ਹੈ। 60 ਅਮਰੀਕੀ ਡਾਲਰ ਭਾਰਤੀ 5,000 ਰੁਪਏ ਵਿਚ ਬਾਈਬਲਾਂ ਵੇਚ ਕੇ, ‘ਮੇਕ ਅਮੇਰਿਕਾ ਪ੍ਰੇਅ ਅਗੇਨ’ ਦਾ ਨਾਅਰਾ ਦੇਣ ਵਾਲੇ ਟਰੰਪ, ਜਿਨ੍ਹਾਂ ਨੇ ਕਦੇ ਵੀ ਚਰਚ ਦੀਆਂ ਸੇਵਾਵਾਂ ਵਿਚ ਦਿਲਚਸਪੀ ਹੀ ਨਹੀਂ ਦਿਖਾਈ, ਨੇ ਪਿਛਲੇ ਹਫ਼ਤੇ ਬਾਈਬਲ ਨੂੰ ਆਪਣੀ ਪਸੰਦੀਦਾ ਕਿਤਾਬ ਦਾ ਨਾਮ ਦਿੱਤਾ ਹੈ। ਉਸਨੇ 60 ਡਾਲਰ (5 ਹਜ਼ਾਰ ਰੁਪਏ) ਵਿਚ ਬਾਈਬਲ ਵੇਚਣ ਦਾ ਇੱਕ ਵੀਡੀਓ ਵੀ ਪੋਸਟ ਕੀਤਾ, ਜਿਸ ਵਿਚ ਲੀ ਗ੍ਰੀਨਵੁੱਡ ਦੇ ਗੀਤ ‘ਗੌਡ ਬਲੇਸ ਦਾ ਯੂ.ਐੱਸ.ਏ.’ ਦੇ ਬੋਲ ਸਨ। ਉਨ੍ਹਾਂ ਨੇ ‘ਮੇਕ ਅਮਰੀਕਾ ਪ੍ਰੇਅ ਅਗੇਨ’ ਦਾ ਨਾਅਰਾ ਵੀ ਦਿੱਤਾ। ਟਰੰਪ ਆਪਣੀ ਮੁਹਿੰਮ ਨੂੰ ਈਸਾਈ ਪ੍ਰਚਾਰਕਾਂ ਦਾ ਸਮਰਥਨ ਜਿੱਤਣ ਲਈ ਦੇਸ਼ ਦੀ ਆਤਮਾ ਦੀ ਲੜਾਈ ਦੱਸ ਰਹੇ ਹਨ। ਇੰਨਾ ਹੀ ਨਹੀਂ, ਉਹ ਆਪਣੇ ਆਪ ਨੂੰ ਰੱਬ ਕਹਿਣ ਤੋਂ ਬਚਦੇ ਹਨ। ਦੂਜੇ ਪਾਸੇ ਉਸ ਦੀ ਸਹਿਯੋਗੀ ਮਾਰਜੋਰੀ ਪ੍ਰਭੂ ਨੇ ਉਸ ਦੀ ਤੁਲਨਾ ਈਸਾ ਨਾਲ ਕੀਤੀ ਹੈ।


ਸੱਦਾ ਪੱਤਰ

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)

ਵੱਲੋਂ

20ਵੀਂ ਸਲਾਨਾ ਕਾਨਫਰੰਸ

19 ਮਈ, 2024, ਸਵੇਰੇ 10 ਵਜੇ ਤੋਂ 6 ਵਜੇ ਤੱਕ

ਸਥਾਨ : Pooja Restaurant, 1232 Merkely Ave. West Sacramento, 95691

ਪ੍ਰੋਗਰਾਮ
- ਉਦਘਾਟਨ : 10.00 ਵਜੇ ਸਵੇਰੇ
- ਕਵੀ ਸੰਮੇਲਨ : 11.00 ਵਜੇ
- ਦੁਪਹਿਰ ਦਾ ਖਾਣਾ : 1.30 ਵਜੇ
- ਪੰਜਾਬੀ ਸਾਹਿਤ ਵਿਚਾਰ ਵਟਾਂਦਰਾ : 2.00 ਵਜੇ
- ਗੀਤ ਸੰਗੀਤ : 5.00 ਵਜੇ ਸ਼ਾਮ

ਆਪ ਜੀ ਨੂੰ ਬੇਨਤੀ ਹੈ ਕਿ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ 23ਵੀਂ ਸਾਲਾਨਾ ਕਾਨਫਰੰਸ ਮਿਤੀ 19 ਮਈ, 2024 ਨੂੰ ਹੋ ਰਹੀ ਹੈ। ਇਸ ਮੌਕੇ ਪੰਜਾਬੀ ਸਾਹਿਤ ਬਾਰੇ ਪਰਚੇ ਪੜ੍ਹੇ ਜਾਣਗੇ। ਕਵੀ ਸੰਮੇਲਨ ਹੋਵੇਗਾ। ਪੰਜਾਬੀ ਮਾਂ ਬੋਲੀ ਬਾਰੇ ਵਿਚਾਰ ਚਰਚਾ ਹੋਵੇਗੀ। ਇਸ ਤੋਂ ਇਲਾਵਾ ਗੀਤ-ਸੰਗੀਤ ਹੋਵੇਗਾ। ਆਪ ਜੀ ਨੂੰ ਬੇਨਤੀ ਹੈ ਕਿ ਆਪ ਇਸ ਮੌਕੇ ਪਹੁੰਚ ਕੇ ਕਾਨਫਰੰਸ ਦੀ ਰੌਣਕ ਨੂੰ ਵਧਾਉ।

ਉਡੀਕਵਾਨ : ਸਮੁੱਚੀ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ

ਦਲਵੀਰ ‘ਦਿਲ’ ਨਿੱਜਰ
ਪ੍ਰਧਾਨ
916-628-2210

ਗੁਰਜਤਿੰਦਰ ਸਿੰਘ ਰੰਧਾਵਾ
ਜਨਰਲ ਸਕੱਤਰ
916-320-9444

# ਅਮਰੀਕਾ 'ਚ ਮਨੁੱਖੀ ਤਸਕਰੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਭਾਰਤੀ ਵਿਅਕਤੀ ਨੇ ਖੁਦ ਨੂੰ ਦੱਸਿਆ ਬੇਗੁਨਾਹ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਰਾਜ ਗੋਗਨਾ/ਪੰਜਾਬ ਮੇਲ)-** ਹਰਸ਼ਕੁਮਾਰ ਰਮਨਲਾਲ ਪਟੇਲ (28) ਜਿਸ ਉਪਰ ਇਕ ਗੁਜਰਾਤੀ ਪਰਿਵਾਰ ਦੇ 4 ਜੀਆਂ ਸਮੇਤ ਹੋਰ ਲੋਕਾਂ ਨੂੰ ਕੈਨੇਡਾ ਤੋਂ ਮਿਨੀਸੋਟਾ (ਅਮਰੀਕਾ) ਵਿਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਕਰਵਾਉਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਨੇ ਦਾਇਰ ਕੀਤੀ ਅਪੀਲ ਵਿਚ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ। ਗੁਜਰਾਤੀ ਪਰਿਵਾਰ ਜਿਸ ਵਿਚ 2 ਬੱਚੇ ਸ਼ਾਮਲ ਸਨ, 2022 ਵਿਚ ਕੈਨੇਡਾ-ਅਮਰੀਕਾ ਬਾਰਡਰ ਪਾਰ ਕਰਨ ਦੀ ਕੋਸ਼ਿਸ਼ ਦੌਰਾਨ ਉਜਾੜ ਸੇਮ ਵਾਲੇ ਖੇਤਰ ਵਿਚ ਠੰਡ ਕਾਰਨ ਮਾਰਿਆ ਗਿਆ ਸੀ। ਪਟੇਲ ਨੇ ਟੈਲੀਕਾਨਫਰੰਸ ਰਾਹੀਂ ਯੂ.ਐੱਸ. ਮੈਜਿਸਟ੍ਰੇਟ ਲੀਓ ਬ੍ਰਿਸ਼ਬੋਇਸ ਡੁਲੂਥ, ਮਿਨੀਸੋਟਾ ਦੀ ਅਦਾਲਤ ਵਿਚ ਅਪੀਲ ਦਾਇਰ ਕੀਤੀ ਹੈ। ਪਟੇਲ ਵੱਲੋਂ ਕੀਤਾ ਡਰਾਈਵਰ ਸਟੀਵਨ ਸ਼ੈਂਡ ਵੀ ਦਾਇਰ ਅਪੀਲ ਵਿਚ ਆਪਣੇ ਆਪ ਨੂੰ ਨਿਰਦੋਸ਼ ਕਹਿ ਚੁੱਕਾ ਹੈ। ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਯੂ.ਐੱਸ. ਡਿਪਾਰਟਮੈਂਟ ਆਫ ਹੋਮਲੈਂਡ ਸਕਿਉਰਿਟੀ ਦੇ ਇਕ ਏਜੰਟ ਅਨੁਸਾਰ ਪਟੇਲ ਨੂੰ ਭਾਰਤ ਵਿਚਲੇ ਅਮਰੀਕੀ ਕੌਂਸਲਖਾਨੇ ਵੱਲੋਂ 4 ਵਾਰ ਤੇ ਓਟਾਵਾ, ਕੈਨੇਡਾ ਵਿਚਲੇ ਅਮਰੀਕੀ ਕੌਂਸਲਖਾਨੇ ਵੱਲੋਂ ਇਕ ਵਾਰ ਅਮਰੀਕਾ ਦਾ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਜਾ ਚੁੱਕਾ ਹੈ। ਉਹ ਅਮਰੀਕਾ ਵਿਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਿਹਾ ਹੈ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਪਟੇਲ ਦਾ ਭਾਰਤੀ ਰਾਜ ਗੁਜਰਾਤ ਦੇ ਇਕ ਮਨੁੱਖੀ ਤਸਕਰੀ ਗਰੁੱਪ ਨਾਲ ਸਬੰਧ ਹੈ। ਇਹ ਗਰੁੱਪ ਕਥਿੱਤ ਤੌਰ 'ਤੇ ਭਾਰਤੀਆਂ ਨੂੰ ਵਿਦਿਆਰਥੀ ਵੀਜ਼ੇ ਉਪਰ ਕੈਨੇਡਾ ਦਾਖਲ ਕਰਵਾਉਂਦਾ ਹੈ ਤੇ ਬਾਅਦ ਵਿਚ ਅਮਰੀਕਾ ਵਿਚ ਦਾਖਲ ਕਰਵਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਕੰਮ ਬਦਲੇ ਉਹ ਮੋਟੀ ਰਕਮ ਵਸੂਲਦੇ ਹਨ।



ਹਰਸ਼ਕੁਮਾਰ ਰਮਨਲਾਲ ਪਟੇਲ ਤੇ ਸੱਜੇ ਸ਼ਿਕਾਰ ਬਣਿਆ ਗੁਜਰਾਤੀ ਪਰਿਵਾਰ।

# ਅਮਰੀਕਾ 'ਚ ਸਕੂਲ ਦੀ ਬੱਸ ਨਾਲ ਟੱਕਰ ਮਾਰਨ ਵਾਲੇ ਟਰੱਕ ਦੇ ਡਰਾਈਵਰ ਨੂੰ ਕੀਤਾ ਗ੍ਰਿਫਤਾਰ

## ਡੱਰਗ ਲੈਣ ਦੀ ਗੱਲ ਮੰਨੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਪਿਛਲੇ ਹਫਤੇ ਟੈਕਸਾਸ ਵਿਚ ਪ੍ਰੀ-ਕੇ ਵਿਦਿਆਰਥੀਆਂ ਨੂੰ ਲੈ ਕੇ ਜਾ ਰਹੀ ਬੱਸ ਨਾਲ ਟੱਕਰ ਮਾਰਨ ਵਾਲੇ ਇਕ ਕੰਕਰੀਟ ਟਰੱਕ ਦੇ ਡਰਾਈਵਰ ਨੂੰ ਗ੍ਰਿਫਤਾਰ ਕਰ ਲੈਣ ਤੇ ਉਸ ਵੱਲੋਂ ਹਾਦਸੇ ਤੋਂ ਪਹਿਲਾਂ ਸ਼ੌਕੀਆ ਡਰੱਗ ਲੈਣ ਦੀ ਗੱਲ ਮੰਨ ਲੈਣ ਦੀ ਖਬਰ ਹੈ। ਇਸ ਹਾਦਸੇ ਵਿਚ ਇਕ ਵਿਦਿਆਰਥੀ ਸਮੇਤ 2 ਵਿਅਕਤੀ ਮਾਰੇ ਗਏ ਸਨ। ਇਹ ਹਾਦਸਾ ਉਸ ਸਮੇਂ ਹੋਇਆ ਸੀ, ਜਦੋਂ ਟਾਮ ਗਰੀਨ ਐਲੀਮੈਂਟਰੀ ਸਕੂਲ ਦੇ ਪ੍ਰੀ-ਕੇ ਸ਼੍ਰੇਣੀ ਦੇ 40 ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਸਮੇਤ 51 ਵਿਅਕਤੀਆਂ ਨੂੰ ਲੈ ਕੇ ਬੱਸ ਬਸਟਰਾਪ ਕਾਊਂਟੀ ਦੇ ਇਕ ਚਿੜਿਆ ਘਰ ਤੋਂ ਵਾਪਸ ਪਰਤ ਰਹੀ ਸੀ। ਹਾਦਸੇ ਉਪਰੰਤ ਜ਼ਖਮੀ ਹੋਏ 32 ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਇਸ ਹਾਦਸੇ 'ਚ ਵਿਦਿਆਰਥੀ ਉਲੀਸਸ ਰੋਡਰਿਗਜ਼ ਮੋਨਟੋਇਆ ਤੇ 33 ਸਾਲਾ ਵਿਅਕਤੀ ਰਿਆਨ ਵਾਲੇਸ ਦੀ ਮੌਤ ਹੋ ਗਈ ਸੀ। ਗ੍ਰਿਫਤਾਰ ਕੀਤੇ ਡਰਾਈਵਰ 42 ਸਾਲਾ ਜੈਰੀ ਹਰਨਾਂਡੇਜ਼ ਵਿਰੁੱਧ ਅਪਰਾਧਕ ਲਾਪ੍ਰਵਾਹੀ ਵਰਤਣ ਦੇ ਦੋਸ਼ ਲਾਏ ਗਏ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਟਰੰਪ ਨੇ ਬਾਇਡਨ ਸੰਬੰਧੀ ਵੀਡੀਓ ਸ਼ੇਅਰ ਕਰਕੇ ਖੜ੍ਹਾ ਕੀਤਾ ਵਿਵਾਦ!

## ਵੀਡੀਓ 'ਚ ਪਿਕਅੱਪ ਵੈਨ ਦੇ ਪਿੱਛੇ ਲੱਗੇ ਪੋਸਟਰ 'ਚ ਬਾਇਡਨ ਨੂੰ ਰੱਸੀ ਨਾਲ ਬੰਨ੍ਹ ਕੇ ਡਿੱਗੀ 'ਚ ਪਏ



**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵੀਡੀਓ ਸ਼ੇਅਰ ਕਰਕੇ ਵਿਵਾਦ ਖੜ੍ਹਾ ਕਰ ਦਿੱਤਾ ਹੈ। ਇਸ ਵੀਡੀਓ 'ਚ ਇਕ ਪਿਕਅੱਪ ਵੈਨ ਦੇ ਪਿਛਲੇ ਪਾਸੇ ਇਕ ਪੋਸਟਰ ਲੱਗਾ ਹੈ, ਜਿਸ 'ਚ ਰਾਸ਼ਟਰਪਤੀ ਜੋਅ ਬਾਇਡਨ ਨੂੰ ਰੱਸੀ ਨਾਲ ਹੱਥ-ਪੈਰ ਬੰਨ੍ਹ ਕੇ ਡਿੱਗੀ 'ਚ ਪਏ ਦਿਖਾਇਆ ਗਿਆ ਹੈ। ਟਰੰਪ ਨੇ ਦਾਅਵਾ ਕੀਤਾ ਕਿ ਪਿਕਅੱਪ ਵੈਨ 'ਤੇ ਲੱਗੇ ਇਸ ਪੋਸਟਰ ਦੀ ਫੁਟੇਜ ਲੌਂਗ ਆਈਲੈਂਡ 'ਤੇ ਕੈਪਚਰ ਕੀਤੀ ਗਈ ਹੈ। ਵੀਡੀਓ 'ਚ ਟਰੰਪ ਲਈ ਸਮਰਥਨ ਜ਼ਾਹਿਰ ਕਰਨ ਵਾਲੇ ਝੰਡਿਆਂ ਤੇ ਸਟਿੱਕਰਾਂ ਨਾਲ ਸਜੀਆਂ ਦੋ ਪਿਕਅੱਪ ਵੈਨਾਂ ਦਿਖਾਈਆਂ ਗਈਆਂ ਹਨ, ਜਿਨ੍ਹਾਂ 'ਚੋਂ ਇਕ ਦੇ ਪਿਛਲੇ ਪਾਸੇ ਬਾਇਡਨ ਦਾ ਇਹ ਪੋਸਟਰ ਲੱਗਾ ਹੈ।

ਵੀਡੀਓ ਨੂੰ ਲੈ ਕੇ ਹੰਗਾਮਾ ਹੋਣ ਤੋਂ ਬਾਅਦ ਬਾਇਡਨ ਦੀ ਚੋਣ ਮੁਹਿੰਮ ਦੇ ਬੁਲਾਰੇ ਮਾਈਕਲ ਟਾਇਲਰ ਨੇ ਟਰੰਪ ਦੀ ਨਿੰਦਿਆ ਕਰਦਿਆਂ ਕਿਹਾ ਕਿ ਡੋਨਾਲਡ ਟਰੰਪ ਇਸ ਤਰ੍ਹਾਂ ਦੀ ਬਕਵਾਸ ਕਰਨ ਲਈ ਮਸ਼ਹੂਰ ਹੋ ਗਏ ਹਨ। ਟਰੰਪ ਲਗਾਤਾਰ ਸਿਆਸੀ ਹਿੰਸਾ ਭੜਕਾ ਰਹੇ ਹਨ ਤੇ ਹੁਣ ਸਮਾਂ ਆ ਗਿਆ ਹੈ ਕਿ ਲੋਕ ਉਨ੍ਹਾਂ ਨੂੰ ਗੰਭੀਰਤਾ ਨਾਲ ਲੈਣ। ਜ਼ਿਕਰਯੋਗ ਹੈ ਕਿ ਮਾਰਚ ਮਹੀਨੇ ਦੇ ਸ਼ੁਰੂ 'ਚ ਟਰੰਪ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਉਹ 2024 ਦੀਆਂ ਚੋਣਾਂ ਹਾਰ ਜਾਂਦੇ ਹਨ, ਤਾਂ ਇਸ ਦਾ ਨਤੀਜਾ ਅਮਰੀਕਾ ਦੇ ਆਟੋ ਉਦਯੋਗ ਦਾ ਨੁਕਸਾਨ ਤੇ ਦੇਸ਼ ਲਈ ਵੱਡੇ ਪੱਧਰ 'ਤੇ 'ਖ਼ੂਨ ਖ਼ਰਾਬਾ' ਹੋਵੇਗਾ। ਉਨ੍ਹਾਂ ਨੇ ਅਮਰੀਕਾ ਤੋਂ ਬਾਹਰ ਬਣੀਆਂ ਕਾਰਾਂ 'ਤੇ '100 ਫ਼ੀਸਦੀ ਟੈਕਸ' ਦਾ ਪ੍ਰਸਤਾਵ ਰੱਖਿਆ ਤੇ ਦਾਅਵਾ ਕੀਤਾ ਕਿ ਸਿਰਫ਼ ਉਨ੍ਹਾਂ ਦੇ ਰਾਸਟਰਪਤੀ ਬਣਨ ਨਾਲ ਹੀ ਘਰੇਲੂ ਆਟੋ ਨਿਰਮਾਣ ਦੀ ਰੱਖਿਆ ਹੋ ਸਕਦੀ ਹੈ।

ਟਰੰਪ ਦੀ ਟਿੱਪਣੀ ਕਿ ਪ੍ਰਵਾਸੀ ਅਮਰੀਕਾ ਦੇ 'ਖ਼ੂਨ 'ਚ ਜ਼ਹਿਰ ਘੋਲ ਰਹੇ ਹਨ' ਨਾਲ ਵੀ ਵਿਵਾਦ ਖੜ੍ਹਾ ਹੋ ਗਿਆ ਸੀ। ਇਕ ਸਮਾਗਮ 'ਚ ਟਰੰਪ ਨੇ ਆਪਣੇ ਸਿਆਸੀ ਵਿਰੋਧੀਆਂ ਨੂੰ 'ਕੀੜੇ' ਦੱਸਦਿਆਂ ਕਿਹਾ ਕਿ ਅਸੀਂ ਆਪਣੇ ਦੇਸ਼ ਦੀਆਂ ਸਰਹੱਦਾਂ 'ਚ ਕੀੜੇ-ਮਕੌੜਿਆਂ ਵਾਂਗ ਰਹਿਣ ਵਾਲੇ ਕਮਿਊਨਿਸਟਾਂ, ਮਾਰਕਸਵਾਦੀਆਂ, ਫਾਸ਼ੀਵਾਦੀਆਂ ਤੇ ਕੱਟੜਪੰਥੀ ਖੱਬੇਪੱਖੀ ਠੱਗਾਂ ਨੂੰ ਜੜ੍ਹੋਂ ਪੁੱਟ ਸੁੱਟਾਂਗੇ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ 31 ਮਾਰਚ ਨੂੰ 'ਟਰਾਂਸਜੈਂਡਰ ਡੇ ਆਫ ਵਿਜ਼ੀਬਿਲਟੀ' ਐਲਾਨਿਆ ਹੈ, ਜਿਸ ਲਈ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਚੋਣ ਮੁਹਿੰਮ ਟੀਮ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਇਸ ਦਿਨ 'ਈਸਟਰ ਸੰਡੇ' ਵੀ ਹੈ। ਈਸਟਰ ਈਸਾਈ ਭਾਈਚਾਰੇ ਦੇ ਸਭ ਤੋਂ ਪਵਿੱਤਰ ਤਿਉਹਾਰਾਂ 'ਚੋਂ ਇਕ ਹੈ। ਟਰੰਪ ਖੇਮੇ ਨੇ ਈਸਾਈ ਧਰਮ ਦੇ ਰੋਮਨ ਕੈਥੋਲਿਕ ਪੰਥ ਨੂੰ ਮੰਨਣ ਵਾਲੇ ਬਾਇਡਨ 'ਤੇ ਧਰਮ ਪ੍ਰਤੀ ਗੈਰ-ਸੰਵੇਦਨਸ਼ੀਲ ਹੋਣ ਦਾ ਦੋਸ਼ ਲਾਇਆ ਤੇ ਰਿਪਬਲਿਕਨ ਪਾਰਟੀ ਨੇ ਇਸ ਦਾ ਸਮਰਥਨ ਕੀਤਾ ਹੈ।



# ਪੰਜਾਬ ਪੁਲਿਸ ਵੱਲੋਂ ਅਮਰੀਕਾ-ਆਧਾਰਿਤ ਪਵਿੱਤਰ-ਹੁਸਨਦੀਪ ਗੈਂਗ ਦੀ ਹਮਾਇਤ ਪ੍ਰਾਪਤ ਅਪਰਾਧਿਕ ਨੈੱਟਵਰਕ ਦਾ ਪਰਦਾਫਾਸ਼

- ਪਿਸਤੌਲ, ਫਾਰਚੂਨਰ ਕਾਰ ਸਮੇਤ ਗੈਂਗ ਦੇ ਤਿੰਨ ਮੈਂਬਰ ਕਾਬੂ
- ਗ੍ਰਿਫ਼ਤਾਰ ਵਿਅਕਤੀ ਸੂਬੇ ਵਿਚ ਮਿੱਥ ਕੇ ਕਤਲ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਰਚ ਰਹੇ ਸਨ: ਡੀ.ਜੀ.ਪੀ. ਗੌਰਵ ਯਾਦਵ
- ਗ੍ਰਿਫ਼ਤਾਰੀ ਤੋਂ ਬਚਣ ਲਈ ਮੁਲਜ਼ਮ ਆਪਣੀ ਅਸਲ ਪਛਾਣ ਛੁਪਾ ਕੇ ਰਹਿ ਰਹੇ ਸਨ ਮੋਹਾਲੀ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਪੁਲਿਸ ਦੇ ਸਟੇਟ ਸਪੈਸ਼ਲ ਆਪਰੇਟਿੰਗ ਸੈੱਲ (ਐੱਸ.ਐੱਸ.ਓ.ਸੀ.) ਮੋਹਾਲੀ ਨੇ ਵੱਡੀ ਸਫ਼ਲਤਾ ਹਾਸਲ ਕਰਦਿਆਂ ਅਮਰੀਕਾ-ਆਧਾਰਿਤ ਚੌੜਾ ਮਧਰੇ ਗੈਂਗ ਦੇ ਪਵਿਤਰ ਚੌੜਾ ਅਤੇ ਹੁਸਨਦੀਪ ਸਿੰਘ ਵੱਲੋਂ ਚਲਾਏ ਜਾ ਰਹੇ ਅਪਰਾਧਿਕ ਨੈੱਟਵਰਕ ਦੇ ਤਿੰਨ ਮੁੱਖ ਸੰਚਾਲਕਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਵੱਲੋਂ ਉਨ੍ਹਾਂ ਕੋਲੋਂ .30 ਬੋਰ ਚੀਨੀ ਪਿਸਤੌਲ ਸਮੇਤ 15 ਕਾਰਤੂਸ ਬਰਾਮਦ ਕੀਤੇ ਗਏ ਹਨ। ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਲਵਜੀਤ ਸਿੰਘ ਉਰਫ਼ ਲਵ ਖੱਖ ਵਾਸੀ ਪਿੰਡ ਖੱਖ ਤਰਨਤਾਰਨ, ਗੁਰਸੇਵਕ ਸਿੰਘ ਉਰਫ਼ ਬੰਬ ਵਾਸੀ ਗੋਇੰਦਵਾਲ ਸਾਹਿਬ ਅਤੇ ਬਹਾਦਰ ਖ਼ਾਨ ਉਰਫ਼ ਖ਼ਾਨ ਭਗੜਾਣਾ ਵਾਸੀ ਫ਼ਤਹਿਗੜ੍ਹ ਸਾਹਿਬ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਦੀ ਟੋਇਟਾ ਫਾਰਚੂਨਰ ਗੱਡੀ ਵੀ ਜ਼ਬਤ ਕਰ ਲਈ ਹੈ।

ਇਹ ਸਫ਼ਲਤਾ ਐੱਸ.ਏ.ਐੱਸ. ਨਗਰ ਜ਼ਿਲ੍ਹਾ ਪੁਲਿਸ ਵੱਲੋਂ ਇਸੇ ਗਿਰੋਹ ਦੇ ਇੱਕ ਹੋਰ ਮੈਂਬਰ ਗੁਰਇਕਬਾਲ ਸਿੰਘ ਉਰਫ ਰੋਬਿਨ ਦੀ ਹਥਿਆਰਾਂ ਸਮੇਤ ਗ੍ਰਿਫ਼ਤਾਰੀ ਉਪਰੰਤ ਪ੍ਰਾਪਤ ਹੋਈ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਤਿੰਨੋਂ ਵਿਅਕਤੀ ਕਤਲ, ਇਰਾਦਾ ਕਤਲ, ਡਕੈਤੀ, ਅਸਲਾ ਐਕਟ, ਐੱਨ.ਡੀ.ਪੀ.ਐੱਸ. ਸਮੇਤ ਕਈ ਅਪਰਾਧਿਕ ਮਾਮਲਿਆਂ 'ਚ ਲੋੜੀਂਦੇ ਸਨ ਅਤੇ ਗ੍ਰਿਫ਼ਤਾਰੀ ਤੋਂ ਬਚਣ ਲਈ ਆਪਣੀ ਅਸਲ ਪਛਾਣ ਛੁਪਾ ਕੇ ਮੁਹਾਲੀ ਵਿਚ ਰਹਿ ਰਹੇ ਸਨ।

ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰੀ ਕੀਤੇ ਗਏ ਵਿਅਕਤੀ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਅਤੇ ਗੈਂਗਸਟਰ ਪਵਿੱਤਰ ਚੌੜਾ ਦੇ ਲਗਾਤਾਰ ਸੰਪਰਕ ਵਿਚ ਸਨ ਅਤੇ ਸਰਹੱਦੀ ਸੂਬੇ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਲਈ ਮਿੱਥ ਕੇ ਕਤਲ ਦੀ ਘਟਨਾਵਾਂ ਅਤੇ ਹੋਰ ਅਪਰਾਧਿਕ/ਗੈਂਗਸਟਰ ਗਤੀਵਿਧੀਆਂ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਰਚ ਰਹੇ ਸਨ। ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਪਵਿਤਰ ਚੌੜਾ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਦੇ ਅੱਤਵਾਦੀ ਲਖਬੀਰ ਸਿੰਘ ਲੰਡਾ ਅਤੇ ਉਸਦੇ ਹੋਰ ਮੈਂਬਰਾਂ ਨਾਲ ਮਿਲ ਗਿਆ ਹੈ।

ਇਸ ਕਾਰਵਾਈ ਸਬੰਧੀ ਜਾਣਕਾਰੀ ਦਿੰਦਿਆਂ, ਡੀ.ਆਈ.ਜੀ. ਕਾਊਂਟਰ ਇੰਟੈਲੀਜੈਂਸ ਜੇ ਏਲੈਂਚੇਜ਼ੀਅਨ ਨੇ ਦੱਸਿਆ ਕਿ ਭਰੋਸੇਯੋਗ ਸੂਹ ਮਿਲਣ ਉਪਰੰਤ, ਐੱਸ.ਐੱਸ.ਓ.ਸੀ. ਮੁਹਾਲੀ ਦੀਆਂ ਪੁਲਿਸ ਟੀਮਾਂ ਨੇ ਮੁਹਾਲੀ ਦੇ ਇਕ ਫਲੈਟ, ਜਿੱਥੇ ਉਕਤ ਤਿੰਨੋਂ ਮੁਲਜ਼ਮ ਰਹਿ ਰਹੇ ਸਨ, ਵਿਚ ਛਾਪਾ ਮਾਰ ਕੇ ਇਨ੍ਹਾਂ ਮੁਲਜ਼ਮਾਂ ਨੂੰ ਆਧੁਨਿਕ ਹਥਿਆਰ ਸਮੇਤ ਸਫ਼ਲਤਾਪੂਰਵਕ ਕਾਬੂ ਕਰ ਲਿਆ।

ਉਨ੍ਹਾਂ ਦੱਸਿਆ ਕਿ ਮੁਲਜ਼ਮ ਲਵਜੀਤ ਸਿੰਘ ਉਰਫ਼ ਲਵ ਖੱਖ ਭਗੌੜਾ (ਪੀ.ਓ.) ਹੈ, ਜਦਕਿ ਗੁਰਸੇਵਕ ਬੰਬ ਤਰਨਤਾਰਨ ਪੁਲਿਸ ਵੱਲੋਂ ਇਰਾਦਾ ਕਤਲ ਮਾਮਲੇ ਵਿਚ ਲੋੜੀਂਦਾ ਸੀ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਸਬੰਧੀ ਹੋਰ ਪੁੱਛਗਿੱਛ ਜਾਰੀ ਹੈ ਅਤੇ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਉਮੀਦ ਹੈ।

ਇਸ ਸਬੰਧੀ ਅਸਲਾ ਐਕਟ ਦੀ ਧਾਰਾ 25 ਅਤੇ 25 (7) ਅਤੇ ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀ ਧਾਰਾ 120-ਬੀ ਤਹਿਤ ਥਾਣਾ ਐੱਸ.ਐੱਸ.ਓ.ਸੀ., ਮੁਹਾਲੀ ਵਿਖੇ ਕੇਸ ਦਰਜ ਕੀਤਾ ਗਿਆ ਹੈ।

# ਅਕਾਲੀ ਦਲ ਵੱਲੋਂ ਲੋਕ ਸਭਾ ਚੋਣਾਂ ਲਈ 13 'ਚੋਂ 10 ਸੀਟਾਂ ਲਈ ਉਮੀਦਵਾਰਾਂ ਦੇ ਨਾਂ ਲਗਭਗ ਤੈਅ!

ਲੁਧਿਆਣਾ, (ਪੰਜਾਬ ਮੇਲ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਾਵੇਂ ਮੰਗਲਵਾਰ ਨੂੰ ਚੰਡੀਗੜ੍ਹ ਵਿਖੇ ਅਕਾਲੀ ਦਲ ਦੇ ਨੇਤਾਵਾਂ ਨਾਲ ਲੰਬੀਆਂ-ਚੌੜੀਆਂ ਮੀਟਿੰਗਾਂ ਕੀਤੀਆਂ ਹਨ ਅਤੇ ਸਾਰੇ ਆਗੂਆਂ ਦੇ ਵਿਚਾਰ ਵੀ ਸੁਣੇ ਹਨ ਪਰ ਭਾਜਪਾ ਨਾਲੋਂ ਵੱਖ ਹੋਣ 'ਤੇ ਪਹਿਲੀ ਵਾਰ ਪੰਜਾਬ 'ਚ ਲੋਕ ਸਭਾ ਦੀ ਚੋਣ ਲੜਾਉਣ ਜਾ ਰਹੇ ਹਨ। ਸੁਖਬੀਰ ਬਾਦਲ ਨੇ 13 'ਚੋਂ 10 ਸੀਟਾਂ ਲਈ ਉਮੀਦਵਾਰਾਂ ਦੇ ਨਾਂ ਲਗਭਗ ਤੈਅ ਕਰ ਲੈਣ ਦੀਆਂ ਖ਼ਬਰਾਂ ਹਨ।

ਪਤਾ ਲੱਗਾ ਹੈ ਕਿ ਬਠਿੰਡੇ ਤੋਂ ਬੀਬਾ ਹਰਸਿਮਰਤ ਕੌਰ ਬਾਦਲ, ਸੰਗਰੂਰ ਤੋਂ ਪਰਮਿੰਦਰ ਸਿੰਘ ਢੀਂਡਸਾ, ਪਟਿਆਲਾ ਤੋਂ ਸੁਰਜੀਤ ਸਿੰਘ ਰੱਖੜਾ, ਸ੍ਰੀ ਅਨੰਦਪੁਰ ਸਾਹਿਬ ਤੋਂ ਪ੍ਰੋ. ਚੰਦੂਮਾਜਰਾ ਜਾਂ ਡਾ. ਚੀਮਾ, ਜਲੰਧਰ ਤੋਂ ਪਵਨ ਟੀਨੂ, ਅੰਮ੍ਰਿਤਸਰ ਤੋਂ ਅਨਿਲ ਜੋਸ਼ੀ, ਖਡੂਰ ਸਾਹਿਬ ਤੋਂ ਬਿਕਰਮ ਮਜੀਠੀਆ, ਫਿਰੋਜ਼ਪੁਰ ਤੋਂ ਰੋਜ਼ੀ ਮਾਨ, ਲੁਧਿਆਣਾ ਤੋਂ ਰਣਜੀਤ ਸਿੰਘ ਢਿੱਲੋਂ ਜਾਂ ਕਾਕਾ ਸੂਦ, ਫ਼ਤਿਹਗੜ੍ਹ ਸਾਹਿਬ ਤੋਂ ਬਿਕਰਮ ਸਿੰਘ ਖਾਲਸਾ, ਜਦੋਂਕਿ 3 ਹਲਕੇ ਫਰੀਦਕੋਟ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਬਾਰੇ ਅਜੇ ਉਹ ਗੰਭੀਰਤਾ ਨਾਲ ਸੋਚਦੇ ਦੱਸੇ ਜਾ ਰਹੇ ਹਨ।

ਇਹ ਵੀ ਪਤਾ ਲੱਗਾ ਹੈ ਕਿ ਉਕਤ ਉਮੀਦਵਾਰ ਚੋਣ ਲੜਨ ਦੇ ਦਾਅਵੇਦਾਰਾਂ ਨੂੰ ਅੰਦਰਖਾਤੇ ਝੰਡੀ ਦੇ ਦਿੱਤੀ ਹੈ। ਖ਼ਬਰ ਇਹ ਵੀ ਹੈ ਕਿ ਚੋਣਾਂ 'ਚ ਅਜੇ ਸਮਾਂ ਹੋਣ ਕਰਕੇ ਇਨ੍ਹਾਂ ਦੇ ਨਾਵਾਂ ਦਾ ਐਲਾਨ ਸੁਖਬੀਰ ਮੌਕਾ ਦੇਖ ਕੇ ਕਰਨਗੇ।

# 'ਆਪ' ਵੱਲੋਂ ਪੰਜਾਬ 'ਚ ਲੋਕ ਸਭਾ ਚੋਣਾਂ ਲਈ ਦੋ ਹੋਰ ਉਮੀਦਵਾਰਾਂ ਦਾ ਐਲਾਨ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ 'ਚ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ (ਆਪ) ਨੇ ਲੋਕ ਸਭਾ ਚੋਣਾਂ ਲਈ ਦੂਜੀ ਸੂਚੀ ਜਾਰੀ ਕਰਦਿਆਂ ਪੰਜਾਬ ਦੇ ਦੋ ਹੋਰ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਵਿਚ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੰ ਲੋਕ ਸਭਾ ਹਲਕਾ ਆਨੰਦਪੁਰ ਸਾਹਿਬ ਅਤੇ ਡਾ. ਰਾਜ ਕੁਮਾਰ ਚੱਬੇਵਾਲ ਨੂੰ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਚੋਣ ਮੈਦਾਨ ਵਿਚ ਉਤਾਰਿਆ ਹੈ। ਦੱਸਣਯੋਗ ਹੈ ਕਿ ਡਾ. ਰਾਜ ਕੁਮਾਰ ਚੱਬੇਵਾਲ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਸਾਲ 2017 ਤੇ 2022 ਵਿਚ ਕਾਂਗਰਸ ਪਾਰਟੀ ਦੀ ਟਿਕਟ ਤੋਂ ਜਿੱਤ ਹਾਸਲ ਕਰਕੇ ਵਿਧਾਨ ਸਭਾ ਪਹੁੰਚੇ ਸਨ। ਪਰ ਕੁਝ ਦਿਨ ਪਹਿਲਾਂ ਡਾ. ਰਾਜ ਕੁਮਾਰ ਚੱਬੇਵਾਲ ਨੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ 'ਆਪ' ਦਾ ਪੱਲਾ ਫੜ ਲਿਆ ਸੀ। 'ਆਪ' ਨੇ ਡਾ. ਚੱਬੇਵਾਲ ਨੂੰ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਉਮੀਦਵਾਰ ਐਲਾਨ ਦਿੱਤਾ ਹੈ। ਦੂਜੇ ਪਾਸੇ ਮਾਲਵਿੰਦਰ ਸਿੰਘ ਕੰਗ 'ਆਪ' ਪੰਜਾਬ ਦੇ ਮੁੱਖ ਬੁਲਾਰੇ ਵਜੋਂ ਪਾਰਟੀ ਦੀ ਸੇਵਾ ਕਰ ਰਹੇ ਸਨ। ਦੋ ਹੋਰ ਉਮੀਦਵਾਰਾਂ ਦੇ ਐਲਾਨ ਨਾਲ 'ਆਪ' ਨੇ ਪੰਜਾਬ ਵਿਚ 13 ਲੋਕ ਸਭਾ ਸੀਟਾਂ ਵਿਚੋਂ 9 ਸੀਟਾਂ 'ਤੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਹਾਲਾਂਕਿ ਪੰਜਾਬ ਵਿਚ 4 ਲੋਕ ਸਭਾ ਹਲਕਿਆਂ ਦੇ ਉਮੀਦਵਾਰਾਂ ਦਾ ਐਲਾਨ ਬਾਕੀ ਹੈ। ਇਸ ਵਿਚ ਗੁਰਦਾਸਪੁਰ, ਜਲੰਧਰ, ਲੁਧਿਆਣਾ ਅਤੇ ਫਿਰੋਜ਼ਪੁਰ ਸ਼ਾਮਲ ਹਨ।



ਰਾਜ ਕੁਮਾਰ ਚੱਬੇਵਾਲ , ਮਾਲਵਿੰਦਰ ਕੰਗ







# ਆਬਕਾਰੀ ਨੀਤੀ ਕੇਸ: ਰਿਮਾਂਡ ਖ਼ਤਮ ਹੋਣ ਮਗਰੋਂ ਕੇਜਰੀਵਾਲ ਨੂੰ ਜੇਲ੍ਹ ਭੇਜਿਆ

- ਤਿਹਾੜ ਦੀ ਜੇਲ੍ਹ ਨੰਬਰ 2 ਦੇ ਵੱਖਰੇ ਸੈੱਲ 'ਚ ਰਹਿਣਗੇ ਮੁੱਖ ਮੰਤਰੀ
- ਅਦਾਲਤ ਤੋਂ ਪੜ੍ਹਨ ਲਈ 3 ਕਿਤਾਬਾਂ ਦੀ ਇਜਾਜ਼ਤ ਮੰਗੀ
- ਮੋਦੀ ਜੀ ਜੋ ਕਰ ਰਹੇ ਉਹ ਦੇਸ਼ ਲਈ ਚੰਗਾ ਨਹੀਂ: ਕੇਜਰੀਵਾਲ

ਨਵੀਂ ਦਿੱਲੀ, (ਪੰਜਾਬ ਮੇਲ)- ਆਬਕਾਰੀ ਨੀਤੀ ਘੁਟਾਲੇ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਗ੍ਰਿਫ਼ਤਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਈ.ਡੀ. ਦਾ ਰਿਮਾਂਡ ਖ਼ਤਮ ਹੋਣ ਮਗਰੋਂ ਦੁਬਾਰਾ ਰਾਊਜ਼ ਐਵੇਨਿਊ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੋਂ ਉਨ੍ਹਾਂ ਨੂੰ 15 ਦਿਨਾਂ ਲਈ ਨਿਆਂਇਕ ਹਿਰਾਸਤ ਵਿਚ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ। ਮੁੱਖ ਮੰਤਰੀ ਨੇ ਅਦਾਲਤ ਤੋਂ ਜੇਲ੍ਹ ਅੰਦਰ ਤਿੰਨ ਕਿਤਾਬਾਂ ਪੜ੍ਹਨ ਦੀ ਇਜਾਜ਼ਤ ਮੰਗੀ ਹੈ। ਇਸ ਤੋਂ ਪਹਿਲਾਂ 28 ਮਾਰਚ ਨੂੰ ਅਦਾਲਤ ਨੇ ਕੇਜਰੀਵਾਲ ਦੀ ਈ.ਡੀ. ਹਿਰਾਸਤ 1 ਅਪ੍ਰੈਲ ਤੱਕ ਵਧਾ ਦਿੱਤੀ ਸੀ। ਅਦਾਲਤ 'ਚ ਪੇਸ਼ੀ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ, 'ਮੋਦੀ ਜੀ ਜੋ ਕਰ ਰਹੇ ਹਨ, ਉਹ ਦੇਸ਼ ਲਈ ਚੰਗਾ ਨਹੀਂ ਹੈ।' ਅਦਾਲਤ ਨੇ ਕੇਜਰੀਵਾਲ ਨੂੰ ਆਪਣੀ ਪਤਨੀ ਸੁਨੀਤਾ ਕੇਜਰੀਵਾਲ ਨੂੰ ਕੋਰਟ ਰੂਮ ਵਿਚ ਮਿਲਣ ਦੀ ਇਜਾਜ਼ਤ ਦਿੱਤੀ।

ਈ.ਡੀ. ਨੇ ਪਿਛਲਾ ਰਿਮਾਂਡ ਖਤਮ ਹੋਣ ਮਗਰੋਂ ਕੇਜਰੀਵਾਲ ਨੂੰ



ਅਦਾਲਤ 'ਚ ਅਰਵਿੰਦ ਕੇਜਰੀਵਾਲ ਨੂੰ ਪੇਸ਼ ਕਰਨ ਲਈ ਲਿਜਾਂਦੇ ਹੋਏ ਈ.ਡੀ. ਦੇ ਅਧਿਕਾਰੀ।

ਮੁੜ ਵਿਸ਼ੇਸ਼ ਜੱਜ ਕਾਵੇਰੀ ਬਾਵੇਜਾ ਦੀ ਅਦਾਲਤ ਵਿਚ ਪੇਸ਼ ਕੀਤਾ। ਈ.ਡੀ. ਨੇ ਅਦਾਲਤ ਤੋਂ ਕੇਜਰੀਵਾਲ ਦੀ 15 ਦਿਨਾਂ ਨਿਆਂਇਕ ਹਿਰਾਸਤ ਦੀ ਮੰਗ ਕਰਦਿਆਂ ਕਿਹਾ ਕਿ ਉਹ ਮਾਮਲੇ 'ਚ ਸਹਿਯੋਗ ਨਹੀਂ ਕਰ ਰਹੇ। ਇਸ ਮਗਰੋਂ ਅਦਾਲਤ ਨੇ ਕੇਜਰੀਵਾਲ ਨੂੰ 15 ਦਿਨ ਲਈ ਤਿਹਾੜ ਜੇਲ੍ਹ ਭੇਜ ਦਿੱਤਾ। ਸੁਣਵਾਈ ਦੌਰਾਨ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਤੇ ਮੰਤਰੀ ਸੌਰਭ ਭਾਰਦਵਾਜ ਵੀ ਅਦਾਲਤ ਵਿਚ ਹਾਜ਼ਰ ਸਨ। ਅਧਿਕਾਰੀਆਂ ਨੇ ਦੱਸਿਆ ਕਿ ਕੇਜਰੀਵਾਲ ਨੂੰ ਤਿਹਾੜ ਜੇਲ੍ਹ ਨੰਬਰ ਦੋ ਵਿਚ ਰੱਖਿਆ ਜਾਵੇਗਾ। ਉਨ੍ਹਾਂ ਨੂੰ ਮੈਡੀਕਲ ਜਾਂਚ ਮਗਰੋਂ ਵੱਖਰੇ ਸੈੱਲ ਵਿਚ ਰੱਖਿਆ ਜਾਵੇਗਾ। ਉਨ੍ਹਾਂ ਨੂੰ ਖਾਣੇ ਬਾਬਤ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ ਤੇ ਉਨ੍ਹਾਂ ਨੂੰ ਜੇਲ੍ਹ ਮੈਨੂਅਲ ਨੂੰ ਅਪਣਾਉਣਾ ਹੋਵੇਗਾ।

ਈ.ਡੀ. ਨੇ 21 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਸੀ। ਸੂਤਰਾਂ ਮੁਤਾਬਕ ਈ.ਡੀ. ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਕੇਜਰੀਵਾਲ ਨੇ ਅਦਾਲਤ ਨੂੰ ਦੱਸਿਆ ਕਿ ਆਤਿਸ਼ੀ ਤੇ ਸੌਰਭ ਭਾਰਦਵਾਜ ਨੂੰ ਵਿਜੈ ਨਾਇਰ ਰਿਪੋਰਟ ਦਿੰਦਾ ਸੀ। ਇਸ ਤੋਂ ਪਹਿਲਾਂ 28 ਮਾਰਚ ਨੂੰ ਅਦਾਲਤ ਨੇ ਕੇਜਰੀਵਾਲ ਦੇ ਰਿਮਾਂਡ ਵਿਚ ਚਾਰ ਦਿਨ ਦਾ ਵਾਧਾ ਕੀਤਾ ਸੀ। ਕੇਜਰੀਵਾਲ ਦੇ ਵਕੀਲ ਨੇ ਈ.ਡੀ. ਦੀ 15 ਦਿਨਾਂ ਦੀ ਨਿਆਂਇਕ ਹਿਰਾਸਤ ਦੌਰਾਨ ਅਦਾਲਤ ਤੋਂ ਤਿੰਨ ਕਿਤਾਬਾਂ ਪੜ੍ਹਨ ਦੀ ਇਜਾਜ਼ਤ ਮੰਗੀ ਹੈ। ਉਨ੍ਹਾਂ ਵਿਚ ਭਗਵਦ ਗੀਤਾ, ਰਾਮਾਇਣ ਅਤੇ ਨੀਰਜਾ ਚੌਧਰੀ ਦੀ 'ਪ੍ਰਾਈਮ ਮਿਨਿਸਟਰਜ਼ ਡਿਸਾਈਡ' ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਇਸੇ ਕੇਸ ਵਿਚ ਪਿਛਲੇ ਸਾਲ ਅਕਤੂਬਰ ਮਹੀਨੇ ਗ੍ਰਿਫ਼ਤਾਰ ਕੀਤੇ ਗਏ 'ਆਪ' ਆਗੂ ਸੰਜੈ ਸਿੰਘ ਨੂੰ ਵੀ ਜੇਲ੍ਹ ਨੰਬਰ 2 ਵਿਚ ਰੱਖਿਆ ਗਿਆ ਸੀ ਅਤੇ ਪਿੱਛੇ ਜਿਹੇ ਉਨ੍ਹਾਂ ਨੂੰ ਜੇਲ੍ਹ ਨੰਬਰ 5 'ਚ ਤਬਦੀਲ ਕੀਤਾ ਗਿਆ ਹੈ। ਸਾਬਕਾ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਜੇਲ੍ਹ ਨੰਬਰ 1, ਜਦਕਿ ਬੀ.ਆਰ.ਐੱਸ. ਆਗੂ ਕੇ ਕਵਿਤਾ ਮਹਿਲਾ ਜੇਲ੍ਹ ਦੀ ਜੇਲ੍ਹ ਨੰਬਰ 6 'ਚ ਬੰਦ ਹਨ।

# ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਕੀਤੀ ਟਿੱਪਣੀ ਮਾਮਲੇ 'ਚ ਅਮਰੀਕੀ ਸਫ਼ੀਰ ਤਲਬ

ਨਵੀਂ ਦਿੱਲੀ, (ਪੰਜਾਬ ਮੇਲ)- ਅਮਰੀਕੀ ਵਿਦੇਸ਼ ਵਿਭਾਗ ਦੇ ਤਰਜਮਾਨ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਕੀਤੀਆਂ ਟਿੱਪਣੀਆਂ ਤੋਂ ਇਕ ਦਿਨ ਮਗਰੋਂ ਭਾਰਤ ਨੇ ਸੀਨੀਅਰ ਅਮਰੀਕੀ ਸਫ਼ੀਰ ਨੂੰ ਤਲਬ ਕਰਕੇ ਸਖ਼ਤ ਰੋਸ ਜਤਾਇਆ ਹੈ। ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਅਮਰੀਕੀ ਮਿਸ਼ਨ ਵਿਚ ਕਾਰਜਕਾਰੀ ਡਿਪਟੀ ਚੀਫ਼ ਗਲੋਰੀਆ ਬਾਰਬੇਨਾ ਨੂੰ ਆਪਣੇ ਸਾਊਥ ਬਲਾਕ ਸਥਿਤ ਦਫ਼ਤਰ ਵਿਚ ਸੱਦਿਆ। ਇਹ ਮੀਟਿੰਗ ਅੱਧੇ ਘੰਟੇ ਦੇ ਕਰੀਬ ਚੱਲੀ। ਚੇਤੇ ਰਹੇ ਕਿ ਅਮਰੀਕੀ ਵਿਦੇਸ਼ ਵਿਭਾਗ ਦੇ ਅਧਿਕਾਰੀ ਨੇ ਕਿਹਾ ਸੀ ਕਿ ਉਹ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ



ਨੂੰ ਨੇੜਿਓਂ ਵਾਚ ਰਹੇ ਹਨ ਤੇ ਕੇਜਰੀਵਾਲ ਨੂੰ ਨਿਰਪੱਖ ਤੇ ਪਾਰਦਰਸ਼ੀ ਕਾਨੂੰਨੀ ਪ੍ਰਕਿਰਿਆ ਤੇ ਸੁਣਵਾਈ ਦਾ ਮੌਕਾ ਮਿਲਣਾ ਚਾਹੀਦਾ ਹੈ। ਵਿਦੇਸ਼ ਮੰਤਰਾਲੇ ਨੇ ਮਗਰੋਂ ਇਕ ਬਿਆਨ ਵਿਚ ਕਿਹਾ, "ਅਸੀਂ ਅਮਰੀਕੀ ਵਿਦੇਸ਼ ਵਿਭਾਗ ਦੇ ਤਰਜਮਾਨ ਵੱਲੋਂ ਭਾਰਤ 'ਚ ਕੁਝ ਕਾਨੂੰਨੀ ਕਾਰਵਾਈਆਂ ਨੂੰ ਲੈ ਕੇ ਕੀਤੀਆਂ ਟਿੱਪਣੀਆਂ 'ਤੇ ਸਖ਼ਤ ਇਤਰਾਜ਼ ਜਤਾਇਆ ਹੈ।" ਬਿਆਨ ਵਿਚ ਕਿਹਾ ਗਿਆ, "ਕੂਟਨੀਤੀ 'ਚ ਦੇਸ਼ਾਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਦੂਜਿਆਂ ਦੀ ਪ੍ਰਭੂਸੱਤਾ ਤੇ ਅੰਦਰੂਨੀ ਮਾਮਲਿਆਂ ਦਾ ਸਤਿਕਾਰ ਕਰਨਗੇ। ਇਕ ਦੂਜੇ ਦਾ ਸਹਿਯੋਗ ਕਰਨ ਵਾਲੀਆਂ ਜਮਹੂਰੀਅਤਾਂ ਹੋਣ ਦੇ ਨਾਤੇ ਇਹ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਨਹੀਂ ਤਾਂ ਇਹ ਗ਼ੈਰ-ਸਿਹਤਮੰਦ ਮਿਸਾਲਾਂ ਨੂੰ ਸਥਾਪਤ ਕਰ ਸਕਦਾ ਹੈ।" ਭਾਰਤ ਦੀ ਜਮਹੂਰੀ ਪ੍ਰਕਿਰਿਆ "ਨਿਰਪੱਖ ਨਿਆਂਪਾਲਿਕਾ 'ਤੇ ਆਧਾਰਿਤ ਹੈ, ਜੋ ਉਦੇਸ਼ਪੂਰਨ ਤੇ ਸਮੇਂ ਸਿਰ ਨਤੀਜਿਆਂ ਲਈ ਵਚਨਬੱਧ ਹੈ।" ਜਰਮਨੀ ਮਗਰੋਂ ਅਮਰੀਕਾ ਨੇ ਇਸ ਮਾਮਲੇ ਵਿਚ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ।

# 'ਐਪਲ' ਵੱਲੋਂ ਕੇਜਰੀਵਾਲ ਦਾ ਆਈਫੋਨ ਅਨਲੌਕ ਕਰਨ ਤੋਂ ਇਨਕਾਰ

- ਫੋਨ ਡਾਟਾ ਜਾਂਚ ਕਰਨ ਲਈ ਈ.ਡੀ. ਨੇ 'ਐਪਲ' ਕੰਪਨੀ ਕੋਲ ਕੀਤੀ ਪਹੁੰਚ

ਨਵੀਂ ਦਿੱਲੀ, (ਪੰਜਾਬ ਮੇਲ)- ਸ਼ਰਾਬ ਘੁਟਾਲੇ ਦੇ ਮਾਮਲੇ 'ਚ ਈ.ਡੀ. ਵੱਲੋਂ ਗ੍ਰਿਫ਼ਤਾਰ ਕੀਤੇ ਗਏ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਬਾਰੇ ਇਕ ਨਵੀਂ ਅਪਡੇਟ ਸਾਹਮਣੇ ਆਈ ਹੈ। ਜਾਣਕਾਰੀ ਮੁਤਾਬਕ ਈ.ਡੀ. ਨੇ ਕੇਜਰੀਵਾਲ ਦੇ ਆਈਫੋਨ ਦੇ ਡਾਟਾ ਦੀ ਜਾਂਚ ਕਰਨ ਲਈ ਉਨ੍ਹਾਂ ਦੇ ਫ਼ੋਨ ਨੂੰ ਅਨਲੌਕ ਕਰਵਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਉਨ੍ਹਾਂ ਨੂੰ ਸਫ਼ਲਤਾ ਨਹੀਂ ਮਿਲ ਸਕੀ, ਜਿਸ ਕਾਰਨ ਫ਼ੋਨ ਨੂੰ ਅਨਲੌਕ ਕਰਵਾਉਣ ਲਈ ਈ.ਡੀ. ਨੇ 'ਐਪਲ' ਕੰਪਨੀ ਕੋਲ ਪਹੁੰਚ ਕੀਤੀ ਹੈ। ਜਾਣਕਾਰੀ ਮੁਤਾਬਕ ਈ.ਡੀ. ਦੀ ਹਿਰਾਸਤ 'ਚ ਰਹਿੰਦਿਆਂ ਈ.ਡੀ. ਵੱਲੋਂ ਕੇਜਰੀਵਾਲ ਤੋਂ ਲਗਾਤਾਰ ਸਵਾਲ ਪੁੱਛੇ ਜਾ ਰਹੇ ਹਨ ਤੇ ਕੇਜਰੀਵਾਲ ਦੇ ਫ਼ੋਨ ਦਾ ਡਾਟਾ ਚੈੱਕ ਕਰਵਾਉਣ ਲਈ ਉਸ ਨੂੰ ਅਨਲੌਕ ਕਰਵਾਉਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਜਾ ਰਹੀਆਂ ਹਨ। ਇਸ 'ਤੇ ਜਦੋਂ ਈ.ਡੀ. ਨੇ ਕੇਜਰੀਵਾਲ ਦਾ ਫੋਨ ਅਨਲੌਕ ਕਰਵਾਉਣ ਲਈ 'ਐਪਲ' ਕੋਲ ਪਹੁੰਚ ਕੀਤੀ, ਤਾਂ ਉਨ੍ਹਾਂ ਨੇ ਈ.ਡੀ. ਦੀ ਮਦਦ ਕਰਨ ਤੋਂ ਇਨਕਾਰ ਕਰ ਦਿੱਤਾ। ਕੰਪਨੀ ਨੇ ਕਿਹਾ ਕਿ ਫ਼ੋਨ ਨੂੰ ਅਨਲੌਕ ਕਰਨ ਲਈ ਪਾਸਵਰਡ ਜ਼ਰੂਰੀ ਹੈ ਤੇ ਇਸ ਤੋਂ ਬਗੈਰ ਫ਼ੋਨ ਨੂੰ ਅਨਲੌਕ ਨਹੀਂ ਕੀਤਾ ਜਾ ਸਕਦਾ।

ਜ਼ਿਕਰਯੋਗ ਹੈ ਕਿ ਈ.ਡੀ. ਵੱਲੋਂ ਸ਼ਰਾਬ ਘੁਟਾਲੇ ਦੇ ਮਾਮਲੇ 'ਚ ਭ੍ਰਿਸ਼ਟਾਚਾਰ ਦੇ ਦੋਸ਼ ਲਗਾਉਂਦੇ ਹੋਏ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਅਦਾਲਤ 'ਚ ਅਦਾਲਤ 'ਚ ਸੁਣਵਾਈ ਤੋਂ ਬਾਅਦ ਬੀਤੇ ਦਿਨੀਂ ਉਨ੍ਹਾਂ ਨੂੰ 15 ਦਿਨ ਦੀ ਨਿਆਂਇਕ ਹਿਰਾਸਤ ਦੌਰਾਨ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਇਸ ਮਾਮਲੇ 'ਚ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਸਤੇਂਦਰ ਜੈਨ ਅਤੇ ਸੰਜੈ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਅੰਗਹੀਣ ਵਿਅਕਤੀਆਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ੍ਰੀ ਮੁਕਤਸਰ ਸਾਹਿਬ ਵਿਖੇ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ 37 ਅੰਗਹੀਣ ਵਿਅਕਤੀਆਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿਚ ਤਕਸੀਮ ਕੀਤੇ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਅੰਗਹੀਣ ਵਿਅਕਤੀ ਕੰਮ ਕਰਨ ਤੋਂ ਅਸਮਰਥ ਹਨ ਅਤੇ ਕੋਈ ਵੀ ਕਮਾਈ ਦਾ ਸਾਧਨ ਨਹੀਂ ਹੈ। ਅਜਿਹੀਆਂ ਪ੍ਰਸਥਿਤੀਆਂ ਵਿਚ ਅਕਸਰ ਇਹ ਲੋਕ ਹੀਣ ਭਾਵਨਾ ਦਾ ਸ਼ਿਕਾਰ ਹੋ ਕੇ ਨਿਰਾਸ਼ਾ ਦੇ ਆਲਮ ਵਿਚ ਚਲੇ ਜਾਂਦੇ ਹਨ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਨ੍ਹਾਂ ਲੋਕਾਂ ਦੀ ਪਹਿਚਾਣ ਕਰਕੇ ਡਾ. ਓਬਰਾਏ ਨੂੰ ਭੇਜੀ ਜਾਂਦੀ ਹੈ, ਤਾਂ ਡਾ. ਓਬਰਾਏ ਇਨ੍ਹਾਂ ਦੀ ਬਾਂਹ ਪਹਿਲ ਦੇ ਆਧਾਰ ’ਤੇ ਫੜਦੇ ਹਨ। ਅੰਗਹੀਣ ਵਿਅਕਤੀਆਂ ਨੇ ਇਸ ਮੌਕੇ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਹਮੇਸ਼ਾ ਸਾਡੀ ਲਾਠੀ ਬਣਕੇ ਸਾਡੇ ਨਾਲ ਖੜ੍ਹੇ ਹਨ, ਜੋ ਸਾਨੂੰ ਸਮੇਂ-ਸਮੇਂ ’ਤੇ ਸਹਾਇਤਾ ਰਾਸ਼ੀ ਭੇਜਦੇ ਰਹਿੰਦੇ ਹਨ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਮਾਲਵਾ ਜੋਨ ਨੇ ਦੱਸਿਆ ਕਿ ਟਰੱਸਟ ਦੀ ਕੋਈ ਵੀ ਰਸੀਦਬੁਕ ਨਹੀਂ ਹੈ। ਇਹ ਰਾਸ਼ੀ ਡਾ. ਓਬਰਾਏ ਵੱਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਇੰਚਾਰਜ ਪ੍ਰਿੰਸੀਪਲ, ਬਲਜੀਤ ਸਿੰਘ ਮਾਨ ਰਿਟਾਇਰਡ ਪ੍ਰਿੰਸੀਪਲ, ਅਸ਼ੋਕ ਕੁਮਾਰ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਗੁਰਜੀਤ ਸਿੰਘ ਜੀਤਾ ਇੰਚਾਰਜ ਮਹੀਨਾਵਾਰ ਪੈਨਸ਼ਨ ਵੰਡ ਸਮਾਰੋਹ, ਗੁਰਪਾਲ ਸਿੰਘ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ. ਅਤੇ ਸੋਮਨਾਥ ਆਦਿ ਹਾਜ਼ਰ ਸਨ।

# ਸ੍ਰੀ ਆਨੰਦਪੁਰ ਸਾਹਿਬ ਹਲਕੇ ਤੋਂ ਜਿੱਤਣਾ ‘ਆਪ’ ਤੇ ਭਾਜਪਾ ਲਈ ਵੱਡੀ ਚੁਣੌਤੀ!



**ਪ੍ਰੇਮ ਸਿੰਘ ਚੰਦੂਮਾਜਰਾ, ਡਾ. ਦਲਜੀਤ ਸਿੰਘ ਚੀਮਾ, ਮਾਲਵਿੰਦਰ ਸਿੰਘ ਕੰਗ, ਮਨੀਸ਼ ਤਿਵਾੜੀ, ਬਲਬੀਰ ਸਿੰਘ ਸਿੱਧੂ ਤੇ ਅਜੈਵੀਰ ਲਾਲਪੁਰਾ।**

**ਐੱਸ.ਏ.ਐੱਸ. ਨਗਰ (ਮੁਹਾਲੀ), (ਪੰਜਾਬ ਮੇਲ)**- ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਵਿਚ ਆਮ ਆਦਮੀ ਪਾਰਟੀ ਅਤੇ ਭਾਜਪਾ ਲਈ ਸੀਟ ਜਿੱਤਣਾ ਕਿਸੇ ਵੱਡੀ ਚੁਣੌਤੀ ਤੋਂ ਘੱਟ ਨਹੀਂ ਹੈ। ਇਸ ਹਲਕੇ ਤੋਂ ਵਾਰੋ-ਵਾਰੀ ਕਾਂਗਰਸ ਅਤੇ ਅਕਾਲੀ ਉਮੀਦਵਾਰ ਹੀ ਚੋਣ ਜਿੱਤਦੇ ਰਹੇ ਹਨ। ਸਾਲ 2009 ਵਿਚ ਸ੍ਰੀ ਆਨੰਦਪੁਰ ਸਾਹਿਬ ਹਲਕਾ ਹੋਂਦ ਵਿਚ ਆਇਆ ਸੀ। ਇਸ ਤੋਂ ਪਹਿਲਾਂ ਇਹ ਇਲਾਕਾ ਰੂਪਨਗਰ ਲੋਕ ਸਭਾ ਹਲਕੇ ਦਾ ਹਿੱਸਾ ਸੀ।

ਸ੍ਰੀ ਆਨੰਦਪੁਰ ਸਾਹਿਬ ਹਲਕੇ ’ਚੋਂ ਕਾਂਗਰਸੀ ਉਮੀਦਵਾਰ ਰਵਨੀਤ ਸਿੰਘ ਬਿੱਟੂ ਪਹਿਲੀ ਵਾਰ ਚੋਣ ਜਿੱਤੇ ਸਨ। ਉਨ੍ਹਾਂ ਨੇ ਅਕਾਲੀ ਦਲ ਦੇ ਉਮੀਦਵਾਰ ਦਲਜੀਤ ਸਿੰਘ ਚੀਮਾ ਨੂੰ ਹਰਾਇਆ ਸੀ। 2014 ਵਿਚ ਬਿੱਟੂ ਨੂੰ ਆਪਣੇ ਪਿਤਰੀ ਹਲਕੇ ਲੁਧਿਆਣਾ ਦਾ ਮੋਹ ਜਾਗ ਪਿਆ। ਉਹ ਲੁਧਿਆਣਾ ਤੋਂ ਵੀ ਚੋਣ ਜਿੱਤ ਗਏ। ਉਧਰ, ਸ੍ਰੀ ਆਨੰਦਪੁਰ ਸਾਹਿਬ ਤੋਂ ਕਾਂਗਰਸ ਦੀ ਅੰਬਿਕਾ ਸੋਨੀ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਤੋਂ ਚੋਣ ਹਾਰ ਗਏ। ਮਗਰੋਂ 2019 ਵਿਚ ਚੰਦੂਮਾਜਰਾ ਨੂੰ ਕਾਂਗਰਸ ਦੇ ਮਨੀਸ਼ ਤਿਵਾੜੀ ਨੇ ਹਰਾਇਆ।

ਇਸ ਵਾਰ ਭਾਜਪਾ ਆਪਣੇ ਬਲਬੂਤੇ ’ਤੇ ਲੋਕ ਸਭਾ ਚੋਣਾਂ ਲੜ ਰਹੀ ਹੈ। ਜਦੋਂਕਿ ਇਸ ਤੋਂ ਪਹਿਲਾਂ ਅਕਾਲੀ ਦਲ ਨਾਲ ਮਿਲ ਕੇ ਚੋਣਾਂ ਲੜੀਆਂ ਜਾਂਦੀਆਂ ਰਹੀਆਂ ਹਨ। ਬਸਪਾ ਵੀ ਆਪਣੇ ਦਮ ’ਤੇ ਚੋਣ ਲੜੇਗੀ। ‘ਆਪ’ ਵੱਲੋਂ ਮਾਲਵਿੰਦਰ ਸਿੰਘ ਕੰਗ, ਦੀਪਕ ਬਾਲੀ ਅਤੇ ਨਰਿੰਦਰ ਸਿੰਘ ਸ਼ੇਰਗਿੱਲ ਚੋਣ ਲੜਨ ਦੇ ਚਾਹਵਾਨ ਹਨ, ਜਦੋਂਕਿ ਅਕਾਲੀ ਦਲ ਵੱਲੋਂ ਸਾਬਕਾ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ ਚੋਣ ਲੜਨ ਦੇ ਚਾਹਵਾਨ ਹਨ। ਕਾਂਗਰਸ ਵੱਲੋਂ ਮੌਜੂਦਾ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ, ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ, ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਅਤੇ ਅੰਗਦ ਸਿੰਘ ਸੈਣੀ ਚੋਣ ਲੜਨ ਦੇ ਚਾਹਵਾਨ ਹਨ। ਭਾਜਪਾ ਵੱਲੋਂ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਦੇ ਪੁੱਤਰ ਅਜੈ ਬੀਰ ਸਿੰਘ ਲਾਲਪੁਰਾ, ਸੁਖਵਿੰਦਰ ਸਿੰਘ ਗੋਲਡੀ, ਸੁਭਾਸ਼ ਸ਼ਰਮਾ, ਕਮਲਦੀਪ ਸਿੰਘ ਸੈਣੀ, ਅਮਰੀਕ ਸਿੰਘ ਹੈਪੀ ਟਿਕਟ ਦੀ ਦੌੜ ਵਿਚ ਸ਼ਾਮਲ ਹਨ ਪ੍ਰੰਤੂ ਸੂਤਰ ਦੱਸਦੇ ਹਨ ਕਿ ਕਈ ਕਾਂਗਰਸੀਆਂ ਦੇ ਭਾਜਪਾ ਵਿਚ ਸ਼ਾਮਲ ਹੋਣ ਦੀ ਗੱਲ ਕਹੀ ਜਾ ਰਹੀ ਹੈ। ਉਸ ਮਗਰੋਂ ਸਥਿਤੀ ਸਪੱਸ਼ਟ ਹੋਵੇਗੀ।

# ਬੰਦੀ ਸਿੰਘ ਭਾਈ ਗੁਰਮੀਤ ਸਿੰਘ ਦੀ ਪੱਕੀ ਜ਼ਮਾਨਤ ਰੱਦ ਕਰਨਾ ਮੰਦਭਾਗਾ : ਐਡਵੋਕੇਟ ਧਾਮੀ



**ਅੰਮ੍ਰਿਤਸਰ, (ਪੰਜਾਬ ਮੇਲ)**- ਕਰੀਬ ਤਿੰਨ ਦਹਾਕੇ ਜੇਲ੍ਹ ਵਿਚ ਨਜ਼ਰਬੰਦ ਰਹੇ ਭਾਈ ਗੁਰਮੀਤ ਸਿੰਘ ਨੂੰ ਮਿਲੀ ਪੱਕੀ ਜ਼ਮਾਨਤ ਰੱਦ ਕਰਨਾ ਬੇਹੱਦ ਮੰਦਭਾਗਾ ਹੈ। ਇਹ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਕ ਪਾਸੇ ਸਿੱਖ ਕੌਮ ਸਮੁੱਚੇ ਬੰਦੀ ਸਿੰਘਾਂ ਦੀ ਰਿਹਾਈ ਮੰਗ ਰਹੀ ਹੈ, ਜਦਕਿ ਦੂਜੇ ਪਾਸੇ ਪਹਿਲਾਂ ਤੋਂ ਪੱਕੀ ਜ਼ਮਾਨਤ ’ਤੇ ਆਏ ਸਿੰਘਾਂ ਦੀਆਂ ਜ਼ਮਾਨਤਾਂ ਰੱਦ ਕਰਕੇ ਹੋਰ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਇੰਜ ਲੱਗਦਾ ਹੈ ਕਿ ਜਿਵੇਂ ਸਰਕਾਰਾਂ ਜਾਣਬੁੱਝ ਕੇ ਸਿੱਖ ਮਸਲਿਆਂ ਨੂੰ ਉਲਝਾਈ ਰੱਖ ਕੇ ਆਪਣੇ ਰਾਜਸੀ ਹਿੱਤ ਪੂਰੇ ਕਰਨਾ ਚਾਹੁੰਦੀਆਂ ਹਨ। ਐਡਵੋਕੇਟ ਧਾਮੀ ਨੇ ਸਰਕਾਰਾਂ ਨੂੰ ਇਸ ਮਾਮਲੇ ਵਿਚ ਮਨੁੱਖੀ ਅਧਿਕਾਰਾਂ ਦੀ ਅਣਦੇਖੀ ਤੋਂ ਗੁਰੇਜ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਸਾਫ਼ ਤੌਰ ’ਤੇ ਕਿਹਾ ਕਿ ਮਨੁੱਖੀ ਹੱਕਾਂ, ਹਕੂਕਾਂ ਦੇ ਵਿਰੁੱਧ ਸਰਕਾਰਾਂ ਅਤੇ ਪ੍ਰਸ਼ਾਸਨ ਦੀ ਕਾਰਜਸ਼ੈਲੀ ਸਮਾਜ ਲਈ ਠੀਕ ਨਹੀਂ ਹੈ। ਜੇਕਰ ਸਰਕਾਰਾਂ ਇਸੇ ਨੀਤੀ ’ਤੇ ਚੱਲਦੀਆਂ ਰਹੀਆਂ, ਤਾਂ ਦੇਸ਼ ਦੇ ਸੰਵਿਧਾਨ ਅਤੇ ਸਰਕਾਰਾਂ ਤੋਂ ਲੋਕਾਂ ਦਾ ਭਰੋਸਾ ਉਠਣਾ ਦੂਰ ਨਹੀਂ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਭਾਈ ਗੁਰਮੀਤ ਸਿੰਘ ਦੀ ਸ਼ਖ਼ਸੀਅਤ ਅਤੇ ਚਾਲ-ਚਲਣ ਚੰਗਾ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਪੱਕੀ ਜ਼ਮਾਨਤ ਰੱਦ ਕਰਕੇ ਮੁੜ ਜੇਲ੍ਹ ਭੇਜਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਈ ਗੁਰਮੀਤ ਸਿੰਘ ਇੰਜੀਨੀਅਰ ਦੀ ਜ਼ਮਾਨਤ ਰੱਦ ਕੀਤੇ ਜਾਣ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਹਰ ਪੱਧਰ ਦੇ ਸਹਿਯੋਗ ਦੀ ਵਚਨਬੱਧਤਾ ਪ੍ਰਗਟਾਉਂਦਿਆਂ ਕਿਹਾ ਕਿ ਸਿੱਖ ਸੰਸਥਾ ਪਹਿਲਾਂ ਵੀ ਬੰਦੀ ਸਿੰਘਾਂ ਦੇ ਮਾਮਲੇ ਵਿਚ ਕਦੇ ਖ਼ਾਮੋਸ਼ ਨਹੀਂ ਰਹੀ ਅਤੇ ਭਵਿੱਖ ਵਿਚ ਵੀ ਬੰਦੀ ਸਿੰਘਾਂ ਦੇ ਹੱਕ ਵਿਚ ਯਤਨ ਜਾਰੀ ਰੱਖੇ ਜਾਣਗੇ। ਉਨ੍ਹਾਂ ਕਿਹਾ ਕਿ ਭਾਈ ਗੁਰਮੀਤ ਸਿੰਘ ਦੇ ਪਰਿਵਾਰ ਨਾਲ ਸੰਪਰਕ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਹਰ ਲੋੜੀਂਦਾ ਸਹਿਯੋਗ ਕੀਤਾ ਜਾਵੇਗਾ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**




# ਪੰਜਾਬ ਪੁਲਿਸ ਵੱਲੋਂ ਹਥਿਆਰਾਂ ਦੀ ਤਸਕਰੀ ਦੇ ਅੰਤਰਰਾਜੀ ਰੈਕੇਟ ਦਾ ਪਰਦਾਫਾਸ਼

- 9 ਪਿਸਤੌਲਾਂ ਅਤੇ ਸਵਿਫ਼ਟ ਕਾਰ ਸਮੇਤ ਚਾਰ ਵਿਅਕਤੀ ਗ੍ਰਿਫ਼ਤਾਰ
- ਗ੍ਰਿਫ਼ਤਾਰ ਮੁਲਜ਼ਮ ਮੱਧ ਪ੍ਰਦੇਸ਼ ਤੋਂ ਹਥਿਆਰਾਂ ਦੀ ਤਸਕਰੀ ਕਰਕੇ ਪੰਜਾਬ ਅਤੇ ਹੋਰ ਰਾਜਾਂ ਵਿਚ ਕਰਦੇ ਸਨ ਸਪਲਾਈ-ਡੀ.ਜੀ.ਪੀ. ਗੌਰਵ ਯਾਦਵ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਪੁਲਿਸ ਨੇ ਇੱਕ ਵੱਡੀ ਸਫ਼ਲਤਾ ਹਾਸਲ ਕਰਦਿਆਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਦੇ ਅੰਤਰਰਾਜੀ ਰੈਕੇਟ ਦਾ ਪਰਦਾਫਾਸ਼ ਕਰਕੇ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ 'ਚੋਂ .32 ਬੋਰ ਦੇ 9 ਦੇਸੀ ਪਿਸਤੌਲ ਅਤੇ ਅੱਠ ਜਿੰਦਾ ਕਾਰਤੂਸ ਬਰਾਮਦ ਕੀਤੇ ਹਨ।

ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਮਨਜੋਤ ਸਿੰਘ ਵਾਸੀ ਚਕਰ (ਲੁਧਿਆਣਾ), ਕੁਲਦੀਪ ਸਿੰਘ ਉਰਫ਼ ਮਾਣਕ ਵਾਸੀ ਪਿੰਡ ਲਹਿਰਾ (ਲੁਧਿਆਣਾ), ਸੁਖਚੈਨ ਸਿੰਘ ਵਾਸੀ ਪਿੰਡ ਮੂਮ (ਬਰਨਾਲਾ) ਅਤੇ ਸੰਦੀਪ ਸਿੰਘ ਵਾਸੀ ਪਿੰਡ ਭੈਣੀ ਗੁੱਜਰਾਂ (ਲੁਧਿਆਣਾ) ਵਜੋਂ ਹੋਈ ਹੈ।

ਜ਼ਿਕਰਯੋਗ ਹੈ ਕਿ ਕੁਲਦੀਪ ਸਿੰਘ ਉਰਫ਼ ਮਾਣਕ ਅਤੇ ਗੁਰਮਨਜੋਤ ਸਿੰਘ ਸਾਲ 2016 ਵਿਚ ਲੁਧਿਆਣਾ ਜੇਲ੍ਹ ਵਿਚ ਇੱਕ-ਦੂਜੇ ਨੂੰ ਮਿਲੇ ਸਨ। ਦੋਵੇਂ ਮੁਲਜ਼ਮਾਂ ਦਾ ਪੁਰਾਣਾ ਅਪਰਾਧਿਕ ਰਿਕਾਰਡ ਹੈ, ਜਿਨ੍ਹਾਂ ਖ਼ਿਲਾਫ਼ ਕਤਲ ਦੀ ਕੋਸ਼ਿਸ਼, ਅਸਲਾ ਐਕਟ, ਲੁੱਟ-ਖਸੁੱਟ, ਚੋਰੀ ਆਦਿ ਵਰਗੇ ਕਈ ਕੇਸ ਦਰਜ ਹਨ ਅਤੇ ਦੋਵੇਂ ਮੁਲਜ਼ਮ ਇਸ ਸਮੇਂ ਜ਼ਮਾਨਤ 'ਤੇ ਬਾਹਰ ਸਨ। ਦੱਸਣਯੋਗ ਹੈ ਕਿ ਮੁਲਜ਼ਮ ਗੁਰਮਨਜੋਤ ਸਾਲ 2022 ਦੌਰਾਨ ਲੁਧਿਆਣਾ ਜੇਲ੍ਹ ਵਿਚ ਮੱਧ ਪ੍ਰਦੇਸ਼ ਆਧਾਰਿਤ ਗੈਰ-ਕਾਨੂੰਨੀ ਹਥਿਆਰਾਂ ਦੇ ਤਸਕਰਾਂ ਦੇ ਸੰਪਰਕ ਵਿਚ ਆਇਆ ਸੀ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਪੁਲਿਸ ਨੂੰ ਹਥਿਆਰਾਂ ਦੇ ਤਸਕਰਾਂ ਦੀਆਂ ਗਤੀਵਿਧੀਆਂ ਬਾਰੇ ਖੁਫ਼ੀਆ ਜਾਣਕਾਰੀ ਮਿਲੀ ਸੀ ਕਿ ਉਹ ਮੱਧ ਪ੍ਰਦੇਸ਼ ਦੇ ਬੜਵਾਨੀ ਜ਼ਿਲ੍ਹੇ ਦੇ ਸੇਂਧਵਾਂ ਤੋਂ ਗੈਰ-ਕਾਨੂੰਨੀ ਹਥਿਆਰ ਅਤੇ ਗੋਲੀ-ਸਿੱਕਾ ਲਿਆ ਕੇ ਸੂਬੇ ਵਿਚ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਦੀ ਫ਼ਿਰਾਕ ਵਿਚ ਹਨ, ਜਿਸ ਉਪਰੰਤ ਸਟੇਟ ਸਪੈਸ਼ਲ ਆਪਰੇਟਿੰਗ ਸੈੱਲ (ਐੱਸ.ਐੱਸ.ਓ.ਸੀ.) ਐੱਸ.ਏ.ਐੱਸ. ਨਗਰ ਦੀਆਂ ਪੁਲਿਸ ਟੀਮਾਂ ਨੇ ਪਟਿਆਲਾ ਦੇ ਪਾਤੜਾਂ-ਖਨੌਰੀ ਰੋਡ 'ਤੇ ਨਾਕਾ ਲਗਾਇਆ।

ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਚਿੱਟੇ ਰੰਗ ਦੀ ਸਵਿਫਟ ਕਾਰ (ਪੀਬੀ 10 ਜੀਜੀ 9014) ਵਿਚ ਸਵਾਰ ਸਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ 9 ਪਿਸਤੌਲਾਂ, ਜਿਨ੍ਹਾਂ 'ਤੇ 'ਸਟਾਰ' ਦਾ ਨਿਸ਼ਾਨ ਬਣਿਆ ਹੋਇਆ ਸੀ ਅਤੇ ਕਾਰ ਬਰਾਮਦ ਕਰ ਲਈ ਹੈ।

ਉਨ੍ਹਾਂ ਦੱਸਿਆ ਕਿ ਮੁੱਢਲੀ ਪੁੱਛਗਿੱਛ ਤੋਂ ਪਤਾ ਚੱਲਿਆ ਹੈ ਕਿ ਫੜੇ ਗਏ ਮੁਲਜ਼ਮਾਂ ਵੱਲੋਂ ਇਨ੍ਹਾਂ ਵਿਚੋਂ ਕੁਝ ਹਥਿਆਰਾਂ ਦੀ ਵਰਤੋਂ ਟਾਰਗੇਟਿਡ ਸੰਗਠਿਤ ਅਪਰਾਧਾਂ ਨੂੰ ਅੰਜਾਮ ਦੇਣ ਲਈ ਕੀਤੀ ਜਾਣੀ ਸੀ ਅਤੇ ਬਾਕੀ ਹਥਿਆਰ ਗਰੋਹ ਦੇ ਹੋਰ ਮੈਂਬਰਾਂ ਨੂੰ ਵੰਡੇ ਜਾਣੇ ਸਨ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਸਾਰੇ ਮੁਲਜ਼ਮ ਪੰਜਾਬ ਦੇ ਨਾਲ-ਨਾਲ ਗੁਆਂਢੀ ਰਾਜਾਂ ਵਿਚ ਅਪਰਾਧਿਕ ਗਰੋਹਾਂ ਨੂੰ ਹਥਿਆਰ ਸਪਲਾਈ ਕਰਨ ਦੀਆਂ ਗਤੀਵਿਧੀਆਂ ਵਿਚ ਸ਼ਾਮਲ ਸਨ।

ਡੀ.ਆਈ.ਜੀ. ਕਾਊਂਟਰ ਇੰਟੈਲੀਜੈਂਸ ਜੇ ਏਲੈਂਚੇਜ਼ੀਅਨ ਨੇ ਦੱਸਿਆ ਕਿ ਇਸ ਮਾਡਿਊਲ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਅਤੇ ਮੱਧ ਪ੍ਰਦੇਸ਼-ਆਧਾਰਿਤ ਹਥਿਆਰਾਂ ਦੇ ਤਸਕਰਾਂ ਦੀ ਪਛਾਣ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਹੋਰ ਗ੍ਰਿਫਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਉਮੀਦ ਹੈ।

ਦੱਸਣਯੋਗ ਹੈ ਕਿ ਇਸ ਸਬੰਧੀ ਥਾਣਾ ਐੱਸ.ਐੱਸ.ਓ.ਸੀ., ਐੱਸ.ਏ.ਐੱਸ. ਨਗਰ ਵਿਖੇ ਅਸਲਾ ਐਕਟ ਦੀ ਧਾਰਾ 25 ਅਤੇ 25 (7) ਅਤੇ ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀ ਧਾਰਾ 120 ਬੀ ਤਹਿਤ ਐੱਫ.ਆਈ.ਆਰ. ਨੰ. 9 ਮਿਤੀ 30.03.2024 ਦਰਜ ਹੈ।

# ਲੋਕ ਸਭਾ ਚੋਣਾਂ-2024: ਵੋਟ ਪਾਉਣ ਲਈ ਵੋਟਰ ਸ਼ਨਾਖਤੀ ਕਾਰਡ ਤੋਂ ਇਲਾਵਾ 12 ਵੱਖ-ਵੱਖ ਦਸਤਾਵੇਜ਼ਾਂ 'ਚੋਂ ਕਿਸੇ ਵੀ ਦਸਤਾਵੇਜ਼ ਦਾ ਇਸਤੇਮਾਲ ਕਰ ਸਕਣਗੇ ਵੋਟਰ

**ਸੰਗਰੂਰ, (ਪੰਜਾਬ ਮੇਲ)-** ਭਾਰਤੀ ਚੋਣ ਕਮਿਸ਼ਨ ਦੀ ਤਰਫੋਂ ਲੋਕ ਸਭਾ ਚੋਣਾਂ ਦੌਰਾਨ ਵੋਟਰਾਂ ਦੀ ਸੁਵਿਧਾ ਲਈ 12 ਵੱਖ-ਵੱਖ ਦਸਤਾਵੇਜ਼ਾਂ ਨੂੰ ਸ਼ਨਾਖਤੀ ਸਬੂਤ ਦੇ ਤੌਰ 'ਤੇ ਅਧਿਕਾਰਤ ਕੀਤਾ ਗਿਆ ਹੈ, ਜਿਨ੍ਹਾਂ ਨੂੰ ਦਿਖਾ ਕੇ ਵੋਟਰ ਆਪਣੇ ਵੋਟ ਪਾਉਣ ਦੇ ਕੀਮਤੀ ਅਧਿਕਾਰ ਦੀ ਵਰਤੋਂ ਕਰ ਸਕਣਗੇ। ਸ਼੍ਰੀ ਜੋਰਵਾਲ ਨੇ ਦੱਸਿਆ ਕਿ 1 ਜੂਨ ਨੂੰ ਵੋਟਾਂ ਵਾਲੇ ਦਿਨ ਵੋਟਰਾਂ ਵੱਲੋਂ ਵੋਟਰ ਸ਼ਨਾਖਤੀ ਕਾਰਡ ਤੋਂ ਇਲਾਵਾ ਆਧਾਰ ਕਾਰਡ, ਮਨਰੇਗਾ ਜਾਬ ਕਾਰਡ, ਬੈਂਕ/ਡਾਕਖਾਨੇ ਦੀ ਪਾਸਬੁੱਕ ਫੋਟੋ ਸਮੇਤ, ਸਿਹਤ ਬੀਮਾ ਸਮਾਰਟ ਕਾਰਡ, ਡਰਾਈਵਿੰਗ ਲਾਇਸੈਂਸ, ਪੈਨ ਕਾਰਡ, ਪਾਸਪੋਰਟ, ਫੋਟੋ ਵਾਲਾ ਪੈਨਸ਼ਨ ਦਸਤਾਵੇਜ, ਕੇਂਦਰ/ਰਾਜ ਸਰਕਾਰ/ ਪੀ.ਐੱਸ.ਯੂ./ ਪਬਲਿਕ ਲਿਮਟਿਡ ਕੰਪਨੀ ਦੁਆਰਾ ਕਰਮਚਾਰੀਆਂ ਨੂੰ ਜਾਰੀ ਕੀਤਾ ਫੋਟੋ ਵਾਲਾ ਸਰਵਿਸ ਸ਼ਨਾਖਤੀ ਕਾਰਡ, ਐੱਮ.ਪੀ./ਐੱਮ.ਐੱਲ.ਏ./ ਐੱਮ.ਐੱਲ.ਸੀ. ਨੂੰ ਜਾਰੀ ਕੀਤਾ ਦਫ਼ਤਰੀ ਸ਼ਨਾਖਤੀ ਕਾਰਡ ਅਤੇ ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲੇ ਵੱਲੋਂ ਜਾਰੀ ਯੂ.ਡੀ.ਆਈ.ਡੀ. ਕਾਰਡ ਦਿਖਾ ਕੇ ਆਪਣੀ ਵੋਟ ਪਾ ਸਕਣਗੇ।

ਲੋਕ ਸਭਾ ਚੋਣਾਂ ਲਈ ਨੋਟੀਫਿਕੇਸ਼ਨ 7 ਮਈ ਨੂੰ ਹੋਵੇਗਾ ਅਤੇ ਉਮੀਦਵਾਰਾਂ ਵੱਲੋ 14 ਮਈ ਤੱਕ ਕਾਗਜ਼ ਭਰੇ ਜਾ ਸਕਣਗੇ, ਜਦਕਿ 15 ਮਈ ਨੂੰ ਨਾਮਜ਼ਦਗੀ ਕਾਗਜ਼ਾਂ ਦੀ ਪੜਤਾਲ ਹੋਵੇਗੀ। ਉਮੀਦਵਾਰ 17 ਮਈ ਤੱਕ ਨਾਮਜਦਗੀ ਕਾਗਜ਼ ਵਾਪਸ ਲੈ ਸਕਣਗੇ, ਜਦਕਿ 1 ਜੂਨ ਨੂੰ ਵੋਟਾਂ ਪੈਣਗੀਆਂ ਅਤੇ 4 ਜੂਨ ਨੂੰ ਵੋਟਾਂ ਦੀ ਗਿਣਤੀ ਹੋਵੇਗੀ।

# ਭਾਜਪਾ 'ਚ ਸ਼ਾਮਲ ਹੋਣ ਜਾਂ ਮਹੀਨੇ 'ਚ ਗ੍ਰਿਫ਼ਤਾਰੀ ਲਈ ਤਿਆਰ ਰਹਿਣ ਦੀ ਸਲਾਹ ਦਿੱਤੀ ਗਈ: ਆਤਿਸ਼ੀ

**ਨਵੀਂ ਦਿੱਲੀ, (ਪੰਜਾਬ ਮੇਲ)-** ਆਮ ਆਦਮੀ ਪਾਰਟੀ (ਆਪ) ਦੀ ਸੀਨੀਅਰ ਆਗੂ ਅਤੇ ਦਿੱਲੀ ਦੀ ਮੰਤਰੀ ਆਤਿਸ਼ੀ ਨੇ ਦਾਅਵਾ ਕੀਤਾ ਕਿ ਮੇਰੇ ਨੇੜਲੇ ਵਿਅਕਤੀ ਨੇ ਕਿਹਾ ਸੀ ਕਿ ਮੈਨੂੰ ਉਨ੍ਹਾਂ ਨੂੰ ਭਾਜਪਾ ਵਿਚ ਸ਼ਾਮਲ ਹੋ ਜਾਣਾ ਚਾਹੀਦਾ ਹੈ ਜਾਂ ਇੱਕ ਮਹੀਨੇ ਦੇ ਅੰਦਰ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਗ੍ਰਿਫਤਾਰੀ ਲਈ ਤਿਆਰ ਰਹਿਣਾ ਚਾਹੀਦਾ ਹੈ। ਆਤਿਸ਼ੀ ਨੇ ਇੱਥੇ ਪ੍ਰੈੱਸ ਕਾਨਫਰੰਸ ਵਿਚ ਦਾਅਵਾ ਕੀਤਾ ਕਿ ਉਨ੍ਹਾਂ ਤੋਂ ਇਲਾਵਾ 'ਆਪ' ਦੇ ਤਿੰਨ ਆਗੂਆਂ ਦਿੱਲੀ ਦੇ ਮੰਤਰੀ ਸੌਰਭ ਭਾਰਦਵਾਜ, ਵਿਧਾਇਕ ਦੁਰਗੇਸ਼ ਪਾਠਕ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਵੀ ਗ੍ਰਿਫ਼ਤਾਰ ਕੀਤਾ ਜਾਵੇਗਾ।

# ਹਿਰਾਸਤ ਦੌਰਾਨ ਕੇਜਰੀਵਾਲ ਵੱਲੋਂ ਹੁਕਮ ਜਾਰੀ ਕਰਨ ਦੇ ਮਾਮਲੇ 'ਚ ਈ.ਡੀ. ਨੂੰ ਨਿਰਦੇਸ਼ ਜਾਰੀ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਹਾਈ ਕੋਰਟ ਨੇ ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਕਿਹਾ ਹੈ ਕਿ ਉਹ ਮਨੀ ਲਾਂਡਰਿੰਗ ਮਾਮਲੇ 'ਚ ਹਿਰਾਸਤ 'ਚ ਰਹਿਣ ਦੌਰਾਨ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਹੁਕਮ ਪਾਸ ਕੀਤੇ ਜਾਣ ਦੇ ਮੁੱਦੇ 'ਤੇ ਵਿਸ਼ੇਸ਼ ਜੱਜ ਨੂੰ ਵੇਰਵੇ ਸੌਂਪੇ। ਕਾਰਜਕਾਰੀ ਚੀਫ ਜਸਟਿਸ ਮਨਮੋਹਨ ਅਤੇ ਜਸਟਿਸ ਮਨਪ੍ਰੀਤ ਪੀ.ਐੱਸ. ਅਰੋੜਾ ਦੇ ਬੈਂਚ ਨੇ ਕਿਹਾ ਕਿ ਮਨੀ ਲਾਂਡਰਿੰਗ ਨੂੰ ਦੇਖ ਰਹੇ ਵਿਸ਼ੇਸ਼ ਜੱਜ ਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਜੇਕਰ ਜ਼ਰੂਰੀ ਹੈ, ਤਾਂ ਮਾਮਲੇ 'ਤੇ ਕਾਨੂੰਨ ਤਹਿਤ ਹੁਕਮ ਜਾਰੀ ਕਰੇ। ਮਨੀ ਲਾਂਡਰਿੰਗ ਦੇ ਇਸ ਮਾਮਲੇ 'ਚ ਹੀ ਕੇਜਰੀਵਾਲ ਗ੍ਰਿਫ਼ਤਾਰ ਹੋਏ ਹਨ। ਅਦਾਲਤ ਨੇ ਉਸ ਪਟੀਸ਼ਨ ਦਾ ਨਿਬੇੜਾ ਕਰ ਦਿੱਤਾ, ਜਿਸ ਵਿਚ ਕੇਜਰੀਵਾਲ ਨੂੰ ਈ.ਡੀ. ਦੀ ਹਿਰਾਸਤ 'ਚ ਰਹਿੰਦਿਆਂ ਮੁੱਖ ਮੰਤਰੀ ਵਜੋਂ ਹੁਕਮ ਜਾਰੀ ਕਰਨ ਤੋਂ ਰੋਕਣ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ। ਸੁਣਵਾਈ ਦੌਰਾਨ ਈ.ਡੀ. ਦੇ ਵਕੀਲ ਨੇ ਕਿਹਾ ਕਿ ਏਜੰਸੀ ਨੂੰ ਪਟੀਸ਼ਨ 'ਚ ਚੁੱਕੇ ਗਏ ਮੁੱਦੇ ਦੀ ਜਾਣਕਾਰੀ ਹੈ। ਈ.ਡੀ. ਨੇ ਦਿੱਲੀ ਹਾਈ ਕੋਰਟ ਨੂੰ ਦੱਸਿਆ ਕਿ ਉਹ ਕੇਜਰੀਵਾਲ ਦੇ ਹਿਰਾਸਤ 'ਚ ਰਹਿਣ ਦੌਰਾਨ ਮੁੱਖ ਮੰਤਰੀ ਦੀ ਹੈਸੀਅਤ ਨਾਲ ਹੁਕਮ ਪਾਸ ਕਰਨ ਲਈ ਉਨ੍ਹਾਂ ਨੂੰ ਕੋਈ ਸਹੂਲਤ ਮੁਹੱਈਆ ਨਹੀਂ ਕਰ ਰਿਹਾ। ਕੇਜਰੀਵਾਲ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਨੇ ਪਟੀਸ਼ਨ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਪਟੀਸ਼ਨ ਸੁਣਵਾਈ ਯੋਗ ਨਹੀਂ ਹੈ ਅਤੇ ਈ.ਡੀ. ਇਸ ਮਾਮਲੇ ਨਾਲ ਨਜਿੱਠਣ ਦੇ ਸਮਰੱਥ ਹੈ। ਪਟੀਸ਼ਨਰ ਸੁਰਜੀਤ ਸਿੰਘ ਯਾਦਵ ਨੇ ਆਪਣੀ ਪਟੀਸ਼ਨ 'ਚ ਕਿਹਾ ਸੀ ਕਿ ਮੁੱਖ ਮੰਤਰੀ ਵਜੋਂ ਕੇਜਰੀਵਾਲ ਵੱਲੋਂ ਅਜਿਹੇ ਹੁਕਮ ਜਾਰੀ ਕਰਨਾ ਕਾਨੂੰਨੀ ਢਾਂਚੇ ਦੇ ਨਾਲ ਨਾਲ ਨਿਰਪੱਖ ਜਾਂਚ ਦੇ ਸਿਧਾਂਤ ਦੇ ਖ਼ਿਲਾਫ਼ ਹੈ। ਦੂਜੇ ਪਾਸੇ ਦਿੱਲੀ ਦੇ ਸਿਹਤ ਮੰਤਰੀ ਸੌਰਭ ਭਾਰਦਵਾਜ ਨੇ ਕਿਹਾ ਕਿ ਈ.ਡੀ. ਦੀ ਹਿਰਾਸਤ 'ਚ ਹੋਣ ਦੇ ਬਾਵਜੂਦ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਨੂੰ ਰਾਸ਼ਟਰੀ ਰਾਜਧਾਨੀ ਵਿਚ ਸਿਹਤ ਚਿੰਤਾਵਾਂ ਨੂੰ ਦੂਰ ਕਰਨ ਲਈ ਇੱਕ ਨਿਰਦੇਸ਼ ਜਾਰੀ ਕੀਤਾ ਸੀ। ਇਸ ਤੋਂ ਪਹਿਲਾਂ ਮੁੱਖ ਮੰਤਰੀ ਦਫ਼ਤਰ ਨੂੰ ਆਪਣੇ ਵਕੀਲ ਰਾਹੀਂ ਸੌਂਪੇ ਗਏ ਇੱਕ 'ਲਿਖਤੀ ਨੋਟ' ਵਿਚ ਕੇਜਰੀਵਾਲ ਨੇ ਜਲ ਮੰਤਰੀ ਆਤਿਸ਼ੀ ਨੂੰ ਸ਼ਹਿਰ ਦੇ ਕੁਝ ਖੇਤਰਾਂ ਵਿਚ ਪਾਣੀ ਅਤੇ ਸੀਵਰੇਜ ਨਾਲ ਸਬੰਧਤ ਸਮੱਸਿਆਵਾਂ ਹੱਲ ਕਰਨ ਦੇ ਨਿਰਦੇਸ਼ ਦਿੱਤੇ ਸਨ।

# 'ਆਪ' ਦੇ ਸਾਬਕਾ ਸੰਸਦ ਮੈਂਬਰ ਧਰਮਵੀਰ ਗਾਂਧੀ ਕਾਂਗਰਸ 'ਚ ਸ਼ਾਮਲ



ਕਾਂਗਰਸੀ ਆਗੂਆਂ ਨਾਲ ਇਕਜੁੱਟਤਾ ਪ੍ਰਗਟਾਉਂਦੇ ਹੋਏ ਪਟਿਆਲਾ ਦੇ ਸਾਬਕਾ ਸੰਸਦ ਮੈਂਬਰ ਧਰਮਵੀਰ ਗਾਂਧੀ।

- ਪਟਿਆਲਾ ਤੋਂ ਲੜ ਸਕਦੇ ਨੇ ਚੋਣ; ਪ੍ਰਨੀਤ ਕੌਰ ਨੂੰ ਹਰਾ ਕੇ 2014 ਵਿਚ ਬਣੇ ਸਨ ਸੰਸਦ ਮੈਂਬਰ
- 'ਨਵਾਂ ਪੰਜਾਬ ਪਾਰਟੀ' ਦਾ ਕਾਂਗਰਸ 'ਚ ਰਲੇਵਾਂ

**ਨਵੀਂ ਦਿੱਲੀ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਦੇ ਸਾਬਕਾ ਸੰਸਦ ਮੈਂਬਰ ਧਰਮਵੀਰ ਗਾਂਧੀ ਕਾਂਗਰਸ 'ਚ ਸ਼ਾਮਲ ਹੋ ਗਏ। ਇੱਥੇ ਕਾਂਗਰਸ ਦੇ ਮੁੱਖ ਦਫ਼ਤਰ 'ਤੇ ਸੀਨੀਅਰ ਪਾਰਟੀ ਆਗੂਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਦੀ ਕਾਂਗਰਸ ਵਿਚ ਸ਼ਮੂਲੀਅਤ ਲੋਕ ਸਭਾਂ ਚੋਣਾਂ ਤੋਂ ਠੀਕ ਪਹਿਲਾਂ ਹੋਈ ਹੈ। ਕਾਂਗਰਸ ਵੱਲੋਂ ਧਰਮਵੀਰ ਗਾਂਧੀ ਨੂੰ ਪਟਿਆਲਾ ਹਲਕੇ ਤੋਂ ਮੈਦਾਨ ਵਿਚ ਉਤਾਰਿਆ ਜਾ ਸਕਦਾ ਹੈ। ਉਨ੍ਹਾਂ ਸਾਲ 2014 ਵਿਚ 'ਆਪ' ਦੀ ਟਿਕਟ ਤੋਂ ਚੋਣ ਲੜੀ ਸੀ ਅਤੇ ਪਟਿਆਲਾ ਸੀਟ ਤੋਂ ਮਹਾਰਾਣੀ ਪ੍ਰਨੀਤ ਕੌਰ ਨੂੰ ਹਰਾ ਕੇ ਸੰਸਦ ਮੈਂਬਰ ਬਣੇ ਸਨ। ਉਹ ਕਿੱਤੇ ਵਜੋਂ ਡਾਕਟਰ ਹਨ ਅਤੇ ਉਨ੍ਹਾਂ 2016 ਵਿਚ ਆਮ ਆਦਮੀ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਬਾਅਦ ਵਿਚ ਆਪਣੀ 'ਨਵਾਂ ਪੰਜਾਬ ਪਾਰਟੀ' ਬਣਾ ਲਈ ਸੀ, ਜਿਸ ਦਾ ਕਾਂਗਰਸ ਵਿਚ ਰਲੇਵਾਂ ਹੋ ਗਿਆ ਹੈ। ਕਾਂਗਰਸੀ ਆਗੂ ਪਵਨ ਖੇੜਾ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਇੰਚਾਰਜ ਦੇਵੇਂਦਰ ਯਾਦਵ, ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਧਰਮਵੀਰ ਗਾਂਧੀ ਦਾ ਪਾਰਟੀ ਵਿਚ ਸਵਾਗਤ ਕੀਤਾ।


MATRIMONIAL

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

MATRIMONIAL

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

MATRIMONIAL

Lovepreet Singh Gill, 26 yrs old, 5'11". US citizen, own small trucking company, living in Sacramento CA

MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

# 'ਆਪ' ਤੇ ਕਾਂਗਰਸ ਵਿਚਾਲੇ ਪੰਜਾਬ 'ਚ ਗਠਜੋੜ ਹੋਣ ਦੀਆਂ ਚਰਚਾਵਾਂ ਨੂੰ ਲੱਗਾ ਵਿਰਾਮ

**■ ਪੰਜਾਬ 'ਚ ਇਕੱਲਿਆਂ ਹੀ ਚੋਣ ਲੜੇਗੀ 'ਆਪ'**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ ਲੋਕ ਸਭਾ ਚੋਣਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਾਲੇ ਗੱਠਜੋੜ ਹੋਣ 'ਤੇ ਮੁੜ ਵਿਚਾਰ ਹੋਣ ਦੀ ਚਰਚਾ ਨੂੰ ਵਿਰਾਮ ਲੱਗ ਗਿਆ। ਦਿੱਲੀ ਵਿਚ 'ਇੰਡੀਆ ਬਲਾਕ' ਦੀ ਰੈਲੀ ਵਿਚ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਵੱਲੋਂ ਇਕੱਠੇ ਹੋ ਕੇ ਚੋਣਾਂ ਲੜਨ ਦੇ ਦਿੱਤੇ ਮਸ਼ਵਰੇ ਤੋਂ ਪੰਜਾਬ ਵਿਚ 'ਆਪ' ਤੇ ਕਾਂਗਰਸ ਵਿਚਾਲੇ ਗੱਠਜੋੜ ਹੋਣ ਦੀ ਸੰਭਾਵਨਾ ਪੈਦਾ ਹੋਣ 'ਤੇ ਚਰਚੇ ਜ਼ੋਰ ਫੜ ਗਏ ਸਨ। ਅਹਿਮ ਸੂਤਰਾਂ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਪਾਰਟੀ ਅੰਦਰ ਇਹ ਸਾਫ਼ ਕਰ ਦਿੱਤਾ ਹੈ ਕਿ 'ਆਪ' ਪੰਜਾਬ ਵਿਚ ਇਕੱਲੇ ਚੋਣਾਂ ਲੜੇਗੀ ਅਤੇ ਇਸ ਫ਼ੈਸਲੇ 'ਤੇ ਮੁੜ ਵਿਚਾਰ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਕਾਂਗਰਸ ਪ੍ਰਧਾਨ ਖੜਗੇ ਨੇ ਰੈਲੀ ਵਿਚ ਕਿਹਾ ਸੀ ਕਿ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਲੋਕ ਸਭਾ ਚੋਣਾਂ ਵਿਚ ਸੱਤਾਧਾਰੀ ਧਿਰ ਖ਼ਿਲਾਫ਼ ਇੱਕਜੁਟ ਹੋ ਕੇ ਲੜਨਾ ਚਾਹੀਦਾ ਹੈ।

ਖੜਗੇ ਨੇ ਕਿਹਾ ਕਿ ਇੱਕਜੁਟ ਹੋ ਕੇ ਹੀ ਭਾਜਪਾ ਦਾ ਮੁਕਾਬਲਾ ਹੋ ਸਕਦਾ ਹੈ ਅਤੇ ਜੇ ਅਸੀਂ ਹੀ ਇੱਕ ਦੂਜੇ 'ਤੇ ਹਮਲੇ ਕਰਦੇ ਰਹੇ ਤਾਂ ਕਾਮਯਾਬੀ ਨਹੀਂ ਮਿਲ ਸਕੇਗੀ। ਜਿਉਂ ਹੀ ਖੜਗੇ ਦੀ ਅਪੀਲ ਆਈ, ਤਾਂ ਉਦੋਂ ਹੀ ਪੰਜਾਬ ਵਿਚ ਚਰਚਾ ਜ਼ੋਰ ਫੜ ਗਈ ਕਿ 'ਆਪ' ਅਤੇ ਕਾਂਗਰਸ ਵਿਚਾਲੇ ਸੂਬੇ ਵਿਚ ਗੱਠਜੋੜ ਹੋ ਸਕਦਾ ਹੈ। ਖੜਗੇ ਦੀ ਅਪੀਲ ਤੋਂ ਸਾਫ਼ ਜਾਪਦਾ ਸੀ ਕਿ ਉਹ ਪੰਜਾਬ ਵਿਚ ਵੀ ਕਾਂਗਰਸ ਦੇ 'ਆਪ' ਨਾਲ ਸਮਝੌਤੇ ਦੇ ਇੱਛੁਕ ਹਨ। ਹਾਲਾਂਕਿ ਸ਼੍ਰੀ ਖੜਗੇ ਨੇ ਕਾਂਗਰਸ ਦੀ ਸਮਰਾਲਾ ਰੈਲੀ ਵਿਚ ਲੋਕ ਸਭਾ ਦੀਆਂ 13 ਸੀਟਾਂ ਇਕੱਲੇ ਲੜਨ ਦਾ ਸਪੱਸ਼ਟ ਇਸ਼ਾਰਾ ਕੀਤਾ ਸੀ। ਉਧਰ, ਮੁੱਖ ਮੰਤਰੀ ਭਗਵੰਤ ਮਾਨ ਸ਼ੁਰੂ ਤੋਂ ਹੀ ਇਸ ਸਟੈਂਡ 'ਤੇ ਹਨ ਕਿ ਪੰਜਾਬ ਵਿਚ ਉਹ ਇਕੱਲੇ ਚੋਣਾਂ ਲੜਨਗੇ। ਇੱਥੋਂ ਤੱਕ ਕਿ 'ਆਪ' ਦੀ ਹਾਈਕਮਾਂਡ ਨੇ ਵੀ ਉਨ੍ਹਾਂ ਨੂੰ ਇਸ ਮਾਮਲੇ 'ਤੇ ਸਹਿਮਤੀ ਦੇ ਦਿੱਤੀ ਸੀ। ਹੁਣ ਜਦੋਂ ਮੁੜ ਚਰਚੇ ਛਿੜੇ ਹਨ, ਤਾਂ ਮੁੱਖ ਮੰਤਰੀ ਨੇ ਪਾਰਟੀ ਅੰਦਰ ਸ਼ੁਰੂ ਹੋਈ ਹਲਚਲ ਨੂੰ ਇਹ ਕਹਿ ਕੇ ਸ਼ਾਂਤ ਕਰ ਦਿੱਤਾ ਕਿ ਕਿਸੇ ਫ਼ੈਸਲੇ 'ਤੇ ਮੁੜ ਵਿਚਾਰ ਨਹੀਂ ਹੋਵੇਗਾ। ਸਿਆਸੀ ਹਲਕਿਆਂ ਵਿਚ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਜੇ ਦੋਵੇਂ ਧਿਰਾਂ ਇਕੱਠਿਆਂ ਮੈਦਾਨ 'ਚ ਨਿੱਤਰਦੀਆਂ ਹਨ, ਤਾਂ ਵਧੀਆ ਨਤੀਜੇ ਆ ਸਕਦੇ ਹਨ ਪਰ ਦੋਵੇਂ ਪਾਰਟੀਆਂ ਦੀ ਸੂਬਾਈ ਲੀਡਰਸ਼ਿਪ ਇਨ੍ਹਾਂ ਮਸ਼ਵਰਿਆਂ ਨੂੰ ਮੁੱਢੋਂ ਹੀ ਰੱਦ ਕਰ ਰਹੀ ਹੈ। 'ਆਪ' ਨੇ ਅੱਠ ਸੀਟਾਂ 'ਤੇ ਉਮੀਦਵਾਰ ਐਲਾਨ ਦਿੱਤੇ ਸਨ, ਜਿਨ੍ਹਾਂ ਵਿਚੋਂ ਜਲੰਧਰ ਦਾ ਉਮੀਦਵਾਰ ਮੈਦਾਨ ਛੱਡ ਚੁੱਕਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਰੈਲੀ ਮਗਰੋਂ ਪਾਰਟੀ ਦੇ ਸਾਰੇ ਉਮੀਦਵਾਰਾਂ ਨੂੰ ਆਪੋ ਆਪਣੇ ਹਲਕਿਆਂ ਵਿਚ ਚੋਣ ਪ੍ਰਚਾਰ ਵਿਚ ਮੁੜ ਜੁੱਟ ਜਾਣ ਲਈ ਆਖ ਦਿੱਤਾ ਹੈ। ਦੂਸਰੇ ਪਾਸੇ ਕਾਂਗਰਸ ਦੀ ਸੂਬਾਈ ਲੀਡਰਸ਼ਿਪ ਵੀ ਆਪਣੀ ਹਾਈਕਮਾਂਡ ਨੂੰ ਪੰਜਾਬ 'ਚ 'ਆਪ' ਨਾਲ ਸਮਝੌਤਾ ਨਾ ਕਰਨ ਬਾਰੇ ਅਗਾਊਂ ਹੀ ਦੱਸ ਚੁੱਕੀ ਹੈ।

## ਵੀ.ਵੀ.ਪੈਟ ਸਬੰਧੀ ਪਟੀਸ਼ਨ 'ਤੇ ਚੋਣ ਕਮਿਸ਼ਨ ਤੇ ਕੇਂਦਰ ਤੋਂ ਜਵਾਬ ਤਲਬ

**ਨਵੀਂ ਦਿੱਲੀ, (ਪੰਜਾਬ ਮੇਲ)-** ਇੱਕ ਅਹਿਮ ਘਟਨਾਕ੍ਰਮ 'ਚ ਸੁਪਰੀਮ ਕੋਰਟ ਨੇ ਚੋਣਾਂ 'ਚ ਵੀ.ਵੀ.ਪੈਟ ਪਰਚੀਆਂ ਦੀ ਪੂਰੀ ਗਿਣਤੀ ਦੀ ਮੰਗ ਵਾਲੀ ਪਟੀਸ਼ਨ 'ਤੇ ਚੋਣ ਕਮਿਸ਼ਨ ਤੇ ਕੇਂਦਰ ਤੋਂ ਜਵਾਬ ਮੰਗਿਆ ਹੈ, ਜੋ ਕਿ ਸਿਰਫ਼ ਪੰਜ ਈ.ਵੀ.ਐੱਮ. ਦੀਆਂ ਪਰਚੀਆਂ ਦੀ ਪੁਸ਼ਟੀ ਕੀਤੇ ਜਾਣ ਦੀ ਮੌਜੂਦਾ ਰਵਾਇਤ ਤੋਂ ਉਲਟ ਹੈ। ਵੀ.ਵੀ.ਪੈਟ ਵੋਟ ਦੀ ਪੁਸ਼ਟੀ ਕਰਨ ਵਾਲਾ ਸਿਸਟਮ ਹੈ, ਜੋ ਕਿ ਵੋਟਰ ਲਈ ਇਹ ਯਕੀਨੀ ਬਣਾਉਂਦਾ ਹੈ ਕਿ ਉਸ ਦੀ ਵੋਟ ਸਹੀ ਉਮੀਦਵਾਰ ਦੇ ਹੱਕ ਵਿਚ ਭੁਗਤੀ ਹੈ। ਜਸਟਿਸ ਬੀ.ਆਰ. ਗਵਈ ਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਚੋਣਾਂ 'ਚ ਵੀ.ਵੀ.ਪੈਟ ਪਰਚੀਆਂ ਦੀ ਪੂਰੀ ਗਿਣਤੀ ਦੀ ਮੰਗ ਕਰਨ ਵਾਲੇ ਕਾਰਕੁਨ ਅਰੁਣ ਕੁਮਾਰ ਅਗਰਵਾਲ ਦੀ ਪਟੀਸ਼ਨ ਦਾ ਨੋਟਿਸ ਲਿਆ। ਅਦਾਲਤ ਨੇ ਚੋਣ ਕਮਿਸ਼ਨ ਤੇ ਕੇਂਦਰ ਨੂੰ ਨੋਟਿਸ ਜਾਰੀ ਕਰਕੇ ਇਸ ਪਟੀਸ਼ਨ 'ਤੇ 17 ਮਈ ਤੱਕ ਜਵਾਬ ਮੰਗਿਆ ਹੈ।

# ਲੋਕ ਸਭਾ ਚੋਣਾਂ-2024 ਦੀਆਂ ਤਿਆਰੀਆਂ ਹੋਈਆਂ ਸ਼ੁਰੂ



**■ ਜ਼ਿਲ੍ਹਾ ਸੰਗਰੂਰ ਪ੍ਰਸ਼ਾਸਨ, ਪੁਲਿਸ ਅਤੇ ਭਾਰਤੀ ਫੌਜ ਨੇ ਕੱਢਿਆ ਸਾਂਝਾ ਫ਼ਲੈਗ ਮਾਰਚ**

**ਸੰਗਰੂਰ, (ਸੁਨੀਲ ਕੁਮਾਰ ਗੁੰਦ/ਪੰਜਾਬ ਮੇਲ)-** ਭਾਰਤੀ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ-2024 ਦੀਆਂ ਤਾਰੀਖ਼ਾਂ ਦੇ ਸ਼ਡਿਊਲ ਐਲਾਨੇ ਜਾਣ ਦੇ ਨਾਲ ਹੀ ਚੋਣ ਜ਼ਾਬਤਾ ਵੀ ਲਾਗੂ ਹੋ ਚੁੱਕਿਆ ਹੈ। ਇਸ ਸਬੰਧੀ ਸੁਰੱਖਿਆ ਇੰਤਜ਼ਾਮਾਂ ਦੀ ਤਿਆਰੀ ਦੇ ਮੰਤਵ ਨਾਲ ਉੱਚ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਵਿਸ਼ਾਲ ਫ਼ਲੈਗ ਮਾਰਚ ਕੱਢਿਆ ਗਿਆ। ਪੰਜਾਬ ਪੁਲਿਸ ਅਤੇ ਭਾਰਤੀ ਸੈਨਾ ਦਾ ਇਹ ਜੁਆਇੰਟ ਫ਼ਲੈਗ ਮਾਰਚ ਸ਼ਹਿਰ ਦੇ ਮੇਨ ਬਾਜ਼ਾਰਾਂ ਵਿਚੋਂ ਲੰਘਿਆ।

ਹਾਲਾਂਕਿ ਪੰਜਾਬ ਵਿਚ ਚੋਣਾਂ ਤਕਰੀਬਨ 2 ਮਹੀਨੇ ਬਾਅਦ, 01 ਜੂਨ, ਦਿਨ ਸ਼ਨੀਵਾਰ ਨੂੰ ਹੋਣੀਆਂ ਨੀਯਤ ਹੋਈਆਂ ਹਨ ਪਰ ਸੁਰੱਖਿਆ ਦੇ ਇੰਤਜ਼ਾਮ ਪੁਖ਼ਤਾ ਕਰਨ ਲਈ ਪ੍ਰਸ਼ਾਸਨ ਵੱਲੋਂ ਕਮਰ ਕੱਸ ਲਈ ਗਈ ਹੈ, ਤਾਂ ਜੋ ਲੋਕਤੰਤਰ ਦਾ ਘਾਣ ਹੋਏ ਬਿਨਾ, ਪੰਜਾਬ ਵਿਚ ਚੋਣਾ ਅਮਨ ਅਤੇ ਸ਼ਾਂਤੀ ਨਾਲ ਨੇਪਰੇ ਚਾੜ੍ਹੀਆਂ ਜਾ ਸਕਣ।

ਜ਼ਿਕਰਯੋਗ ਹੈ ਕਿ ਭਾਰਤੀ ਚੋਣ ਕਮਿਸ਼ਨ ਦੀਆਂ ਹਿਦਾਇਤਾਂ ਦੀ ਪਾਲਣਾ ਕਰਦਿਆਂ ਹੋਇਆਂ, ਪੰਜਾਬ ਪੁਲਿਸ ਵੱਲੋਂ ਆਮ ਜਨਤਾ ਦੇ ਲਾਇਸੈਂਸੀ ਹਥਿਆਰਾਂ ਨੂੰ ਨੇੜੇ ਦੇ ਪੁਲਿਸ ਸਟੇਸ਼ਨ, ਜਾਂ ਅਧਿਕਾਰਿਤ ਅਸਲਾ ਏਜੰਸੀਆਂ ਕੋਲ ਆਰਜ਼ੀ ਤੌਰ 'ਤੇ ਜਮ੍ਹਾ ਕਰਵਾਉਣ ਦਾ ਕੰਮ ਵੀ ਪੂਰੀ ਮੁਸ਼ਤੈਦੀ ਨਾਲ ਸ਼ੁਰੂ ਕਰ ਦਿੱਤਾ ਗਿਆ ਹੈ।

# ਲੋਕ ਸਭਾ ਚੋਣਾਂ: ਲੁਧਿਆਣਾ 'ਚ ਬਿੱਟੂ ਤੇ ਆਸ਼ੂ ਹੋ ਸਕਦੇ ਨੇ ਆਹਮੋ-ਸਾਹਮਣੇ

**ਲੁਧਿਆਣਾ, (ਪੰਜਾਬ ਮੇਲ)-** ਲੁਧਿਆਣਾ ਲੋਕ ਸਭਾ ਹਲਕੇ ਤੋਂ ਮੌਜੂਦਾ ਕਾਂਗਰਸ ਦੇ ਐੱਮ.ਪੀ. ਰਵਨੀਤ ਸਿੰਘ ਬਿੱਟੂ ਵੱਲੋਂ ਕਾਂਗਰਸ ਨੂੰ ਦਿਨੇ ਦਿਖਾਏ ਭੱਬੂ ਕਾਰਨ ਕਾਂਗਰਸ ਨੂੰ ਅਲਵਿਦਾ ਆਖਣ 'ਤੇ ਹੁਣ ਇਸ ਸੀਟ 'ਤੇ ਕਾਂਗਰਸ ਵੱਲੋਂ ਅੰਦਰੂਨੀ ਤੌਰ 'ਤੇ ਜੋ ਸਰਵੇ ਚੱਲ ਰਿਹਾ ਹੈ, ਉਸ ਦੀ ਰਿਪੋਰਟ ਦੀ ਹੁਣ ਚਰਚਾ ਕਾਂਗਰਸੀ ਹਲਕਿਆਂ ਵਿਚ ਹੋਣੀ ਸ਼ੁਰੂ ਹੋ ਗਈ ਹੈ। ਉਸ ਵਿਚ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦਾ ਨਾਂ ਬੋਲ ਰਿਹਾ ਹੈ, ਜਦ ਕਿ ਸਰਵੇ ਕਰਨ ਵਾਲੀਆਂ ਟੀਮਾਂ ਨੇ ਮੁਨੀਸ਼ ਤਿਵਾੜੀ, ਭਾਰਤ ਭੂਸ਼ਣ ਆਸ਼ੂ ਅਤੇ ਸੰਜੇ ਤਲਵਾੜ ਆਦਿ ਦਾ ਨਾਂ ਵੋਟਰਾਂ ਤੋਂ ਪੁੱਛਿਆ, ਤਾਂ ਸਭ ਤੋਂ ਵੱਧ ਨਾਂ ਆਸ਼ੂ ਦਾ ਆਉਣ ਦੀਆਂ ਖ਼ਬਰਾਂ ਸਾਹਮਣੇ ਆਉਣ 'ਤੇ ਹੁਣ ਇੰਝ ਲੱਗ ਰਿਹਾ ਹੈ ਕਿ ਕਾਂਗਰਸ ਕਿਸੇ ਸਥਾਨਕ ਨੇਤਾ 'ਤੇ ਪੱਤਾ ਖੇਡੇਗੀ, ਜੋ ਆਸ਼ੂ ਵੀ ਹੋ ਸਕਦਾ ਹੈ।

ਇਸੇ ਤਰ੍ਹਾਂ ਲੁਧਿਆਣਾ ਲੋਕ ਸਭਾ ਸੀਟ ਸਬੰਧੀ ਦੋ ਦਿਨ ਪਹਿਲਾਂ ਕਾਂਗਰਸ ਵਿਚ ਮੁੜ ਸ਼ਾਮਲ ਹੋਏ ਸਾਬਕਾ ਮੰਤਰੀ ਮਲਕੀਤ ਸਿੰਘ ਬੀਰਮੀ ਦੇ ਨਾਂ ਦੀ ਚਰਚਾ ਵੀ ਸਾਹਮਣੇ ਆਈ ਹੈ ਕਿਉਂਕਿ ਉਹ ਰਾਮਗੜ੍ਹੀਆ ਭਾਈਚਾਰੇ ਨਾਲ ਸਬੰਧ ਰੱਖਦੇ ਹਨ ਅਤੇ ਦੋ ਵਾਰ ਲੁਧਿਆਣਾ ਦਿਹਾਤੀ ਤੋਂ ਵਿਧਾਇਕ ਬਣੇ ਤੇ ਮੰਤਰੀ ਵੀ ਰਹਿ ਚੁੱਕੇ ਹਨ। ਅੱਜਕੱਲ੍ਹ ਇਹ ਹਲਕਾ ਤਿੰਨ ਹਲਕਿਆਂ ਵਿਚ ਬਦਲ ਗਿਆ ਹੈ, ਜਿਵੇਂ ਕਿ ਦੱਖਣੀ, ਪੂਰਬੀ ਅਤੇ ਆਤਮ ਨਗਰ, ਜਦਕਿ ਅੱਧ ਦੇ ਕਰੀਬ ਹਲਕਾ ਗਿੱਲ ਹਲਕੇ ਨਾਲ ਜਾ ਰਲਿਆ ਹੈ।



# ਭਾਰਤੀ ਚੋਣ ਕਮਿਸ਼ਨ ਵੱਲੋਂ ਚੋਣ ਡਿਊਟੀ 'ਤੇ ਮੌਜੂਦ ਪੱਤਰਕਾਰਾਂ ਨੂੰ ਪੋਸਟਲ ਬੈਲਟ ਰਾਹੀਂ ਵੋਟ ਪਾਉਣ ਦੀ ਇਜਾਜ਼ਤ : ਸਿਬਿਨ ਸੀ

- ਕਮਿਸ਼ਨ ਵੱਲੋਂ ਪੰਜਾਬ ਦੇ 6 ਸਰਕਾਰੀ ਵਿਭਾਗਾਂ ਦੇ ਸਟਾਫ ਦੇ ਨਾਲ-ਨਾਲ ਪੱਤਰਕਾਰ ਵੀ ਜ਼ਰੂਰੀ ਸੇਵਾ ਸ਼੍ਰੇਣੀ ਵਿਚ ਕੀਤੇ ਗਏ ਸ਼ਾਮਲ




**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤੀ ਚੋਣ ਕਮਿਸ਼ਨ ਨੇ ਚੋਣਾਂ ਵਾਲੇ ਦਿਨ ਦੀ ਕਵਰੇਜ ਕਰਨ ਲਈ ਡਿਊਟੀ 'ਤੇ ਤਾਇਨਾਤ ਪੰਜਾਬ ਦੇ ਮੀਡੀਆ ਕਰਮੀਆਂ ਨੂੰ ਲੋਕ ਸਭਾ ਚੋਣਾਂ 2024 ਵਿਚ ਪੋਸਟਲ ਬੈਲਟ ਰਾਹੀਂ ਵੋਟ ਪਾਉਣ ਦੀ ਇਜਾਜ਼ਤ ਦੇ ਦਿੱਤੀ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਕਮਿਸ਼ਨ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ, ਵੋਟਿੰਗ ਵਾਲੇ ਦਿਨ ਦੀ ਕਵਰੇਜ ਲਈ ਕਮਿਸ਼ਨ ਵੱਲੋਂ ਮਾਨਤਾ ਪ੍ਰਾਪਤ ਮੀਡੀਆ ਕਰਮੀਆਂ ਅਤੇ ਸੂਬਾ ਸਰਕਾਰ ਦੇ ਹੋਰ ਵਿਭਾਗਾਂ ਦੇ ਅਧਿਕਾਰੀ/ਕਰਮਚਾਰੀ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 60 (ਸੀ) ਦੇ ਤਹਿਤ ਪੋਸਟਲ ਬੈਲਟ ਰਾਹੀਂ ਵੋਟ ਪਾ ਸਕਦੇ ਹਨ।

ਸਿਬਿਨ ਸੀ ਨੇ ਅੱਗੇ ਦੱਸਿਆ ਕਿ ਨੋਟੀਫਿਕੇਸ਼ਨ ਮੁਤਾਬਕ, ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਸਰਕਾਰ ਦੇ 6 ਸਰਕਾਰੀ ਵਿਭਾਗਾਂ ਦੇ ਸਟਾਫ ਦੇ ਨਾਲ-ਨਾਲ, ਕਮਿਸ਼ਨ ਵੱਲੋਂ ਮਾਨਤਾ ਪ੍ਰਾਪਤ ਪੱਤਰਕਾਰਾਂ ਨੂੰ ਪੋਸਟਲ ਬੈਲਟ ਰਾਹੀਂ ਵੋਟ ਪਾਉਣ ਵਾਸਤੇ ਨੋਟੀਫਾਈ ਕੀਤਾ ਹੈ ਜਿਹੜੇ ਕਿ ਵੋਟਿੰਗ ਵਾਲੇ ਦਿਨ ਦੀ ਕਵਰੇਜ ਲਈ ਜ਼ਰੂਰੀ ਸੇਵਾ ਕਰਮਚਾਰੀਆਂ ਵਜੋਂ ਰੁੱਝੇ ਹੋਣਗੇ। ਉਨ੍ਹਾਂ ਦੱਸਿਆ ਕਿ ਪੋਸਟਲ ਬੈਲਟ ਰਾਹੀਂ ਵੋਟਾਂ ਪਾਉਣ ਵਾਲਿਆਂ 'ਚ ਸਥਾਨਕ ਸਰਕਾਰਾਂ ਵਿਭਾਗ (ਫਾਇਰ ਸਰਵਿਸਿਜ਼), ਟਰਾਂਸਪੋਰਟ ਵਿਭਾਗ (ਡਰਾਈਵਰ, ਕੰਡਕਟਰ, ਵਰਕ ਸ਼ਾਪ ਸਟਾਫ, ਓਪਰੇਸ਼ਨ ਸਟਾਫ ਅਤੇ ਜ਼ਿਲ੍ਹਾ ਪੱਧਰ 'ਤੇ ਹੈੱਡਕੁਆਰਟਰ ਅਤੇ ਡਿਪੂਆਂ ਵਿਚ ਤਾਇਨਾਤ ਅਧਿਕਾਰੀ), ਜੇਲ੍ਹ ਵਿਭਾਗ (ਸੁਪਰਡੈਂਟ, ਡਿਪਟੀ ਸੁਪਰਡੈਂਟ, ਸਹਾਇਕ ਸੁਪਰਡੈਂਟ ਅਤੇ ਜੇਲ੍ਹਾਂ 'ਚ ਤਾਇਨਾਤ ਸੁਰੱਖਿਆ ਸਟਾਫ਼), ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ (ਪੁਲਿਸ ਅਧਿਕਾਰੀ, ਪੁਲਿਸ ਕਰਮਚਾਰੀ, ਸਿਵਲ ਡਿਫੈਂਸ ਅਤੇ ਹੋਮ ਗਾਰਡ), ਬਿਜਲੀ ਵਿਭਾਗ (ਰਾਜ ਪਾਵਰ ਕਾਰਪੋਰੇਸ਼ਨ ਅਤੇ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਦਾ ਜਨਰੇਸ਼ਨ ਯੂਨਿਟਾਂ ਵਿਚ ਤਾਇਨਾਤ ਸਟਾਫ਼, ਥਰਮਲ ਪਲਾਂਟ, ਹਾਈਡਲ ਯੂਨਿਟਾਂ (ਸੂਬੇ ਦੇ ਅੰਦਰ ਜਾਂ ਬਾਹਰ), ਬੀਬੀਐਮਬੀ ਲਈ ਡੈਪੂਟੇਸ਼ਨ 'ਤੇ ਸਟਾਫ਼ ਅਤੇ ਗਰਿੱਡ ਸਬ ਸਟੇਸ਼ਨ ਵਿੱਚ ਤਾਇਨਾਤ ਫੀਲਡ ਸਟਾਫ਼), ਸਿਹਤ ਅਤੇ ਪਰਿਵਾਰ ਭਲਾਈ ਵਿਭਾਗ (ਏ) ਖੁਰਾਕ ਅਤੇ ਡਰੱਗ ਪ੍ਰਸ਼ਾਸਨ ਦੇ ਕਮਿਸ਼ਨਰੇਟ ਅਧੀਨ ਕੰਮ ਕਰਨ ਵਾਲੇ ਡਰੱਗ ਕੰਟਰੋਲ ਅਧਿਕਾਰੀ (ਬੀ) ਮੈਡੀਕਲ ਅਤੇ ਪੈਰਾ-ਮੈਡੀਕਲ ਸਟਾਫ਼ ਵੋਟਾਂ ਵਾਲੇ ਦਿਨ ਕੰਮ ਕਰ ਰਿਹਾ/ਡਿਊਟੀ 'ਤੇ ਤਾਇਨਾਤ ਸਟਾਫ ਸ਼ਾਮਿਲ ਹੈ।

ਉਨ੍ਹਾਂ ਕਿਹਾ ਕਿ ਪੋਸਟਲ ਬੈਲਟ ਰਾਹੀਂ ਦਿੱਤੀ ਇਸ ਸੁਵਿਧਾ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਵਿਅਕਤੀ ਆਪਣੀ ਡਿਊਟੀ ਦੇ ਫਰਜ਼ ਕਾਰਨ ਵੋਟ ਪਾਉਣ ਤੋਂ ਵਾਂਝਾ ਨਾ ਰਹੇ।

## ਕਾਂਗਰਸ ਨੂੰ 1,745 ਕਰੋੜ ਰੁਪਏ ਦੇ ਟੈਕਸ ਭੁਗਤਾਨ ਦਾ ਮਿਲਿਆ ਨਵਾਂ ਨੋਟਿਸ

**ਨਵੀਂ ਦਿੱਲੀ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਕਾਂਗਰਸ ਨੂੰ ਇਕ ਵਾਰ ਫਿਰ ਇਨਕਮ ਟੈਕਸ ਵਿਭਾਗ ਤੋਂ ਨਵਾਂ ਨੋਟਿਸ ਮਿਲਿਆ ਹੈ, ਜਿਸ ਰਾਹੀਂ ਮੁਲਾਂਕਣ ਸਾਲ 2014-15 ਤੋਂ 2016-17 ਲਈ 1,745 ਕਰੋੜ ਰੁਪਏ ਦੇ ਟੈਕਸ ਦੀ ਮੰਗ ਕੀਤੀ ਗਈ ਹੈ। ਸੂਤਰਾਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਆਮਦਨ ਕਰ ਵਿਭਾਗ ਵੱਲੋਂ ਕਾਂਗਰਸ ਤੋਂ ਹੁਣ ਤੱਕ ਕੁੱਲ 3,567 ਕਰੋੜ ਰੁਪਏ ਦੇ ਟੈਕਸ ਦੀ ਮੰਗ ਕੀਤੀ ਜਾ ਚੁੱਕੀ ਹੈ।

ਸੂਤਰਾਂ ਮੁਤਾਬਕ ਤਾਜ਼ਾ ਨੋਟਿਸ 2014-15 (ਲਗਭਗ 663 ਕਰੋੜ ਰੁਪਏ), 2015-16 (ਲਗਭਗ 664 ਕਰੋੜ ਰੁਪਏ) ਅਤੇ 2016-17 (ਲਗਭਗ 417 ਕਰੋੜ ਰੁਪਏ) ਨਾਲ ਸਬੰਧਤ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੇ ਸਿਆਸੀ ਪਾਰਟੀਆਂ ਨੂੰ ਦਿੱਤੀ ਜਾਂਦੀ ਟੈਕਸ ਛੋਟ ਖਤਮ ਕਰਕੇ ਪਾਰਟੀ ਟੈਕਸ ਲਗਾ ਦਿੱਤਾ ਹੈ। ਸੂਤਰਾਂ ਨੇ ਦੱਸਿਆ ਕਿ ਜਾਂਚ ਏਜੰਸੀਆਂ ਵੱਲੋਂ ਛਾਪੇਮਾਰੀ ਦੌਰਾਨ ਕੁਝ ਕਾਂਗਰਸੀ ਆਗੂਆਂ ਤੋਂ ਜ਼ਬਤ ਕੀਤੀਆਂ ਡਾਇਰੀਆਂ ਵਿਚ 'ਥਰਡ ਪਾਰਟੀ ਐਂਟਰੀਆਂ' ਲਈ ਵੀ ਕਾਂਗਰਸ 'ਤੇ ਟੈਕਸ ਲਾਇਆ ਗਿਆ ਹੈ।

ਮੁੱਖ ਵਿਰੋਧੀ ਪਾਰਟੀ ਨੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਉਸ ਨੂੰ ਆਮਦਨ ਕਰ ਵਿਭਾਗ ਤੋਂ ਨੋਟਿਸ ਮਿਲਿਆ ਹੈ, ਜਿਸ ਵਿਚ ਕਰੀਬ 1,823 ਕਰੋੜ ਰੁਪਏ ਦਾ ਭੁਗਤਾਨ ਕਰਨ ਲਈ ਕਿਹਾ ਗਿਆ ਹੈ।

## ਲੋਕ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ 7 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ



- ਸਿਮਰਨਜੀਤ ਸਿੰਘ ਮਾਨ ਸੰਗਰੂਰ ਤੋਂ ਲੜਨਗੇ ਚੋਣ
- ਪੰਜਾਬ ਦੀਆਂ 5 ਤੇ ਹਰਿਆਣਾ ਦੀਆਂ 2 ਲੋਕ ਸਭਾ ਸੀਟਾਂ 'ਤੇ ਉਮੀਦਵਾਰ ਉਤਾਰੇ

**ਚੰਡੀਗੜ੍ਹ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਨਜ਼ਦੀਕ ਆਉਣ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਚੋਣਾਂ ਲੜਨ ਲਈ ਤਿਆਰੀਆਂ ਕਰ ਲਈਆਂ ਹਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਦਾਨ ਸਿਮਰਨਜੀਤ ਸਿੰਘ ਮਾਨ ਨੇ ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ, ਹਰਿਆਣਾ, ਚੰਡੀਗੜ੍ਹ ਤੇ ਜੰਮੂ-ਕਸ਼ਮੀਰ ਵਿਚ ਲੋਕ ਸਭਾ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਪਾਰਟੀ ਨੇ ਪੰਜਾਬ ਦੀਆਂ 5 ਅਤੇ ਹਰਿਆਣਾ ਦੀਆਂ ਦੋ ਲੋਕ ਸਭਾ ਸੀਟਾਂ ਲਈ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਲੋਕ ਸਭਾ ਹਲਕਾ ਸੰਗਰੂਰ ਤੋਂ ਚੋਣ ਮੈਦਾਨ ਵਿਚ ਉਤਰ ਰਹੇ ਹਨ। ਇਸੇ ਤਰ੍ਹਾਂ ਪਟਿਆਲਾ ਤੋਂ ਪ੍ਰੋ. ਮਹਿੰਦਰਪਾਲ ਸਿੰਘ, ਲੁਧਿਆਣਾ ਤੋਂ ਅੰਮ੍ਰਿਤਪਾਲ ਸਿੰਘ ਛੰਦੜਾ, ਫਰੀਦਕੋਟ ਤੋਂ ਬਲਦੇਵ ਸਿੰਘ ਗਗੜਾ, ਸ੍ਰੀ ਆਨੰਦਪੁਰ ਸਾਹਿਬ ਤੋਂ ਇੰਜਨੀਅਰ ਕੁਸ਼ਲਪਾਲ ਸਿੰਘ ਮਾਨ ਨੂੰ ਲੋਕ ਸਭਾ ਚੋਣਾਂ ਲਈ ਉਮੀਦਵਾਰ ਐਲਨਿਆ ਗਿਆ ਹੈ। ਹਰਿਆਣਾ ਦੇ ਕਰਨਾਲ ਤੋਂ ਹਰਜੀਤ ਸਿੰਘ ਵਿਰਕ ਅਤੇ ਕੁਰੂਕਸ਼ੇਤਰ ਤੋਂ ਖਜ਼ਾਨ ਸਿੰਘ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂ ਅਤੇ ਕਾਸ਼ੀ ਰਾਮ ਦੇ ਨਜ਼ਦੀਕੀ ਰਹੇ ਡਾ. ਹਰਜਿੰਦਰ ਸਿੰਘ ਜੱਖੂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਿਚ ਸ਼ਾਮਲ ਹੋ ਗਏ ਹਨ। ਜਿਨ੍ਹਾਂ ਨੂੰ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸਿਰੋਪਾਉ ਪਾ ਕੇ ਪਾਰਟੀ ਵਿਚ ਸ਼ਾਮਲ ਕਰਵਾਇਆ।



# ਭਾਜਪਾ ਵੱਲੋਂ ਲੋਕ ਸਭਾ ਚੋਣਾਂ ਲਈ ਅੱਠਵੀਂ ਸੂਚੀ ਜਾਰੀ; ਪੰਜਾਬ ਦੇ ਉਮੀਦਵਾਰ ਐਲਾਨੇ

- ਗੁਰਦਾਸਪੁਰ ਤੋਂ ਸਨੀ ਦਿਓਲ ਨੂੰ ਨਹੀਂ ਮਿਲੀ ਟਿਕਟ
- ਫਰੀਦਕੋਟ ਤੋਂ ਹੰਸ ਰਾਜ ਹੰਸ ਤੇ ਅੰਮ੍ਰਿਤਸਰ ਤੋਂ ਤਰਨਜੀਤ ਸੰਧੂ ਹੋਣਗੇ ਉਮੀਦਵਾਰ


ਹਰਸਿਮਰਤ ਕੌਰ ਬਾਦਲ, ਮਨਪ੍ਰੀਤ ਸਿੰਘ ਬਾਦਲ ਅਤੇ ਫ਼ਤਿਹ ਸਿੰਘ ਬਾਦਲ।

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਜਪਾ ਨੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਉਮੀਦਵਾਰਾਂ ਦੀ ਅੱਠਵੀਂ ਸੂਚੀ ਜਾਰੀ ਕਰ ਦਿੱਤੀ ਹੈ। ਇਸ ਵਾਰ ਗੁਰਦਾਸਪੁਰ ਤੋਂ ਸਨੀ ਦਿਓਲ ਨੂੰ ਟਿਕਟ ਨਹੀਂ ਦਿੱਤਾ ਗਿਆ ਹੈ। ਭਾਜਪਾ ਨੇ ਫਰੀਦਕੋਟ ਤੋਂ ਹੰਸ ਰਾਜ ਹੰਸ ਤੇ ਅੰਮ੍ਰਿਤਸਰ ਤੋਂ ਤਰਨਜੀਤ ਸਿੰਘ ਸੰਧੂ ਨੂੰ ਉਮੀਦਵਾਰ ਬਣਾਇਆ ਹੈ।

ਭਾਜਪਾ ਨੇ ਜਲੰਧਰ ਤੋਂ ਸੁਸ਼ੀਲ ਰਿੰਕੂ, ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ, ਪਟਿਆਲਾ ਤੋਂ ਪ੍ਰਨੀਤ ਕੌਰ ਨੂੰ ਉਮੀਦਵਾਰ ਬਣਾਇਆ ਹੈ। ਭਾਜਪਾ ਨੇ ਅੱਜ ਛੇ ਲੋਕ ਸਭਾ ਉਮੀਦਵਾਰਾਂ ਦਾ ਐਲਾਨ ਕੀਤਾ। ਇਸ ਵਾਰ ਭਾਜਪਾ ਸੂਬੇ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ ਤੋਂ ਆਪਣੇ ਉਮੀਦਵਾਰ ਐਲਾਨੇਗੀ। ਪਿਛਲੀ ਵਾਰ ਭਾਜਪਾ ਨੇ ਆਪਣੇ ਗਠਜੋੜ ਦੇ ਸਹਿਯੋਗੀ ਸ਼੍ਰੋਮਣੀ ਅਕਾਲੀ ਦਲ ਨਾਲ ਮਿਲ ਕੇ ਚੋਣਾਂ ਲੜੀਆਂ ਸਨ ਪਰ ਕਿਸਾਨ ਅੰਦੋਲਨ ਤੋਂ ਬਾਅਦ ਭਾਜਪਾ ਦਾ ਅਕਾਲੀ ਦਲ ਨਾਲ ਗਠਜੋੜ ਟੁੱਟ ਗਿਆ ਸੀ।

## ਚੋਣ ਕਮਿਸ਼ਨ ਵਲੋਂ ਨੀਲਗਿਰੀ ਫਲਾਇੰਗ ਸਕੁਐਡ ਦਾ ਮੁਖੀ ਮੁਅੱਤਲ


**ਨਵੀਂ ਦਿੱਲੀ, (ਪੰਜਾਬ ਮੇਲ)-** ਚੋਣ ਕਮਿਸ਼ਨ ਨੇ ਡੀ.ਐੱਮ.ਕੇ. ਉਮੀਦਵਾਰ ਦੇ ਵਾਹਨ ਦੀ ਜਾਂਚ ਵਿਚ ਢਿੱਲ ਵਰਤਣ ਦੇ ਦੋਸ਼ ਹੇਠ ਨੀਲਗਿਰੀ ਫਲਾਇੰਗ ਸਕੁਐਡ ਦੇ ਮੁਖੀ ਨੂੰ ਮੁਅੱਤਲ ਕਰ ਦਿੱਤਾ ਹੈ। ਭਾਰਤੀ ਚੋਣ ਕਮਿਸ਼ਨ (ਈ.ਸੀ.ਆਈ.) ਨੇ ਸ਼ਨਿੱਚਰਵਾਰ ਨੂੰ ਡੀ.ਐੱਮ.ਕੇ. ਪਾਰਟੀ ਦੇ ਉਮੀਦਵਾਰ ਥਿਰੂ ਏ ਰਾਜਾ ਦੇ ਕਾਫ਼ਲੇ ਦੀ ਜਾਂਚ ਨਾ ਕਰਨ ਲਈ ਤਾਮਿਲਨਾਡੂ ਵਿਚ ਨੀਲਗਿਰੀਜ਼ ਦੀ ਫਲਾਇੰਗ ਸਕੁਐਡ ਟੀਮ ਦੇ ਮੁਖੀ ਨੂੰ ਮੁਅੱਤਲ ਕੀਤਾ। ਇਹ ਕਾਰਵਾਈ ਮੀਡੀਆ ਰਿਪੋਰਟਾਂ ਦੇ ਆਧਾਰ ’ਤੇ ਕੀਤੀ ਗਈ ਹੈ। ਚੋਣ ਕਮਿਸ਼ਨ ਨੇ ਪੂਰੀ ਟੀਮ ਨੂੰ ਬਦਲ ਦਿੱਤਾ ਹੈ। ਇਸ ਤੋਂ ਬਾਅਦ ਖਰਚਾ ਨਿਗਰਾਨ ਨੇ ਵੀ ਮੌਕੇ ’ਤੇ ਜਾ ਕੇ ਪੁੱਛਗਿੱਛ ਕੀਤੀ। ਉਨ੍ਹਾਂ ਨੇ ਵੀਡੀਓ ਨਿਗਰਾਨੀ ਟੀਮਾਂ ਵਲੋਂ ਰਿਕਾਰਡ ਕੀਤੇ ਗਏ ਦੋ ਵੀਡੀਓਜ਼ ਵੀ ਦੇਖੇ, ਜਿਨ੍ਹਾਂ ਵਿਚ ਕਾਫ਼ਲੇ ਵਿਚ ਮੌਜੂਦ ਹੋਰ ਕਾਰਾਂ ਦੀ ਵੀ ਚੈਕਿੰਗ ਨਹੀਂ ਕੀਤੀ ਗਈ।

# ਪੰਜਾਬ ਸਰਕਾਰ ਵੱਲੋਂ ਰਿੰਕੂ ਤੇ ਅੰਗੁਰਾਲ ਦੀ ਸੁਰੱਖਿਆ ਘਟਾਉਣ ਦਾ ਫ਼ੈਸਲਾ



**ਜਲੰਧਰ, (ਪੰਜਾਬ ਮੇਲ)-** ਪੰਜਾਬ ’ਚ ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਸਾਬਕਾ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਅਤੇ ਜਲੰਧਰ ਪੱਛਮੀ ਤੋਂ ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਦੀ ਸੁਰੱਖਿਆ ਘੱਟ ਕਰਨ ਦੇ ਹੁਕਮ ਦਿੱਤੇ ਗਏ ਹਨ। ਰਿੰਕੂ ਦੀ ਸੁਰੱਖਿਆ ਲਈ ਤਾਇਨਾਤ ਪੰਜਾਬ ਪੁਲਿਸ ਦੇ ਕਮਾਂਡੋਜ਼ ਨੂੰ ਵਾਪਸ ਬੁਲਾ ਲਿਆ ਗਿਆ ਹੈ। ਇਸ ਤੋਂ ਇਲਾਵਾ ਸੁਰੱਖਿਆ ਵਾਹਨ (ਪਾਇਲਟ ਜੀਪ) ਨੂੰ ਵੀ ਸੁਰੱਖਿਆ ਤੋਂ ਹਟਾ ਦਿੱਤਾ ਗਿਆ ਹੈ। ਸਾਬਕਾ ਵਿਧਾਇਕ ਅੰਗੁਰਾਲ ਦੀ ਸੁਰੱਖਿਆ ’ਚ ਕਮੀ ਨਹੀਂ ਆਈ ਹੈ। ਆਮ ਆਦਮੀ ਪਾਰਟੀ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਪੰਜਾਬ ਸਰਕਾਰ ਨੇ ਸੰਸਦ ਮੈਂਬਰ ਸੁਸ਼ੀਲ ਰਿੰਕੂ ਦੀ ਸੁਰੱਖਿਆ ਵਿਚ ਵੱਡੀ ਕਟੌਤੀ ਕੀਤੀ ਹੈ। ਪਹਿਲਾਂ ਸੁਸ਼ੀਲ ਰਿੰਕੂ ਦੀ ਸੁਰੱਖਿਆ ਲਈ ਚਾਰ ਪੁਲਿਸ ਮੁਲਾਜ਼ਮ ਅਤੇ 4 ਵਿਸ਼ੇਸ਼ ਸਿਖਲਾਈ ਪ੍ਰਾਪਤ ਕਮਾਂਡੋ ਮੌਜੂਦ ਸਨ। ਪੰਜਾਬ ਸਰਕਾਰ ਨੇ 4 ਕਮਾਂਡੋ ਵਾਪਸ ਬੁਲਾ ਲਏ ਹਨ। ਇਸੇ ਤਰ੍ਹਾਂ ਜਲਦੀ ਹੀ ਵਿਧਾਇਕ ਸ਼ੀਤਲ ਅੰਗੁਰਾਲ ਦੀ ਸੁਰੱਖਿਆ ਵੀ ਘਟਾਈ ਜਾਵੇਗੀ, ਜਦਕਿ ਭਾਜਪਾ ਨੇ ਚੋਣ ਕਮਿਸ਼ਨ ਤੋਂ ਦੋਵਾਂ ਦੀ ਸੁਰੱਖਿਆ ਵਧਾਉਣ ਦੀ ਮੰਗ ਕੀਤੀ ਸੀ।

# ਜਲੰਧਰ ਤੋਂ ਪ੍ਰਧਾਨ ਮੰਤਰੀ ਵੀ ਲੜ ਚੁੱਕੇ ਹਨ ਚੋਣ !



**ਜਲੰਧਰ, (ਪੰਜਾਬ ਮੇਲ)-** ਜਲੰਧਰ ਲੋਕ ਸਭਾ ਹਲਕੇ ਦਾ ਇਤਿਹਾਸ ਬੜਾ ਦਿਲਚਸਪ ਰਿਹਾ ਹੈ ਅਤੇ ਇਕ ਵਾਰ ਇਥੋਂ ਪ੍ਰਧਾਨ ਮੰਤਰੀ ਵੀ ਚੋਣ ਲੜ ਚੁੱਕੇ ਹਨ। ਪੰਜਾਬ ਦੇ ਐਨ ਵਿਚਕਾਰ ਪੈਂਦੇ ਜਲੰਧਰ ਨੂੰ ਪ੍ਰਵਾਸੀ ਪੰਜਾਬੀਆਂ ਦੇ ਗੜ੍ਹ ਵਾਲੇ ਹਲਕੇ ਵਜੋਂ ਵੀ ਦੇਖਿਆ ਜਾਂਦਾ ਹੈ। ਜਲੰਧਰ ਹਲਕੇ ਦੇ ਲੋਕ ਹੁਣ ਤੱਕ 20 ਵਾਰ ਆਪਣੇ ਨੁਮਾਇੰਦੇ ਚੁਣ ਕੇ ਸੰਸਦ ਵਿਚ ਭੇਜ ਚੁੱਕੇ ਹਨ, ਜਿਨ੍ਹਾਂ ਵਿਚੋਂ 15 ਵਾਰ ਕਾਂਗਰਸ ਜੇਤੂ ਰਹੀ ਹੈ। ਜਲੰਧਰ ਹਲਕੇ ਨੂੰ ਕਾਂਗਰਸ ਦੀ ਸਭ ਤੋਂ ਸੁਰੱਖਿਅਤ ਤੇ ਮਜ਼ਬੂਤ ਸੀਟ ਵਜੋਂ ਦੇਖਿਆ ਜਾਂਦਾ ਹੈ। ਇਥੋਂ ਦੋ ਵਾਰ ਅਕਾਲੀ ਦਲ ਅਤੇ ਦੋ ਵਾਰ ਜਨਤਾ ਦਲ ਦੇ ਉਮੀਦਵਾਰ ਜੇਤੂ ਰਹੇ ਸਨ, ਜਦਕਿ ਜ਼ਿਮਨੀ ਚੋਣ ’ਚ ‘ਆਪ’ ਵੱਲੋਂ ਸੁਸ਼ੀਲ ਕੁਮਾਰ ਰਿੰਕੂ ਨੇ ਬਾਜ਼ੀ ਮਾਰੀ ਸੀ, ਜੋ ਕਿ ਮੌਜੂਦਾ ਸੰਸਦ ਮੈਂਬਰ ਹਨ।

ਜਲੰਧਰ ਹਲਕੇ ਤੋਂ ਚੋਣ ਜਿੱਤਣ ਵਾਲੇ ਆਗੂ ਵਿਦੇਸ਼ ਮੰਤਰੀ ਅਤੇ ਰੱਖਿਆ ਮੰਤਰੀ ਵਰਗੇ ਅਹਿਮ ਅਹੁਦਿਆਂ ’ਤੇ ਪਹੁੰਚਦੇ ਰਹੇ ਹਨ। ਕਾਂਗਰਸ ਵੱਲੋਂ ਸਵਰਨ ਸਿੰਘ ਦਾ ਲਗਾਤਾਰ ਪੰਜ ਵਾਰ ਚੋਣ ਜਿੱਤਣਾ ਆਪਣੇ ‘ਆਪ’ ਵਿਚ ਇਕ ਰਿਕਾਰਡ ਰਿਹਾ ਹੈ। ਉਨ੍ਹਾਂ ਨੇ 1957 ਤੋਂ ਲੈ ਕੇ 1971 ਤੱਕ ਲਗਾਤਾਰ ਚੋਣਾਂ ਜਿੱਤੀਆਂ ਤੇ ਕੇਂਦਰ ’ਚ ਵਜ਼ਾਰਤ ਦਾ ਹਿੱਸਾ ਬਣਦੇ ਰਹੇ ਸਨ। ਜਲੰਧਰ ਹਲਕੇ ਤੋਂ ਜਨਤਾ ਦਲ ਦੇ ਉਮੀਦਵਾਰ ਦੋ ਵਾਰ ਜੇਤੂ ਰਹੇ ਤੇ ਦੋਵੇਂ ਵਾਰ ਇੰਦਰ ਕੁਮਾਰ ਗੁਜਰਾਲ ਚੋਣ ਜਿੱਤੇ ਸਨ। ਉਨ੍ਹਾਂ ਨੇ ਇਸ ਹਲਕੇ ਤੋਂ 1989 ਵਿਚ ਪਹਿਲੀ ਵਾਰ ਚੋਣ ਲੜੀ ਸੀ ਤੇ ਵੀ.ਪੀ. ਸਿੰਘ ਦੀ ਸਰਕਾਰ ਵਿਚ ਵਿਦੇਸ਼ ਮੰਤਰੀ ਬਣੇ ਸਨ। ਸਾਲ 1998 ਦੀਆਂ ਲੋਕ ਸਭਾ ਚੋਣਾਂ ਸਮੇਂ ਇੰਦਰ ਕੁਮਾਰ ਗੁਜਰਾਲ ਨੇ ਬਤੌਰ ਪ੍ਰਧਾਨ ਮੰਤਰੀ ਜਲੰਧਰ ਤੋਂ ਚੋਣ ਲੜ ਕੇ ਨਵਾਂ ਇਤਿਹਾਸ ਸਿਰਜਿਆ ਸੀ।

## ਸੀ.ਪੀ.ਆਈ. ਨੂੰ 11 ਕਰੋੜ ਰੁਪਏ ਦੇ ਭੁਗਤਾਨ ਦਾ ਮਿਲਿਆ ਨੋਟਿਸ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਨੂੰ ਆਮਦਨ ਕਰ ਵਿਭਾਗ ਤੋਂ 11 ਕਰੋੜ ਰੁਪਏ ਦਾ ਬਕਾਇਆ ਅਦਾ ਕਰਨ ਦਾ ਨੋਟਿਸ ਮਿਲਿਆ ਹੈ। ਸੂਤਰਾਂ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਟੈਕਸ ਰਿਟਰਨਾਂ ਭਰਨ ਸਮੇਂ ਪੁਰਾਣੇ ਪੈਨ ਕਾਰਡ ਦੀ ਵਰਤੋਂ ਕਰਨ ’ਤੇ ਬਕਾਇਆ ਰਕਮ ਦੇ ਭੁਗਤਾਨ ਦਾ ਨੋਟਿਸ ਦਿੱਤਾ ਗਿਆ ਹੈ। ਸੂਤਰਾਂ ਮੁਤਾਬਕ ਖੱਬੇ-ਪੱਖੀ ਪਾਰਟੀ ਨੋਟਿਸ ਨੂੰ ਚੁਣੌਤੀ ਦੇਣ ਲਈ ਆਪਣੇ ਵਕੀਲਾਂ ਨਾਲ ਚਰਚਾ ਕਰ ਰਹੀ ਹੈ। ਤ੍ਰਿਣਮੂਲ ਕਾਂਗਰਸ ਆਗੂ ਸਾਕੇਤ ਗੋਖਲੇ ਨੇ ਵੀ ਦਾਅਵਾ ਕੀਤਾ ਹੈ ਕਿ ਉਸ ਨੂੰ ਪਿਛਲੇ 72 ਘੰਟਿਆਂ ਦੌਰਾਨ ਆਈ-ਟੀ ਦੇ 11 ਨੋਟਿਸ ਮਿਲ ਚੁੱਕੇ ਹਨ।

## ਆਦਮਪੁਰ ਹਵਾਈ ਅੱਡੇ ਤੋਂ ਸਿਰਫ਼ 1 ਘੰਟੇ ’ਚ ਤੈਅ ਹੋਵੇਗਾ ਦਿੱਲੀ ਦਾ ਰਸਤਾ

**ਜਲੰਧਰ, (ਪੰਜਾਬ ਮੇਲ)-** ਆਦਮਪੁਰ (ਜਲੰਧਰ) ਏਅਰਪੋਰਟ ਤੋਂ ਦਿੱਲੀ ਏਅਰਪੋਰਟ ਲਈ ਫਲਾਈਟਾਂ ਸ਼ੁਰੂ ਹੋ ਗਈਆਂ ਹਨ। ਦੋਆਬੇ ਦੇ ਐੱਨ.ਆਰ.ਆਈਜ਼, ਕਾਰੋਬਾਰੀਆਂ ਅਤੇ ਉੱਦਮੀਆਂ ਨੂੰ ਹੁਣ ਦਿੱਲੀ ਜਾਣ ਲਈ 9 ਘੰਟੇ ਦਾ ਸਫਰ ਨਹੀਂ ਕਰਨਾ ਪਵੇਗਾ ਅਤੇ ਉਹ ਉਕਤ ਫਲਾਈਟ ਰਾਹੀਂ ਸਿਰਫ 1 ਘੰਟੇ ਵਿਚ ਉੱਥੇ ਪਹੁੰਚ ਜਾਣਗੇ।

ਜਾਣਕਾਰੀ ਮੁਤਾਬਕ ਇਕਾਨਮੀ ਕਲਾਸ ਦਾ ਕਿਰਾਇਆ ਟੈਕਸ ਸਮੇਤ ਕਰੀਬ 2300 ਰੁਪਏ ਹੈ। ਹਾਲਾਂਕਿ ਏਅਰਪੋਰਟ ਅਥਾਰਟੀ ਨੇ ਆਦਮਪੁਰ ਏਅਰਪੋਰਟ ’ਤੇ ਇਕ ਮਹੀਨਾ ਪਹਿਲਾਂ ਹੀ ਸਟਾਫ ਦੀ ਨਿਯੁਕਤੀ ਕਰ ਦਿੱਤੀ ਸੀ।







# ਸ਼੍ਰੋਮਣੀ ਕਮੇਟੀ ਦਾ 1260 ਕਰੋੜ 97 ਲੱਖ ਰੁਪਏ ਦਾ ਬਜਟ ਪਾਸ

**■ ਧਰਮ ਪ੍ਰਚਾਰ, ਵਿੱਦਿਆ ਅਤੇ ਪੰਥਕ ਕਾਰਜਾਂ ਲਈ ਰੱਖੀ ਗਈ ਹੈ ਵਿਸ਼ੇਸ਼ ਰਾਸ਼ੀ : ਐਡਵੋਕੇਟ ਧਾਮੀ**



**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਏ ਜਨਰਲ ਇਜਲਾਸ ਦੌਰਾਨ ਸਾਲ 2024-25 ਲਈ 1260 ਕਰੋੜ 97 ਲੱਖ, 38 ਹਜ਼ਾਰ ਰੁਪਏ ਦਾ ਬਜਟ ਪਾਸ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਏ ਇਸ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਬਜਟ ਪੇਸ਼ ਕੀਤਾ, ਜਿਸ ਨੂੰ ਹਾਜ਼ਰ ਮੈਂਬਰ ਨੇ ਜੈਕਾਰਿਆਂ ਦੀ ਗੂੰਜ 'ਚ ਪ੍ਰਵਾਨਗੀ ਦਿੱਤੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਸ਼੍ਰੋਮਣੀ ਕਮੇਟੀ ਮੈਂਬਰ ਮੌਜੂਦ ਸਨ। ਬਜਟ ਪੇਸ਼ ਕਰਦਿਆਂ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਸ਼੍ਰੋਮਣੀ ਕਮੇਟੀ ਦੇ ਵੱਖ-ਵੱਖ ਵਿਭਾਗਾਂ ਅਤੇ ਅਦਾਰਿਆਂ ਲਈ ਹੋਣ ਵਾਲੀ ਆਮਦਨ ਅਤੇ ਖਰਚਿਆਂ ਦੇ ਵੇਰਵੇ ਸਾਂਝੇ ਕਰਦਿਆਂ ਭਵਿੱਖ ਅੰਦਰ ਪਹਿਲ ਦੇ ਆਧਾਰ 'ਤੇ ਕੀਤੇ ਜਾਣ ਵਾਲੇ ਕਾਰਜਾਂ ਲਈ ਸੁਰੱਖਿਅਤ ਕੀਤੀ ਗਈ ਰਾਸ਼ੀ ਬਾਰੇ ਅੰਕੜੇ ਪੇਸ਼ ਕੀਤੇ।

ਬਜਟ ਇਜਲਾਸ ਮਗਰੋਂ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਵੱਲੋਂ ਪੇਸ਼ ਕੀਤੇ ਗਏ ਬਜਟ ਨੂੰ ਸੰਤੁਲਤ ਕਰਾਰ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਵਾਰ ਪਿਛਲੇ ਬਜਟ ਨਾਲੋਂ 14 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਵਿਸ਼ੇਸ਼ ਤੌਰ 'ਤੇ ਅਗਲੇ ਵਿੱਤੀ ਵਰ੍ਹੇ ਦੌਰਾਨ ਧਰਮ ਪ੍ਰਚਾਰ, ਵਿੱਦਿਆ ਅਤੇ ਪੰਥਕ ਕਾਰਜਾਂ ਨੂੰ ਪਹਿਲ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਵਾਰ ਧਰਮ ਪ੍ਰਚਾਰ ਕਮੇਟੀ ਦਾ ਬਜਟ 100 ਕਰੋੜ ਰੁਪਏ ਦਾ ਹੈ। ਧਰਮ ਪ੍ਰਚਾਰ ਕਮੇਟੀ ਰਾਹੀਂ ਕੀਤੇ ਜਾਣ ਵਾਲੇ ਕਾਰਜਾਂ ਲਈ ਰੱਖੀ ਰਾਸ਼ੀ ਦੀ ਤਫਸੀਲ ਦਿੰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਵਿਸ਼ੇਸ਼ ਤੌਰ 'ਤੇ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਦਿਵਸ ਦੀ ਸਤੰਬਰ ਮਹੀਨੇ ਵਿਚ ਆ ਰਹੀ ਸ਼ਤਾਬਦੀ ਮਨਾਉਣ ਲਈ 3 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਇਸ ਦੇ ਨਾਲ ਹੀ ਧਰਮ ਪ੍ਰਚਾਰ ਕਮੇਟੀ ਰਾਹੀਂ ਸਿੱਖ ਨੌਜੁਆਨਾਂ ਨੂੰ ਪ੍ਰਸਾਸ਼ਕੀ ਸੇਵਾਵਾਂ ਲਈ ਤਿਆਰ ਕਰਨ ਵਾਸਤੇ 2 ਕਰੋੜ ਰੁਪਏ, ਅੰਮ੍ਰਿਤਧਾਰੀ ਬੱਚੀਆਂ ਨੂੰ ਮੁਫ਼ਤ ਵਿਦਿਆ ਲਈ 2 ਕਰੋੜ ਰੁਪਏ, ਅੰਮ੍ਰਿਤਧਾਰੀ ਵਿਦਿਆਰਥੀਆਂ ਦੀਆਂ ਫੀਸਾਂ ਲਈ 2 ਕਰੋੜ 50 ਲੱਖ ਰੁਪਏ, ਅੰਮ੍ਰਿਤ ਸੰਚਾਰ ਸਮਾਗਮਾਂ ਲਈ 1 ਕਰੋੜ 80 ਲੱਖ ਰੁਪਏ, ਧਾਰਮਿਕ ਸਾਹਿਤ, ਲਾਇਬ੍ਰੇਰੀਆਂ, ਸ਼ਸਤਰ ਵਿੱਦਿਆ, ਇਤਿਹਾਸਕ ਯਾਦਗਾਰੀ ਪ੍ਰਾਜੈਕਟਾਂ ਅਤੇ ਸੰਗਤਾਂ ਨੂੰ ਵੀਡੀਓ ਵੈਨਾਂ ਰਾਹੀਂ ਧਾਰਮਿਕ ਫਿਲਮਾਂ ਦਿਖਾਉਣ ਲਈ 4 ਕਰੋੜ 45 ਲੱਖ ਰੁਪਏ, ਧਰਮ ਪ੍ਰਚਾਰ ਲਹਿਰ ਹੋਰ ਪ੍ਰਚੰਡ ਕਰਨ ਲਈ 1 ਕਰੋੜ 15 ਲੱਖ ਰੁਪਏ, ਬੱਚਿਆਂ ਨੂੰ ਧਾਰਮਿਕ ਪ੍ਰੀਖਿਆ ਰਾਹੀਂ ਗੁਰਮਤਿ ਨਾਲ ਜੋੜਨ ਲਈ 1 ਕਰੋੜ 60 ਲੱਖ ਰੁਪਏ ਅਤੇ ਪੰਜਾਬ ਤੋਂ ਬਾਹਰਲੇ ਸਿੱਖ ਮਿਸ਼ਨਾਂ ਵਾਸਤੇ 9 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ। ਇਸੇ ਤਰ੍ਹਾਂ ਧਰਮ ਪ੍ਰਚਾਰ ਕਮੇਟੀ ਦੇ ਹੋਰ ਕਾਰਜਾਂ ਵਾਸਤੇ ਵੀ ਬਜਟ ਵਿਚ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸ ਵਾਰ ਗੁਰਦੁਆਰਾ ਸਾਹਿਬਾਨ ਦਾ ਬਜਟ 994 ਕਰੋੜ 51 ਲੱਖ ਰੁਪਏ ਹੈ। ਇਸੇ ਤਰ੍ਹਾਂ ਵਿਦਿਅਕ ਅਦਾਰਿਆਂ ਦਾ ਬਜਟ 251 ਕਰੋੜ ਰੁਪਏ, ਪ੍ਰਿੰਟਿੰਗ ਪ੍ਰੈੱਸਾਂ ਦਾ ਬਜਟ 7 ਕਰੋੜ 94 ਲੱਖ ਰੁਪਏ ਪਾਸ ਕੀਤਾ ਗਿਆ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਕਿ ਇਸ ਵਾਰ ਦੇ ਬਜਟ ਵਿਚ ਵਿਦਿਅਕ ਅਦਾਰਿਆਂ ਦੇ ਸਟਾਫ਼ ਦੀਆਂ ਬਕਾਇਆ ਤਨਖ਼ਾਹਾਂ ਵਾਸਤੇ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ 31 ਮਾਰਚ 2024 ਤੱਕ ਦੀਆਂ ਸਾਰੀਆਂ ਬਕਾਇਆ ਤਨਖ਼ਾਹਾਂ ਦੀ ਅਦਾਇਗੀ ਲਈ ਵਿਸ਼ੇਸ਼ ਪ੍ਰਬੰਧ ਕੀਤਾ ਹੈ। ਇਸ ਕਾਰਜ ਲਈ ਉਚੇਚੇ ਤੌਰ 'ਤੇ ਜਨਰਲ ਬੋਰਡ ਫੰਡ ਵਿਚੋਂ 10 ਕਰੋੜ ਰੁਪਏ ਦੀ ਵਿਸ਼ੇਸ਼ ਰਾਸ਼ੀ ਵਿਦਿਆ ਫੰਡ ਲਈ ਰਾਖਵੀਂ ਕੀਤੀ ਗਈ ਹੈ।

# ਉੱਘੇ ਕਾਲਮ ਨਵੀਸ, ਸਾਹਿਤਕਾਰ ਅਤੇ ਬਹੁਪੱਖੀ ਸ਼ਖਸੀਅਤ ਸੁੱਚਾ ਸਿੰਘ ਕਲੇਰ 'ਸਰਵੋਤਮ ਸਾਹਿਤਕਾਰ ਐਵਾਰਡ' ਨਾਲ ਸਨਮਾਨਿਤ




**ਸਰੀ, (ਹਰਦਮ ਮਾਨ/ਪੰਜਾਬ ਮੇਲ)**- ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਬੀਤੇ ਦਿਨੀਂ ਆਪਣਾ ਸਾਲਾਨਾ ਸਮਾਗਮ ਸਰੀ ਵਿਖੇ ਕਰਵਾਇਆ ਗਿਆ। ਇਸ ਪ੍ਰਭਾਵਸ਼ਾਲੀ ਸਮਾਗਮ ਵਿਚ ਪੰਜਾਬੀ ਦੇ ਉੱਘੇ ਕਾਲਮ ਨਵੀਸ, ਸਾਹਿਤਕਾਰ ਅਤੇ ਬਹੁਪੱਖੀ ਸ਼ਖ਼ਸੀਅਤ ਸੁੱਚਾ ਸਿੰਘ ਕਲੇਰ ਨੂੰ ਸਾਲ 2024 ਲਈ 'ਸਰਵੋਤਮ ਸਾਹਿਤਕਾਰ ਐਵਾਰਡ' ਨਾਲ ਸਨਮਾਨਿਆ ਗਿਆ। ਸਮਾਗਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਰਾਏ ਅਜ਼ੀਜ਼ ਉਲਾ ਖਾਨ, ਅਜਮੇਰ ਰੋਡੇ ਅਤੇ ਹਰਪਾਲ ਸਿੰਘ ਬਰਾੜ ਨੇ ਕੀਤੀ। ਸਮਾਗਮ ਵਿਚ ਸਾਹਿਤਕ, ਸਮਾਜਿਕ ਅਤੇ ਕਾਰੋਬਾਰੀ ਖੇਤਰ ਦੀਆਂ ਅਹਿਮ ਸ਼ਖ਼ਸੀਅਤਾਂ ਸ਼ਾਮਲ ਹੋਈਆਂ।

ਸੁੱਚਾ ਸਿੰਘ ਕਲੇਰ ਦੇ ਜੀਵਨ, ਉਨ੍ਹਾਂ ਦੇ ਪੱਤਰਕਾਰੀ ਅਤੇ ਸਾਹਿਤਕ ਕਾਰਜ, ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਲਈ ਕੀਤੇ ਉਦਮ ਅਤੇ ਪੰਜਾਬੀ ਭਾਈਚਾਰੇ ਲਈ ਪਾਏ ਬੇਹੱਦ ਯੋਗਦਾਨ ਦੀ ਸ਼ਲਾਘਾ ਕਰਦਿਆਂ ਪ੍ਰਸਿੱਧ ਸਾਹਿਤਕਾਰ ਹਰਚੰਦ ਸਿੰਘ ਬਾਗੜੀ ਨੇ ਕਿਹਾ ਕਿ ਸੁੱਚਾ ਸਿੰਘ ਕਲੇਰ ਦੇ ਦਿਲ ਅੰਦਰ ਭਾਈਚਾਰੇ ਦੀ ਪਛਾਣ ਅਤੇ ਤਰੱਕੀ ਲਈ ਅਥਾਹ ਜਜ਼ਬਾ ਹੈ। ਉਨ੍ਹਾਂ ਵੱਲੋਂ ਵੈਨਕੂਵਰ ਵਿਚ ਪੰਜਾਬੀ ਮਾਰਕੀਟ ਦੀ ਸਥਾਪਨਾ ਲਈ ਕੀਤੀ ਘਾਲਣਾ ਅਤੇ ਸੰਘਰਸ਼ ਇਸ ਦੀ ਜਿਉਂਦੀ ਜਾਗਦੀ ਮਿਸਾਲ ਹੈ। ਉਹ ਬਹੁਤ ਹੀ ਨੇਕ ਇਨਸਾਨ ਹਨ। ਭਾਈਚਾਰੇ ਦਾ ਸਹੀ ਮਾਰਗ ਦਰਸ਼ਨ ਕਰਨ ਵਿਚ ਵੀ ਉਨ੍ਹਾਂ ਦਾ ਅਹਿਮ ਯੋਗਦਾਨ ਹੈ।

ਕਾਰੋਬਾਰੀ ਖੇਤਰ ਦੀ ਨਾਮਵਰ ਸ਼ਖ਼ਸੀਅਤ ਬਲਦੇਵ ਸਿੰਘ ਬਾਠ ਨੇ ਸੁੱਚਾ ਸਿੰਘ ਕਲੇਰ ਨੂੰ ਬੇਹੱਦ ਸਬਰ ਸੰਤੋਖ ਅਤੇ ਠਰ੍ਹੰਮੇ ਦਾ ਮਾਲਕ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਅਨੇਕਾਂ ਕਾਰੋਬਾਰੀਆਂ ਨੂੰ ਯੋਗ ਅਗਵਾਈ ਪ੍ਰਦਾਨ ਕੀਤੀ ਹੈ। ਪ੍ਰਿਤਪਾਲ ਸਿੰਘ ਗਿੱਲ ਨੇ ਕਿਹਾ ਕਿ ਸੁੱਚਾ ਸਿੰਘ ਕਲੇਰ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਵਾਸਤੇ ਲੰਮਾਂ ਸਮਾਂ ਸੇਵਾਵਾਂ ਦਿੱਤੀਆਂ ਹਨ ਅਤੇ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਸਦਕਾ ਅੱਜ ਇਹ ਸਭਾ ਭਾਈਚਾਰੇ 'ਚ ਮਾਣਮੱਤਾ ਸਥਾਨ ਹਾਸਲ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸੁੱਚਾ ਸਿੰਘ ਕਲੇਰ ਦਾ ਸਨਮਾਨ ਅਸਲ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਹੀ ਸਨਮਾਨ ਹੈ। ਰਾਇ ਅਜ਼ੀਜ਼ ਉਲਾ ਖਾਨ ਨੇ ਸੁੱਚਾ ਸਿੰਘ ਕਲੇਰ ਵੱਲੋਂ ਪੰਜਾਬੀ ਕਮਿਊਨਿਟੀ ਲਈ ਪਾਏ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕਰਨ ਦੇ ਕਾਰਜ ਨੂੰ ਸ਼ੁੱਭ ਕਦਮ ਦੱਸਿਆ।

ਸਾਬਕਾ ਮੰਤਰੀ ਦੇਵ ਹੇਅਰ ਨੇ ਸੁੱਚਾ ਸਿੰਘ ਕਲੇਰ ਨਾਲ ਆਪਣੇ ਲੰਮੇਰੇ ਸੰਬੰਧਾਂ ਦੀ ਗੱਲ ਕੀਤੀ ਅਤੇ ਉਨ੍ਹਾਂ ਵੱਲੋਂ 'ਇੰਡੋ ਕੈਨੇਡੀਅਨ ਟਾਈਮਜ਼' ਅਖ਼ਬਾਰ ਅਤੇ ਭਾਈਚਾਰੇ ਲਈ ਕੀਤੇ ਕਾਰਜ ਦੀ ਸ਼ਲਾਘਾ ਕੀਤੀ। ਪ੍ਰੋਫੈਸਰ ਕਸ਼ਮੀਰਾ ਸਿੰਘ, ਮੋਤਾ ਸਿੰਘ ਝੀਤਾ, ਸੁਰਜੀਤ ਸਿੰਘ ਮਾਧੋਪੁਰੀ, ਹਰਪਾਲ ਸਿੰਘ ਬਰਾੜ, ਕਵਿੰਦਰ ਚਾਂਦ, ਅੰਗਰੇਜ਼ ਬਰਾੜ, ਹਰਦਮ ਸਿੰਘ ਮਾਨ, ਦਰਸ਼ਨ ਸੰਘਾ, ਪਰਮਿੰਦਰ ਸਵੈਚ, ਅਜਮੇਰ ਰੋਡੇ, ਸੁਰਜੀਤ ਕਲਸੀ, ਜੋਗਿੰਦਰ ਸਿੰਘ ਸੁੰਨੜ, ਹਰਜਿੰਦਰ ਸਿੰਘ ਠਾਣਾ, ਪਲਵਿੰਦਰ ਸਿੰਘ ਰੰਧਾਵਾ ਅਤੇ ਹਰਜੀਤ ਕੌਰ ਢਿੱਲੋਂ ਨੇ ਇਸ ਮੌਕੇ ਬੋਲਦਿਆਂ ਸੁੱਚਾ ਸਿੰਘ ਕਲੇਰ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਇਆ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਇਸ ਸਰਵੋਤਮ ਅਵਾਰਡ ਲਈ ਉਨ੍ਹਾਂ ਦੀ ਚੋਣ ਕਰਨ 'ਤੇ ਸਭਾ ਅਤੇ ਸ. ਕਲੇਰ ਨੂੰ ਵਧਾਈ ਦਿੱਤੀ। ਇਨ੍ਹਾਂ ਬੁਲਾਰਿਆਂ ਨੇ ਸੁੱਚਾ ਸਿੰਘ ਕਲੇਰ ਨੂੰ ਇੱਕ ਸੁੱਚਾ ਮੋਤੀ ਦੱਸਿਆ ਅਤੇ ਇਸ ਹੀਰੇ ਦੀ ਪਛਾਣ ਕਰਨ ਲਈ ਸਭਾ ਦਾ ਧੰਨਵਾਦ ਕੀਤਾ।

# ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਹੋਲੇ-ਮਹੱਲੇ ਸਮੇਂ ਕੀਤਾ ਜਾਂਦਾ ਸਨਮਾਨ, ਨਿਹੰਗ ਸਿੰਘ ਦਲਾਂ ਤੇ ਸਿੱਖ ਵਿਦਵਾਨਾਂ ਵਿਚ ਨੇੜਤਾ ਦੀ ਕੜੀ

**ਸ੍ਰੀ ਅਨੰਦਪੁਰ ਸਾਹਿਬ, (ਪੰਜਾਬ ਮੇਲ)**- ਉਘੇ ਸਿੱਖ ਵਿਦਵਾਨ ਪ੍ਰੋ. ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪ੍ਰੋ. ਡਾ. ਧਰਮ ਸਿੰਘ ਸਾਬਕਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਹੋਲੇ-ਮਹੱਲੇ ਸਮੇਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਨਿਹੰਗ ਸਿੰਘ ਦਲਾਂ ਅਤੇ ਸਿੱਖ ਵਿਦਵਾਨਾਂ ਵਿਚ ਪਈਆਂ ਦੂਰੀਆਂ ਤੇ ਕਈ ਭਰਮ ਭੁਲੇਖਿਆਂ ਨੂੰ ਦੂਰ ਕਰਨ ਲਈ ਉਘੇ ਸਿੱਖ ਚਿੰਤਕ ਸ. ਦਿਲਜੀਤ ਸਿੰਘ ਬੇਦੀ ਵੱਲੋਂ ਕੀਤੇ ਜਾ ਰਹੇ ਯਤਨ ਨਿਕਟ ਭਵਿੱਖ ਵਿਚ ਚੰਗੇਰੇ ਤੇ ਸ਼ਾਨਦਾਰ ਸਿੱਟੇ ਕੱਢੇਗਾ।

ਦੋਹਾਂ ਵਿਦਵਾਨਾਂ ਨੇ ਇੱਕ ਸਾਂਝੇ ਬਿਆਨ ਵਿਚ ਕਿਹਾ ਕਿ ਲੰਮੇ ਸਮੇਂ ਤੋਂ ਸਿੱਖ ਇਤਿਹਾਸ ਤੇ ਕੰਮ ਕਰਨ ਵਾਲੇ ਵਿਦਵਾਨਾਂ ਅਤੇ ਨਿਹੰਗ ਸਿੰਘ ਦਲਾਂ 'ਚ ਤਾਲਮੇਲ ਦੀ ਘਾਟ ਸੀ, ਉਸ ਘਾਟ ਨੂੰ ਦੂਰ ਕਰਨ ਲਈ ਬੁੱਢਾ ਦਲ ਦੇ ਸੱਕਤਰ ਵਜੋਂ ਸੇਵਾ ਨਿਭਾ ਰਹੇ ਸ. ਦਿਲਜੀਤ ਸਿੰਘ ਬੇਦੀ ਇਮਾਨਦਾਰੀ ਤੇ ਸਾਫ਼ਦਿਲੀ ਨਾਲ ਦੋਹਾਂ ਧਿਰਾਂ ਨੂੰ ਨੇੜੇ ਕਰਨ ਲਈ ਨਿੱਗਰ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਹੋਲੇ-ਮਹੱਲੇ ਅਤੇ ਖਾਲਸੇ ਦੇ ਸਿਰਜਨਾ ਦਿਵਸ, ਬੰਦੀ ਛੋੜ ਦਿਵਸ ਅਤੇ ਵਿਸ਼ੇਸ਼ ਪੁਰਬਾਂ ਤੇ ਕਰਵਾਏ ਜਾਂਦੇ ਸ਼ਸਤਰ ਯੁੱਧ ਕਲਾ ਗੱਤਕਾ ਮੁਕਾਬਲਿਆਂ ਜਾਂ ਵਿਸ਼ੇਸ਼ ਸੈਮੀਨਾਰਾਂ ਦੋਰਾਨ ਅਜਿਹੇ ਜਤਨਾਂ ਲਈ ਬੁੱਢਾ ਦਲ ਦੇ ਮੁਖੀ ਵਿਸ਼ੇਸ਼ ਤੌਰ 'ਤੇ ਧੰਨਵਾਦ ਤੇ ਵਧਾਈ ਦੇ ਪਾਤਰ ਹਨ। ਉਨ੍ਹਾਂ ਕਿਹਾ ਕਿ ਨਿਹੰਗ ਸਿੰਘਾਂ ਦਾ ਬਹੁਤ ਕੀਮਤੀ ਸ਼ਾਨਾਮੱਤਾ ਇਤਿਹਾਸ ਅੱਖੋ ਓਹਲੇ ਹੋ ਚੁੱਕਾ ਹੈ। ਸਿੱਖ ਇਤਿਹਾਸ ਨੂੰ ਉਜਾਗਰ ਕਰਨ ਲਈ ਸਮਾਂਬੱਧ ਸਿੱਖ ਵਿਦਵਾਨਾਂ ਨੂੰ ਇਸ ਪੱਖ ਵੱਲ ਸਹਿਯੋਗ ਮਈ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਭਾਵੇਂ ਕਈਆਂ ਪੱਖਾਂ ਤੇ ਸਰੋਤਾਂ ਦੀ ਘਾਟ ਹੈ ਪਰ ਖੋਜ ਕਰਨੀ ਵਿਦਵਾਨਾਂ ਦਾ ਹੀ ਕੰਮ ਹੈ।

ਇਸੇ ਦੌਰਾਨ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਵੱਲੋਂ ਡਾ. ਦੇਵਿੰਦਰ ਸਿੰਘ ਗ੍ਰੇਵਾਲ, ਡਾ. ਅੱਛਰੂ ਸਿੰਘ, ਡਾ. ਰੂਪ ਸਿੰਘ, ਗਿ. ਭਗਵਾਨ ਸਿੰਘ ਜੌਹਲ, ਨਿਰਮਲੇ ਸੰਪਰਦਾਏ ਸੰਤ ਤੇਜਾ ਸਿੰਘ ਖੁੱਡਾਕੁਰਾਲਾ, ਡਾ. ਜਸਬੀਰ ਸਿੰਘ ਸਰਨਾ, ਡਾ. ਇੰਦਰਜੀਤ ਸਿੰਘ ਗੋਗੋਆਣੀ, ਪਦਮ ਸ੍ਰੀ ਜਗਜੀਤ ਸਿੰਘ ਦਰਦੀ, ਗੁਰਮਤਿ ਸੰਗੀਤ ਦੇ ਸ਼ਾਸਤਰੀ ਡਾ. ਗੁਰਨਾਮ ਸਿੰਘ, ਗਿ. ਗੁਰਬਖ਼ਸ਼ ਸਿੰਘ ਗੁਲਸ਼ਨ ਯੂ.ਕੇ., ਗੁਰਮਤਿ ਦਾ ਪ੍ਰਚਾਰ ਕਰਨ ਵਾਲਿਆਂ ਵਿਚ ਬੀਬੀ ਜਗੀਰ ਕੌਰ, ਜਥੇ. ਅਵਤਾਰ ਸਿੰਘ ਮੱਕੜ, ਭਾਈ ਗੋਬਿੰਦ ਸਿੰਘ ਲੋਗੋਂਵਾਲ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ. ਹਰਜਿੰਦਰ ਸਿੰਘ ਧਾਮੀ, ਬਾਬਾ ਹਰਨਾਮ ਸਿੰਘ ਖਾਲਸਾ ਦਮਦਮੀ ਟਕਸਾਲ ਮਹਿਤਾ, ਸੰਤ ਜਗਜੀਤ ਸਿੰਘ ਹਰਖੋਵਾਲ, ਸੰਤ ਬਾਬਾ ਅਮੀਰ ਸਿੰਘ ਜਵੱਦੀਕਲਾਂ ਟਕਸਾਲ, ਬਾਬਾ ਬੁੱਧ ਸਿੰਘ ਨਿੱਕੇ ਘੁੰਮਣਾਂ ਵਾਲੇ, ਸ. ਇੰਦਰਬੀਰ ਸਿੰਘ ਨਿੱਜਰ ਪ੍ਰਧਾਨ ਚੀਫ਼ ਖਾਲਸਾ ਦੀਵਾਨ, ਬਾਬਾ ਕਸ਼ਮੀਰ ਸਿੰਘ ਭੂਰੀਵਾਲੇ, ਭਾਈ ਪ੍ਰਿਤਪਾਲ ਸਿੰਘ ਪ੍ਰਚਾਰਕ, ਮਾਤਾ ਵਿਪਨਪ੍ਰੀਤ ਕੌਰ ਬਾਬਾ ਕੁੰਦਨ ਸਿੰਘ ਭਲਾਈ ਟਰੱਸਟ ਲੁਧਿਆਣਾ, ਭਾਈ ਗੁਰਇਕਬਾਲ ਸਿੰਘ ਬੀਬੀ ਕੌਲਾਂ ਜੀ ਭਲਾਈ ਕੇਂਦਰ, ਨਿਹੰਗ ਸਿੰਘ ਦਲਾਂ ਵਿਚੋਂ ਬਾਬਾ ਅਵਤਾਰ ਸਿੰਘ, ਬਾਬਾ ਨਿਹਾਲ ਸਿੰਘ, ਬਾਬਾ ਮੇਜਰ ਸਿੰਘ ਅਤੇ ਸੇਵਾ ਪੰਥੀ ਸੰਪਰਦਾ ਦੇ ਮੁਖੀ ਸੰਤ ਕਰਮਜੀਤ ਸਿੰਘ, ਨਾਨਕਸਰ ਸੰਪ੍ਰਦਾ ਦੇ ਮੁਖੀ ਬਾਬਾ ਘਾਲਾ ਸਿੰਘ, ਬਾਬਾ ਲੱਖਾ ਸਿੰਘ ਅਤੇ ਹੋਰ ਸੰਸਥਾਵਾਂ ਦੇ ਮੁਖੀ ਸਾਹਿਬਾਨਾਂ ਆਦਿ ਦਾ ਸਨਮਾਨ ਕੀਤਾ ਜਾ ਚੁੱਕਾ ਹੈ।



# ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਣੇ ਭੁਪਿੰਦਰ ਸਿੰਘ ਅਸੰਧ



**ਕੁਰੂਕਸ਼ੇਤਰ/ਗੂਹਲਾ ਚੀਕਾ, (ਪੰਜਾਬ ਮੇਲ)**- ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਜਰਨਲ ਇਜਲਾਸ ਵਿਚ ਨਵੀਂ ਕਾਰਜਕਾਰਨੀ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ। ਕਮੇਟੀ ਦੇ ਸਪੋਕਸਮੈਨ ਕਵਲਜੀਤ ਸਿੰਘ ਅਜਰਾਣਾ ਨੇ ਮੀਡੀਆ ਨੂੰ ਦੱਸਿਆ ਕਿ ਜਨਰਲ ਇਜਲਾਸ ਵੱਲੋਂ ਕਰਵਾਈ ਚੋਣ ਵਿਚ ਪ੍ਰਧਾਨ ਭੁਪਿੰਦਰ ਸਿੰਘ ਅਸੰਧ, ਸੀਨੀਅਰ ਮੀਤ ਪ੍ਰਧਾਨ ਸੁਦਰਸ਼ਨ ਸਿੰਘ ਸਹਿਗਲ ਅੰਬਾਲਾ, ਜੂਨੀਅਰ ਮੀਤ ਪ੍ਰਧਾਨ ਬੀਬੀ ਰਵਿੰਦਰ ਕੌਰ ਅਜਰਾਣਾ, ਜਰਨਲ ਸਕੱਤਰ ਸੁਖਵਿੰਦਰ ਸਿੰਘ ਮੰਡੇਬਰ ਯਮੁਨਾਨਗਰ, ਮੀਤ ਸਕੱਤਰ ਗੁਲਾਬ ਸਿੰਘ ਮੂਨਕ ਕਰਨਾਲ, ਛੇ ਕਾਰਜਕਰਨੀ ਮੈਂਬਰ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸਿਰਸਾ, ਜਗਸੀਰ ਸਿੰਘ ਮਾਂਗੇਆਣਾ ਸਿਰਸਾ, ਤਰਵਿੰਦਰਪਾਲ ਸਿੰਘ ਅੰਬਾਲਾ, ਤਜਿੰਦਰਪਾਲ ਸਿੰਘ ਨਾਰਨੌਲ ਮਹਿੰਦਰਗੜ੍ਹ, ਬਲਦੇਵ ਸਿੰਘ ਖਾਲਸਾ ਟੋਹਾਣਾ, ਸੁਦਰਸ਼ਨ ਸਿੰਘ ਗਾਵੜੀ ਭਿਵਾਨੀ ਚੁਣੇ ਗਏ ਹਨ। ਉਨ੍ਹਾਂ ਦੱਸਿਆ ਕਿ ਜਰਨਲ ਸਕੱਤਰ ਅਹੁਦੇ ਲਈ ਆਰਜ਼ੀ ਜਨਰਲ ਸਕੱਤਰ ਰਮਣੀਕ ਸਿੰਘ ਮਾਨ ਅਤੇ ਸੁਖਵਿੰਦਰ ਸਿੰਘ ਮੰਡੇਬਰ 2 ਉਮੀਦਵਾਰ ਖੜ੍ਹੇ ਹੋਏ ਸਨ, ਜਿਨ੍ਹਾਂ ਵਿਚੋਂ ਮਾਨ ਨੂੰ 4 ਵੋਟਾਂ ਅਤੇ ਮੰਡੇਬਰ ਨੂੰ 27 ਵੋਟਾਂ ਪਈਆਂ।

# ਸਿਆਸੀ ਪਾਰਟੀਆਂ ਵੱਲੋਂ ਮਕਬੂਲ ਚਿਹਰਿਆਂ ਨੂੰ ਚੋਣ ਮੈਦਾਨ 'ਚ ਉਤਾਰਨ ਨੂੰ ਲੈ ਕੇ ਦਿਲਚਸਪ ਟਿੱਪਣੀਆਂ

■ ਸੋਸ਼ਲ ਮੀਡੀਆ 'ਤੇ ਕਿਸੇ ਵੱਡੀ ਸਿਆਸੀ ਪਾਰਟੀ ਨੂੰ 'ਸਾਗਰ ਦੀ ਵਹੁਟੀ' ਨੂੰ ਉਮੀਦਵਾਰ ਬਣਾਉਣ ਦੀ ਅਰਜ਼ੋਈ



ਮੁਹੰਮਦ ਸਦੀਕ, ਕਰਮਜੀਤ ਅਨਮੋਲ, ਹੰਸ ਰਾਜ ਹੰਸ

**ਜੈਤੋ, (ਪੰਜਾਬ ਮੇਲ)**- ਲੋਕ ਸਭਾ ਹਲਕਾ ਫ਼ਰੀਦਕੋਟ 'ਚ ਨਿੱਤਰੇ ਗਮੰਤਰੀ ਉਮੀਦਵਾਰਾਂ ਬਾਰੇ ਪੰਜਾਬ ਭਰ ਵਿਚ ਚਰਚਾ ਹੈ। ਗਾਇਕੀ ਪਿੜ ਦੇ ਲੋਕ ਮਨਾਂ 'ਚ ਉੱਤਰੇ ਮਕਬੂਲ ਚਿਹਰਿਆਂ ਨੂੰ ਸਿਆਸੀ ਦਲਾਂ ਵੱਲੋਂ ਰਾਜਨੀਤਕ ਅਖਾੜੇ 'ਚ ਉਤਾਰਨ ਨੂੰ ਲੈ ਕੇ ਲੋਕ ਦਿਲਚਸਪ ਟਿੱਪਣੀਆਂ ਕਰ ਰਹੇ ਹਨ। ਆਮ ਆਦਮੀ ਪਾਰਟੀ ਟਿਕਟ ਦੇਣ 'ਚ ਪਹਿਲ ਕਰ ਗਈ। ਉਸ ਨੇ ਸਭ ਤੋਂ ਪਹਿਲਾਂ ਆਪਣਾ ਉਮੀਦਵਾਰ ਪੰਜਾਬੀ ਫ਼ਿਲਮ ਇੰਡਸਟਰੀ ਦੇ ਸਿਤਾਰੇ ਅਤੇ ਗਾਇਕ ਕਰਮਜੀਤ ਅਨਮੋਲ ਦੇ ਨਾਂ ਦਾ ਐਲਾਨ ਕੀਤਾ। ਇਸ ਤੋਂ ਬਾਅਦ ਭਾਜਪਾ ਨੇ ਰਾਜ ਗਾਇਕ ਦਾ ਰੁਤਬਾ ਹਾਸਲ ਕਰ ਚੁੱਕੇ ਸੂਫ਼ੀ ਫ਼ਨਕਾਰ ਹੰਸ ਰਾਜ ਹੰਸ ਨੂੰ ਚੋਣ ਅਖਾੜੇ 'ਚ ਉਤਾਰਿਆ। ਸਦਾਬਹਾਰ ਮਕਬੂਲ ਗਾਇਕ ਮੁਹੰਮਦ ਸਦੀਕ ਫ਼ਰੀਦਕੋਟ ਹਲਕੇ ਦੀ ਲੋਕ ਸਭਾ ਮੈਂਬਰ ਵਜੋਂ ਕਾਂਗਰਸ ਪਾਰਟੀ ਤਰਫ਼ੋਂ ਮੌਜੂਦਾ ਸਮੇਂ ਅਗਵਾਈ ਕਰ ਰਹੇ ਹਨ। ਜਨਾਬ ਸਦੀਕ ਹੁਰਾਂ 2019 ਦੀਆਂ ਚੋਣਾਂ ਮੌਕੇ ਇਸ ਸੀਟ ਤੋਂ ਆਮ ਆਦਮੀ ਪਾਰਟੀ ਦੇ ਉਸ ਸਮੇਂ ਦੇ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ, ਅਕਾਲੀ-ਭਾਜਪਾ ਗਠਜੋੜ ਦੇ ਗੁਲਜ਼ਾਰ ਸਿੰਘ ਰਣੀਕੇ ਅਤੇ ਪੰਜਾਬੀ ਏਕਤਾ ਪਾਰਟੀ ਦੇ ਬਲਦੇਵ ਸਿੰਘ ਜੈਤੋ ਨੂੰ ਜ਼ਬਰਦਸਤ ਸ਼ਿਕਸਤ ਦਿੱਤੀ ਸੀ।

ਲਿਹਾਜ਼ਾ ਆਪਣੀ ਪਹਿਲੀ ਕਾਮਯਾਬੀ ਅਤੇ ਅੱਕਾਂ ਦੇ ਭੱਬੂਆਂ ਵਾਂਗ ਉੱਡਦੇ ਦਲ ਬਦਲੂਆਂ ਦੇ ਦੌਰ ਵਿਚਾਲੇ ਕਾਂਗਰਸ ਪਾਰਟੀ ਪ੍ਰਤੀ ਲਗਾਤਾਰ ਵਫ਼ਾਦਾਰ ਮੁਹੰਮਦ ਸਦੀਕ ਇਕ ਵਾਰ ਫਿਰ ਫ਼ਰੀਦਕੋਟ ਹਲਕੇ ਤੋਂ ਟਿਕਟ ਪ੍ਰਾਪਤੀ ਦੇ ਵੱਡੇ ਦਾਅਵੇਦਾਰ ਹਨ। ਇਸ ਬਾਰੇ ਉਨ੍ਹਾਂ ਦੇ ਇਸ ਪ੍ਰਤੀਨਿਧ ਕੋਲ ਖੁੱਲ੍ਹ ਕੇ ਆਪਣੀ ਇੱਛਾ ਜਤਾਈ ਹੈ। ਕਾਂਗਰਸ ਵੱਲੋਂ ਸ਼੍ਰੀ ਸਦੀਕ ਦੀ ਹਸਰਤ ਪੂਰੀ ਹੋਣ 'ਤੇ ਫ਼ਨਕਾਰ ਅਤੇ ਅਦਾਕਾਰੀ ਜਗਤ ਦੇ ਤਿੰਨ ਮਕਬੂਲ ਚਿਹਰੇ ਵੋਟਰਾਂ ਸਾਹਮਣੇ ਹੋਣਗੇ। 30 ਮਾਰਚ ਨੂੰ ਜਦੋਂ ਹੰਸ ਰਾਜ ਹੰਸ ਦੇ ਨਾਂ ਦਾ ਐਲਾਨ ਹੋਇਆ, ਤਾਂ ਸੋਸ਼ਲ ਮੀਡੀਆ 'ਤੇ ਚਟਖ਼ਾਰੇਦਾਰ ਟਿੱਪਣੀਆਂ ਸ਼ੁਰੂ ਹੋ ਗਈਆਂ। ਕਿਸੇ ਨੇ ਕਿਹਾ ਕਿ ਇਸ ਰਾਖਵੇਂ ਹਲਕੇ ਤੋਂ ਬ਼ਗੈਰ ਦੇਰੀ ਦੇ ਲੱਗਦੇ ਹੱਥ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਕਿਸੇ ਗਾਇਕ ਨੂੰ ਉਮੀਦਵਾਰ ਐਲਾਨਣਾ ਚਾਹੀਦਾ ਹੈ। ਇਸੇ ਤਰ੍ਹਾਂ ਕਈ ਹੋਰਨਾਂ ਨੇ ਕਿਸੇ ਵੱਡੀ ਸਿਆਸੀ ਪਾਰਟੀ ਨੂੰ 'ਸਾ.ਗਰ ਦੀ ਵਹੁਟੀ' ਨੂੰ ਟਿਕਟ ਦੇਣ ਦਾ ਨਾਂ ਸੁਝਾਇਆ। ਅੱਗੇ ਕਿਸੇ ਨੇ ਟਿੱਪਣੀ ਕੀਤੀ 'ਚੋਣ ਪ੍ਰਚਾਰ ਇੰਡੀਕਾ 'ਤੇ ਕਰੇ'। ਕਿਸੇ ਨੇ ਇਹ ਵੀ ਲਿਖਿਆ ਕੋਈ ਸਿਆਸੀ ਪਾਰਟੀ ਲਾਭ ਹੀਰੇ ਨੂੰ ਵੀ ਟਿਕਟ ਦੇ ਸਕਦੀ ਹੈ। ਗੌਰਤਲਬ ਹੈ ਕਿ ਪਿਛਲੇ ਦਿਨੀਂ ਯੂ-ਟਿਊਬ ਉੱਪਰ ਰਿਲੀਜ਼ ਹੋਇਆ 'ਸਾ.ਗਰ ਦੀ ਵਹੁਟੀ' ਸਿਰਲੇਖ ਵਾਲਾ ਗੀਤ ਸੁਪਰ ਹਿੱਟ ਚੱਲ ਰਿਹਾ ਹੈ।

# ਇਸ ਸਾਲ ਦੇ ਸ਼ੁਰੂਆਤੀ ਤਿੰਨ ਮਹੀਨਿਆਂ 'ਚ 4,600 ਤੋਂ ਵੱਧ ਸ਼ਰਨਾਰਥੀ ਛੋਟੀਆਂ ਕਿਸ਼ਤਿਆਂ ਜ਼ਰੀਏ ਬ੍ਰਿਟੇਨ ਪਹੁੰਚੇ



**ਲੰਡਨ, (ਪੰਜਾਬ ਮੇਲ)**- ਇਸ ਸਾਲ ਹੁਣ ਤੱਕ ਦੁਨੀਆਂ ਭਰ ਤੋਂ 4,600 ਤੋਂ ਵੱਧ ਸ਼ਰਨਾਰਥੀ ਛੋਟੀਆਂ ਕਿਸ਼ਤੀਆਂ ਜ਼ਰੀਏ ਬ੍ਰਿਟੇਨ ਪਹੁੰਚ ਚੁੱਕੇ ਹਨ, ਜੋ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਦਾ ਰਿਕਾਰਡ ਹੈ। ਗ੍ਰਹਿ ਮੰਤਰਾਲੇ ਦੁਆਰਾ ਜਾਰੀ ਕੀਤੇ ਗਏ ਅਸਥਾਈ ਅੰਕੜਿਆਂ ਅਨੁਸਾਰ ਇਸ ਸਾਲ 26 ਮਾਰਚ ਤੱਕ, 4,644 ਲੋਕ ਛੋਟੀਆਂ ਕਿਸ਼ਤੀਆਂ ਜਿਵੇਂ ਕਿ ਹਵਾ ਭਰਨ ਯੋਗ ਕਿਸ਼ਤੀਆਂ ਵਿਚ ਚੈਨਲ ਪਾਰ ਕਰਦੇ ਪਾਏ ਗਏ ਸਨ।

ਪਿਛਲੇ ਸਾਲ ਦੀ ਇਸੇ ਮਿਆਦ 'ਚ 3,770 ਸ਼ਰਨਾਰਥੀ ਅਤੇ 2022 ਦੀ ਇਸੇ ਮਿਆਦ 'ਚ 4,162 ਸ਼ਰਨਾਰਥੀ ਬ੍ਰਿਟੇਨ ਪਹੁੰਚੇ ਸਨ। ਇਸ ਸਾਲ ਬ੍ਰਿਟੇਨ ਪਹੁੰਚਣ ਵਾਲੇ ਸ਼ਰਨਾਰਥੀਆਂ ਦੀ ਗਿਣਤੀ ਹੁਣ ਤੱਕ ਦੀ ਸਭ ਤੋਂ ਵੱਧ ਹੈ, ਜਿਸ ਨਾਲ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਲਈ ਨਵੀਂ ਸਿਆਸੀ ਚੁਣੌਤੀ ਪੈਦਾ ਹੋ ਗਈ ਹੈ। ਪੀ.ਐੱਮ. ਸੁਨਕ ਨੂੰ ਉਮੀਦ ਹੈ ਕਿ ਬ੍ਰਿਟੇਨ ਵਿਚ ਬਿਨਾਂ ਇਜਾਜ਼ਤ ਆਉਣ ਵਾਲੇ ਲੋਕਾਂ ਨੂੰ ਰਵਾਂਡਾ ਭੇਜਣ ਦੀ ਉਸਦੀ ਵੱਡੀ ਯੋਜਨਾ ਲੋਕਾਂ ਨੂੰ ਚੈਨਲ ਦੇ ਖਤਰਨਾਕ ਚੈਨਲ ਪਾਰ ਕਰਨ ਤੋਂ ਰੋਕ ਦੇਵੇਗੀ।

ਕਈ ਕਾਨੂੰਨੀ ਝਟਕਿਆਂ ਤੋਂ ਬਾਅਦ ਇਸ ਸਕੀਮ ਨੂੰ ਸ਼ੁਰੂ ਕਰਨ ਅਤੇ ਚਲਾਉਣ ਦਾ ਉਦੇਸ਼ ਨਾਲ ਸਬੰਧਤ ਕਾਨੂੰਨ ਅਗਲੇ ਮਹੀਨੇ ਸੰਸਦ ਵਿਚ ਦੁਬਾਰਾ ਪੇਸ਼ ਕੀਤਾ ਜਾਣਾ ਹੈ। ਮੰਤਰਾਲੇ ਦੇ ਬੁਲਾਰੇ ਨੇ ਪਿਛਲੇ ਹਫ਼ਤੇ ਕਿਹਾ, "ਚੈਨਲ ਨੂੰ ਪਾਰ ਕਰਨ ਵਾਲੇ ਲੋਕਾਂ ਦੀ ਅਸਵੀਕਾਰਨਯੋਗ ਸੰਖਿਆ ਦਰਸਾਉਂਦੀ ਹੈ ਕਿ ਸਾਨੂੰ ਜਿੰਨੀ ਜਲਦੀ ਹੋ ਸਕੇ ਰਵਾਂਡਾ ਲਈ ਉਡਾਣਾਂ ਮੁੜ ਕਿਉਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ।" ਉਸ ਨੇ ਕਿਹਾ ਕਿ ਅਸੀਂ ਫਰਾਂਸੀਸੀ ਪੁਲਿਸ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖਾਂਗੇ, ਜੋ ਇਨ੍ਹਾਂ ਖਤਰਨਾਕ, ਗੈਰ-ਕਾਨੂੰਨੀ ਅਤੇ ਬੇਲੋੜੀਆਂ ਯਾਤਰਾਵਾਂ ਨੂੰ ਰੋਕਣ ਲਈ ਅਣਥੱਕ ਕੋਸ਼ਿਸ਼ਾਂ ਕਾਰਨ ਆਪਣੇ ਸਮੁੰਦਰੀ ਤੱਟਾਂ 'ਤੇ ਵਧਦੀ ਹਿੰਸਾ ਅਤੇ ਵਿਘਨ ਦਾ ਸਾਹਮਣਾ ਕਰ ਰਹੇ ਹਨ।

# ਪਟਿਆਲਾ ਸੀਟ 'ਤੇ ਸਭ ਤੋਂ ਵਧ ਰਿਹੈ ਕਾਂਗਰਸ ਦਾ ਕਬਜ਼ਾ

**ਪਟਿਆਲਾ, (ਪੰਜਾਬ ਮੇਲ)**- ਪਟਿਆਲਾ ਲੋਕ ਸਭਾ ਸੀਟ 1952 ਵਿਚ ਹੋਂਦ ਵਿਚ ਆਈ ਸੀ। ਇਸ ਸੀਟ 'ਤੇ ਸਭ ਤੋਂ ਵੱਧ ਕਾਂਗਰਸ ਦਾ ਹੀ ਕਬਜ਼ਾ ਰਿਹਾ। ਪਹਿਲਾਂ ਇਸ ਸੀਟ ਉੱਤੇ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਦੀ ਆਹਮੋ-ਸਾਹਮਣੇ ਟੱਕਰ ਹੁੰਦੀ ਰਹੀ। ਇਸ ਦੋ ਧਿਰੀ ਮੁਕਾਬਲੇ ਦੀ ਰਵਾਇਤ ਆਮ ਆਦਮੀ ਪਾਰਟੀ ਨੇ 2014 ਵਿਚ

2014 'ਆਪ' ਵੱਲੋਂ ਡਾ. ਧਰਮਵੀਰ ਗਾਂਧੀ ਚੋਣ ਜਿੱਤੇ, ਪਰ 2019 ਵਿਚ ਫੇਰ ਕਾਂਗਰਸ ਵੱਲੋਂ ਬੀਬੀ ਪ੍ਰਨੀਤ ਕੌਰ ਨੇ ਚੋਣ ਜਿੱਤ ਕੇ ਇਤਿਹਾਸ ਸਿਰਜਿਆ।

ਪਟਿਆਲਾ ਲੋਕ ਸਭਾ ਹਲਕੇ ਤੋਂ ਪੰਜ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਰਹਿ ਚੁੱਕੇ ਹਨ ਪਰ ਪਟਿਆਲਾ ਸ਼ਹਿਰ, ਅਜਿਹਾ ਵਿਧਾਨ ਸਭਾ ਹਲਕਾ ਹੈ, ਜਿੱਥੋਂ ਲੋਕ ਸਭਾ ਦੀਆਂ ਹੁਣ ਤੱਕ ਹੋਈਆਂ 17 ਚੋਣਾਂ ਦੌਰਾਨ ਸਿਰਫ਼ ਇਕ ਵਾਰ ਹੀ ਅਕਾਲੀਆਂ ਦੀਆਂ ਵੋਟਾਂ ਵਧੀਆਂ ਹਨ। ਇਹ ਭਾਣਾ 1977 'ਚ ਵਾਪਰਿਆ। ਉਦੋਂ ਪਟਿਆਲਾ ਤੋਂ ਗੁਰਚਰਨ ਸਿੰਘ ਟੌਹੜਾ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ ਨੂੰ ਇਕ ਲੱਖ ਵੋਟਾਂ ਨਾਲ ਹਰਾਅ ਕੇ ਅਕਾਲੀ ਦਲ ਦੇ ਐੱਮ. ਪੀ ਬਣੇ ਸਨ। ਉਦੋਂ ਪਟਿਆਲਾ ਸ਼ਹਿਰੀ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ ਦੀਆਂ ਲੱਗਭਗ 500 ਵੋਟਾਂ ਵਧੀਆਂ ਸਨ। 1975 ਵਿਚ ਲੱਗੀ ਐਮਰਜੈਂਸੀ ਕਾਰਨ ਉਦੋਂ ਕਾਂਗਰਸ ਵਿਰੋਧੀ ਲਹਿਰ ਸੀ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

# ਚੋਣ ਸਰਵੇਖਣ 'ਚ ਰਿਸ਼ੀ ਸੂਨਕ ਦੀ ਕੰਜ਼ਰਵੇਟਿਵ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਨ ਦੇ ਸੰਕੇਤ

**ਲੰਡਨ, (ਪੰਜਾਬ ਮੇਲ)**- ਸਿਵਲ ਸੁਸਾਇਟੀ ਕੰਪੇਨ ਆਰਗੇਨਾਈਜ਼ੇਸ਼ਨ ਵੱਲੋਂ ਜਾਰੀ ਕੀਤੇ ਗਏ ਸਰਵੇ ਤੋਂ



ਸੰਕੇਤ ਮਿਲਿਆ ਹੈ ਕਿ ਇਸ ਸਾਲ ਦੇ ਅੰਤ ਵਿਚ ਹੋਣ ਵਾਲੀਆਂ ਆਮ ਚੋਣਾਂ ਵਿਚ ਹਾਕਮ ਕੰਜ਼ਰਵੇਟਿਵ ਪਾਰਟੀ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਵੇਗਾ। ਇੱਥੋਂ ਤੱਕ ਕਿ ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੂੰ ਉੱਤਰੀ ਯਾਰਕਸ਼ਾਇਰ ਵਿਚੋਂ ਆਪਣੀ ਸੀਟ ਬਚਾਉਣੀ ਮੁਸ਼ਕਲ ਹੋ ਜਾਵੇਗੀ। ਇਹ ਸਰਵੇਖਣ ਬੈਸਟ ਫਾਰ ਬ੍ਰਿਟੇਨ ਵੱਲੋਂ 15,029 ਵਿਅਕਤੀਆਂ 'ਤੇ ਕੀਤਾ ਗਿਆ, ਜਿਸ ਵਿਚ ਵਿਰੋਧੀ ਧਿਰ ਲੇਬਰ ਪਾਰਟੀ ਨੂੰ 45 ਫੀਸਦੀ ਵੋਟ ਸ਼ੇਅਰ ਨਾਲ ਕੰਜ਼ਰਵੇਟਰਾਂ 'ਤੇ 19 ਅੰਕਾਂ ਨਾਲ ਲੀਡ ਲੈਂਦੇ ਹੋਏ ਦਿਖਾਇਆ ਗਿਆ ਹੈ। ਇਸ ਸਰਵੇਖਣ ਵਿਚ ਹਾਕਮ ਧਿਰ ਨੂੰ ਸੌ ਤੋਂ ਵੱਧ ਸੀਟਾਂ ਹਾਸਲ ਹੋ ਸਕਦੀਆਂ ਹਨ, ਜਦਕਿ ਵਿਰੋਧੀ ਲੇਬਰ ਪਾਰਟੀ 468 ਸੀਟਾਂ ਜਿੱਤ ਸਕਦੀ ਹੈ। ਇਹ ਆਮ ਚੋਣਾਂ ਵਿਚ ਕੰਜ਼ਰਵੇਟਿਵਾਂ ਲਈ ਹੁਣ ਤੱਕ ਦਾ ਸਭ ਤੋਂ ਮਾੜਾ ਨਤੀਜਾ ਸਾਬਤ ਹੋਵੇਗਾ।

ਦੋ ਬੱਚਿਆਂ ਸਮੇਤ ਭਾਰਤੀ ਪਰਿਵਾਰ ਦੀ ਮੌਤ ਦਾ ਮਾਮਲਾ

# ਕੈਨੇਡਾ ਸਰਹੱਦ ਪਾਰ ਕਰਨ ਤੋਂ ਪਹਿਲਾਂ ਭਾਰਤੀ ਪਰਿਵਾਰ ਨੂੰ ਮੁਸ਼ਕਲ ਹਾਲਾਤਾਂ ਬਾਰੇ ਦਿੱਤੀ ਗਈ ਸੀ ਚਿਤਾਵਨੀ

**ਮਿਨੀਆਪੋਲਿਸ, (ਪੰਜਾਬ ਮੇਲ)**- ਭਾਰਤੀ ਪਰਿਵਾਰ ਦੇ ਚਾਰ ਮੈਂਬਰਾਂ ਨੂੰ ਸਾਲ 2022 ਵਿਚ ਅਮਰੀਕਾ-ਕੈਨੇਡਾ ਬਾਰਡਰ ਪਾਰ ਕਰਵਾਉਣ ਤੋਂ ਪਹਿਲਾਂ ਉਥੋਂ ਦੇ ਮੁਸ਼ਕਲ ਹਾਲਾਤ ਬਾਰੇ ਚਿਤਾਵਨੀ ਦਿੱਤੀ ਗਈ ਸੀ। ਇਹ ਸਾਰੀ ਜਾਣਕਾਰੀ ਇਸਤਗਾਸਾ ਪੱਖ ਨੇ ਸੰਘੀ ਅਦਾਲਤ ਵਿਚ ਸਾਂਝੀ ਕੀਤੀ ਹੈ। ਦੋ ਬੱਚਿਆਂ ਸਣੇ ਪਰਿਵਾਰ ਦੇ ਚਾਰ ਮੈਂਬਰਾਂ ਦੀ ਦੋ ਸਾਲ ਪਹਿਲਾਂ ਠੰਢ ਲੱਗਣ ਕਾਰਨ ਮੌਤ ਹੋ ਗਈ ਸੀ। 'ਡਰਟੀ ਹੈਰੀ' ਵਜੋਂ ਬਦਨਾਮ ਹਰਸ਼ ਕੁਮਾਰ ਰਮਨਲਾਲ ਪਟੇਲ (28) ਨੇ ਇਸ ਪਰਿਵਾਰ ਨੂੰ ਗ਼ੈਰਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਮਨੁੱਖੀ ਤਸਕਰੀ ਨਾਲ ਜੁੜੇ ਸੱਤ ਮਾਮਲਿਆਂ ਵਿਚ ਅੱਜ ਮਿਨੀਸੋਟਾ ਦੀ ਸੰਘੀ ਅਦਾਲਤ ਵਿਚ ਉਸ ਨੂੰ ਪੇਸ਼ ਕੀਤਾ ਗਿਆ। ਪਿਛਲੇ ਹਫ਼ਤੇ ਖੋਲ੍ਹੇ ਗਏ ਇੱਕ ਨਵੇਂ ਮਾਮਲੇ ਮੁਤਾਬਕ ਉਸ ਨੇ ਭਾਰਤੀ ਨਾਗਰਿਕਾਂ ਨੂੰ ਕੈਨੇਡਾ ਤੋਂ ਸ਼ਿਕਾਗੋ ਖੇਤਰ ਤੱਕ ਪਹੁੰਚਾਉਣ ਲਈ ਇੱਕ ਡਰਾਈਵਰ ਨੂੰ ਕਥਿਤ ਕੰਮ 'ਤੇ ਰੱਖਿਆ ਸੀ। ਉਸ ਡਰਾਈਵਰ 'ਤੇ ਵੀ ਚਾਰ ਦੋਸ਼ ਲਗਾਏ ਗਏ ਹਨ। ਜ਼ਿਕਰਯੋਗ ਹੈ ਕਿ ਜਗਦੀਸ਼ ਪਟੇਲ (39), ਉਸ ਦੀ ਪਤਨੀ ਵੈਸ਼ਾਲੀਬੇਨ ਪਟੇਲ (37), ਉਸ ਦੀ ਧੀ ਵਿਹਾਂਗੀ (11) ਅਤੇ ਪੁੱਤਰ ਧਾਰਮਿਕ (ਤਿੰਨ ਸਾਲ) ਦੀ ਅਮਰੀਕਾ ਦੀ ਸਰਹੱਦ ਨਾਲ ਲੱਗਦੇ ਕੈਨੇਡਾ ਦੇ ਮਿਨੀਸੋਟਾ ਸ਼ਹਿਰ ਵਿਚ ਠੰਢ ਲੱਗਣ ਕਾਰਨ ਮੌਤ ਹੋ ਗਈ ਸੀ।

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਇਕਵਾਕ ਸਿੰਘ ਪੱਟੀ ਦੀ ਪੁਸਤਕ 'ਨਿੱਕ-ਸੁੱਕ' ਹੋਈ ਲੋਕ ਅਰਪਣ

**■ ਸੱਜਰੇ ਅਤੇ ਉਮਦਾ ਸਾਹਿਤ ਨੂੰ ਕਹੋ 'ਜੀ ਆਇਆਂ' : ਨਾਜ਼**



ਪੁਸਤਕ ਲੋਕ ਅਰਪਤ ਕਰਦੇ ਹੋਏ ਹਾਜ਼ਰ ਸ਼ਖ਼ਸੀਅਤਾਂ।

**ਅੰਮ੍ਰਿਤਸਰ, (ਪੰਜਾਬ ਮੇਲ)-** ਸਥਾਨਕ ਤਰਨ ਤਾਰਨ ਰੋਡ ਵਿਖੇ ਸਥਿਤ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵਿਖੇ ਕਰਵਾਏ ਗਏ ਇੱਕ ਸ਼ੁਕਰਾਨਾ ਸਮਾਗਮ ਦੌਰਾਨ ਬਹੁ-ਵਿਧਾਵੀ ਲੇਖਕ ਇਕਵਾਕ ਸਿੰਘ ਪੱਟੀ ਦੀ ਮਾਝਾ ਵਰਲਡਵਾਈਡ ਵੱਲੋਂ ਪ੍ਰਕਾਸ਼ਿਤ ਨਵੀਂ ਮਿੰਨੀ ਕਹਾਣੀਆਂ ਦੀ ਪੁਸਤਕ 'ਨਿੱਕ-ਸੁੱਕ' ਸੰਗਤਾਂ ਦੀ ਹਾਜ਼ਰੀ ਵਿਚ ਲੋਕ ਅਰਪਣ ਕੀਤੀ ਗਈ। ਇਸ ਮੌਕੇ ਬੋਲਦਿਆਂ ਦਿੱਲੀ ਪਬਲਿਕ ਸਕੂਲ ਦੇ ਪੰਜਾਬੀ ਵਿਭਾਗ ਦੇ ਮੁੱਖੀ ਅਤੇ ਸਾਹਿਤਕਾਰ ਸ. ਸਤਿੰਦਰ ਸਿੰਘ ਓਠੀ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ ਇਹ ਸ. ਪੱਟੀ ਦੀ ਨੌਵੀਂ ਪੁਸਤਕ ਹੈ। ਇਸ ਤੋਂ ਪਹਿਲਾਂ ਲੇਖਕ ਵੱਲੋਂ ਧਾਰਮਿਕ ਸਾਹਿਤ, ਵਾਰਤਕ, ਕਹਾਣੀ ਸੰਗ੍ਰਹਿ, ਨਾਵਲ ਅਤੇ ਸੰਗੀਤ ਦੇ ਵਿਸ਼ੇ ਉੱਤੇ ਪੁਸਤਕਾਂ ਦੀ ਸਿਰਜਣਾ ਕੀਤੀ ਜਾ ਚੁੱਕੀ ਹੈ। ਕਿਤਾਬ ਦਾ ਮੁੱਖ ਬੰਦ ਲਿਖਣ ਵਾਲੀ ਲੇਖਿਕਾ ਹਰਦੀਪ ਕੌਰ ਨਾਜ਼ ਨੇ ਲੇਖਕ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸੱਜਰੇ ਅਤੇ ਉਮਦਾ ਸਾਹਿਤ ਨੂੰ ਹਮੇਸ਼ਾਂ ਜੀ ਆਇਆਂ ਕਹਿਣਾ ਚਾਹੀਦਾ ਹੈ। ਪ੍ਰਵਾਸੀ ਲੇਖਕ ਸ. ਤਰਲੋਕ ਸਿੰਘ ਹੁੰਦਲ ਨੇ ਸਾਂਝੇ ਤੌਰ 'ਤੇ ਕਿਹਾ ਕਿ ਇਸ ਕਿਤਾਬ ਵਿਚ ਛੋਹੇ ਗਏ ਸਮਾਜਿਕ, ਧਾਰਮਿਕ, ਰਾਜਨੀਤਿਕ ਆਦਿ ਵਿਸ਼ੇ ਬਹੁਤ ਸੁਹਣੇ ਢੰਗ ਨਾਲ ਦਿਲ ਟੁੰਬਵੇਂ ਕਟਾਖਸ਼ ਕਰਦੇ ਹੋਏ ਪਾਠਕਾਂ ਨੂੰ ਆਪਣੇ ਆਲੇ-ਦੁਆਲੇ ਪ੍ਰਤੀ ਸੁਚੇਤ ਕਰਦੇ ਹਨ। ਨਿੱਕ-ਸੁੱਕ ਦੇ ਕਰਤਾ ਇਕਵਾਕ ਸਿੰਘ ਪੱਟੀ ਨੇ ਸਮੂਹ ਸ਼ਖ਼ਸੀਅਤਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਲੇਖਕ ਦੀ ਲਿਖਤ ਤਦ ਸਫ਼ਲ ਹੁੰਦੀ ਹੈ, ਜਦ ਪਾਠਕਾਂ ਦਾ ਪਿਆਰ ਮਿਲਦਾ ਹੈ ਅਤੇ ਪਾਠਕਾਂ ਵੱਲੋਂ ਮਿਲੇ ਪਿਆਰ, ਸਤਿਕਾਰ ਅਤੇ ਉਤਸ਼ਾਹ ਦਾ ਸਦਕਾ ਹੀ ਹੈ ਕਿ ਅੱਜ ਨੌਵੀਂ ਪੁਸਤਕ ਪਾਠਕਾਂ ਦੇ ਹੱਥਾਂ ਵਿਚ ਹੈ। ਆਉਂਦੇ ਸਮੇਂ ਵਿਚ ਦੋ ਨਾਵਲ ਹੋਰ ਛਪ ਰਹੇ ਹਨ, ਜੋ ਜਲਦੀ ਪਾਠਕਾਂ ਦੇ ਹੱਥਾਂ ਵਿਚ ਹੋਣਗੇ।

ਇਸ ਮੌਕੇ ਸ. ਤੇਜਿੰਦਰ ਸਿੰਘ (ਅਕਾਲ ਚੈਨਲ), ਸ. ਅਮਰਜੀਤ ਸਿੰਘ ਲਾਡੀ, ਸ. ਚਰਨਜੀਤ ਸਿੰਘ, ਸ. ਗੁਰਲਾਲ ਸਿੰਘ, ਰਿਟਾਰਿਡ ਪ੍ਰਿੰਸੀਪਲ ਅਮਰਜੀਤ ਸਿੰਘ, ਗੀਤਕਾਰ ਆਰਜੀਤ, ਮਨਬੀਰ ਕੌਰ, ਸੰਦੀਪ ਸਿੰਘ ਮਰਵਾਹਾ, ਅਦਾਕਾਰ ਅਤੇ ਨਿਰਦੇਸ਼ਕ ਦਲਜੀਤ ਸਿੰਘ ਸੋਨਾ, ਪਰਮਜੀਤ ਸਿੰਘ, ਭੁਪਿੰਦਰ ਸਿੰਘ, ਪਵਿੱਤਰਜੀਤ ਸਿੰਘ, ਡਾ. ਪਰਮਪਾਲ ਸਿੰਘ ਆਦਿ ਸਤਿਕਾਰਤ ਸ਼ਖ਼ਸੀਅਤਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# 'ਇੰਡੀਆ' ਗੱਠਜੋੜ ਵੱਲੋਂ ਲੋਕਤੰਤਰ ਬਚਾਉਣ ਤੇ ਨਿਰਪੱਖ ਚੋਣਾਂ 'ਤੇ ਜ਼ੋਰ



ਨਵੀਂ ਦਿੱਲੀ ਦੇ ਰਾਮ ਲੀਲਾ ਮੈਦਾਨ 'ਚ 'ਇੰਡੀਆ' ਗੱਠਜੋੜ ਦੀ ਰੈਲੀ ਦੌਰਾਨ ਇਕਜੁੱਟਤਾ ਦਾ ਪ੍ਰਗਟਾਵਾ ਕਰਦੇ ਹੋਏ ਵਿਰੋਧੀ ਪਾਰਟੀਆਂ ਦੇ ਆਗੂ।

**ਨਵੀਂ ਦਿੱਲੀ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਤੋਂ ਪਹਿਲਾਂ 'ਇੰਡੀਆ' ਗੱਠਜੋੜ ਨੇ ਇਕਜੁੱਟਤਾ ਦਾ ਪ੍ਰਦਰਸ਼ਨ ਕਰਦਿਆਂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੇ ਪੱਖ 'ਚ ਆਵਾਜ਼ ਬੁਲੰਦ ਕਰਦਿਆਂ ਉਨ੍ਹਾਂ ਦੀ ਤੁਰੰਤ ਰਿਹਾਈ ਮੰਗੀ। ਇਸ ਦੌਰਾਨ ਕਾਂਗਰਸ ਦੇ ਖ਼ਾਤੇ ਫਰੀਜ਼ ਕਰਨ ਅਤੇ ਆਮਦਨ ਕਰ ਵਿਭਾਗ ਵੱਲੋਂ ਭੇਜੇ ਗਏ ਨੋਟਿਸਾਂ ਦਾ ਮੁੱਦਾ ਵੀ ਉੱਠਿਆ ਅਤੇ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਗਿਆ ਕਿ ਉਹ ਵਿਰੋਧੀ ਧਿਰ ਨੂੰ ਖ਼ਤਮ ਕਰਨ 'ਤੇ ਤੁਲੀ ਹੋਈ ਹੈ। ਇਥੇ ਰਾਮਲੀਲਾ ਮੈਦਾਨ 'ਚ 'ਲੋਕਤੰਤਰ ਬਚਾਓ' ਰੈਲੀ ਕਰਕੇ ਵਿਰੋਧੀ ਧਿਰਾਂ ਦੇ ਆਗੂਆਂ ਨੇ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਜੇਕਰ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਨਾ ਹਰਾਇਆ ਗਿਆ, ਤਾਂ ਦੇਸ਼ 'ਚੋਂ ਲੋਕਤੰਤਰ ਖ਼ਤਮ ਹੋ ਜਾਵੇਗਾ ਅਤੇ ਸੰਵਿਧਾਨ ਖ਼ਤਰੇ 'ਚ ਪੈ ਜਾਵੇਗਾ। ਉਨ੍ਹਾਂ ਚੋਣਾਂ ਨਿਰਪੱਖ ਢੰਗ ਨਾਲ ਕਰਵਾਏ ਜਾਣ 'ਤੇ ਵੀ ਜ਼ੋਰ ਦਿੱਤਾ। ਭਾਜਪਾ ਵੱਲੋਂ ਦਿੱਤੇ ਗਏ '400 ਪਾਰ' ਦੇ ਨਾਅਰੇ 'ਤੇ ਸਵਾਲ ਖੜ੍ਹੇ ਕਰਦਿਆਂ ਵਿਰੋਧੀ ਧਿਰਾਂ ਦੇ ਆਗੂਆਂ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚੋਣਾਂ 'ਚ 'ਮੈਚ ਫਿਕਸਿੰਗ' ਦੀ ਕੋਸ਼ਿਸ਼ ਕਰ ਰਹੇ ਹਨ। ਰੈਲੀ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਸੋਨੀਆ ਗਾਂਧੀ, ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ ਵਾਡਰਾ, ਆਰ.ਜੇ.ਡੀ. ਆਗੂ ਤੇਜਸਵੀ ਯਾਦਵ, ਐੱਨ.ਸੀ.ਪੀ. (ਸ਼ਰਦਚੰਦਰ ਪਵਾਰ) ਸੁਪਰੀਮੋ ਸ਼ਰਦ ਪਵਾਰ, ਸ਼ਿਵ ਸੈਨਾ (ਯੂ.ਬੀ.ਟੀ.) ਦੇ ਮੁਖੀ ਊਧਵ ਠਾਕਰੇ, ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ, ਟੀ.ਐੱਮ.ਸੀ. ਆਗੂ ਡੈਰੇਕ ਓ'ਬ੍ਰਾਇਨ, ਸਾਗਰਿਕਾ ਘੋਸ਼, ਡੀ.ਐੱਮ.ਕੇ ਦੇ ਤਿਰੁਚੀ ਸ਼ਿਵਾ, ਸੀ.ਪੀ.ਐੱਮ. ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ, ਸੀ.ਪੀ.ਆਈ. ਦੇ ਡੀ. ਰਾਜਾ, ਪੀ.ਡੀ.ਪੀ. ਮੁਖੀ ਮਹਿਬੂਬਾ ਮੁਫ਼ਤੀ, ਨੈਸ਼ਨਲ ਕਾਨਫਰੰਸ ਦੇ ਫਾਰੂਕ ਅਬਦੁੱਲਾ ਅਤੇ ਝਾਰਖੰਡ ਦੇ ਮੁੱਖ ਮੰਤਰੀ ਚੰਪਈ ਸੋਰੇਨ ਹਾਜ਼ਰ ਸਨ। ਮੰਚ 'ਤੇ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਅਤੇ ਜੇਲ੍ਹ 'ਚ ਬੰਦ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਪਤਨੀ ਕਲਪਨਾ ਸੋਰੇਨ ਵੀ ਹਾਜ਼ਰ ਸਨ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਰੈਲੀ ਦੌਰਾਨ ਆਪਣੇ ਸੰਬੋਧਨ 'ਚ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕ ਸਭਾ ਚੋਣਾਂ 'ਚ 'ਮੈਚ ਫਿਕਸਿੰਗ' ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਜੋ ਭਾਰੀ ਬਹੁਮਤ ਨਾਲ ਚੋਣਾਂ ਜਿੱਤ ਕੇ ਸੰਵਿਧਾਨ ਖ਼ਤਮ ਕੀਤਾ ਜਾ ਸਕੇ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਇਸ 'ਮੈਚ ਫਿਕਸਿੰਗ' ਨੂੰ ਰੋਕਣ ਲਈ ਪੂਰੀ ਤਾਕਤ ਨਾਲ ਵੋਟਿੰਗ ਕਰਨ ਕਿਉਂਕਿ ਇਹ ਸੰਵਿਧਾਨ ਅਤੇ ਲੋਕਤੰਤਰ ਬਚਾਉਣ ਲਈ ਚੋਣਾਂ ਹਨ। ਰਾਹੁਲ ਨੇ ਕਿਹਾ, "ਕਾਂਗਰਸ ਸਭ ਤੋਂ ਵੱਡੀ ਵਿਰੋਧੀ ਧਿਰ ਹੈ। ਚੋਣਾਂ ਦੌਰਾਨ ਹੀ ਸਭ ਤੋਂ ਵੱਡੀ ਵਿਰੋਧੀ ਧਿਰ ਦੇ ਖ਼ਾਤੇ ਫਰੀਜ਼ ਕਰ ਦਿੱਤੇ ਗਏ।" ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਮੋਦੀ ਉਪਰ ਤਾਨਾਸ਼ਾਹੀ 'ਤੇ ਭਰੋਸਾ ਰੱਖਣ ਦਾ ਦੋਸ਼ ਲਾਇਆ ਅਤੇ ਦਾਅਵਾ ਕੀਤਾ ਕਿ ਜਦੋਂ ਤੱਕ ਮੋਦੀ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਸੱਤਾ ਤੋਂ ਲਾਂਭੇ ਨਹੀਂ ਕੀਤਾ ਜਾਵੇਗਾ, ਉਦੋਂ ਤੱਕ ਦੇਸ਼ 'ਚ ਸੁੱਖ ਅਤੇ ਖੁਸ਼ਹਾਲੀ ਨਹੀਂ ਆ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੰਵਿਧਾਨ ਬਚਾਉਣ ਅਤੇ ਲੋਕ ਸਭਾ ਚੋਣਾਂ 'ਚ ਜਿੱਤ ਲਈ ਵਿਰੋਧੀ ਧਿਰਾਂ ਨੂੰ ਇਕਜੁੱਟ ਹੋ ਕੇ ਲੜਨਾ ਚਾਹੀਦਾ ਹੈ।

# ਬਾਬਾ ਤਰਸੇਮ ਸਿੰਘ ਹੱਤਿਆ ਕਾਂਡ: ਸਾਬਕਾ ਆਈ.ਏ.ਐੱਸ. ਅਧਿਕਾਰੀ ਸਣੇ 5 ਖਿਲਾਫ਼ ਕੇਸ ਦਰਜ

**■ ਵਿਦੇਸ਼ੀ ਵਿਦਿਆਰਥੀਆਂ ਪਿੱਛੋਂ ਵਿਦੇਸ਼ੀ ਕਾਮਿਆਂ ਦੀ ਗਿਣਤੀ ਵੀ ਘਟਾਈ**



**ਰੁਦਰਪੁਰ, (ਪੰਜਾਬ ਮੇਲ)-** ਉੱਤਰਾਖੰਡ ਦੇ ਊਧਮ ਸਿੰਘ ਨਗਰ ਜ਼ਿਲ੍ਹੇ ਵਿਚ ਨਾਨਕਮੱਤਾ ਸਾਹਿਬ ਗੁਰਦੁਆਰੇ ਦੇ ਡੇਰਾ ਕਾਰ ਸੇਵਾ ਮੁਖੀ ਬਾਬਾ ਤਰਸੇਮ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਸੇਵਾਮੁਕਤ ਆਈ.ਏ.ਐੱਸ. ਅਧਿਕਾਰੀ ਸਮੇਤ ਪੰਜ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਬਾਬਾ ਤਰਸੇਮ ਸਿੰਘ ਦੀ ਵੀਰਵਾਰ ਨੂੰ ਗੁਰਦੁਆਰੇ ਦੀ ਹਦੂਦ ਅੰਦਰ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਐੱਫ.ਆਈ.ਆਰ. ਵਿਚ ਨਾਮਜ਼ਦ ਵਿਅਕਤੀਆਂ ਵਿਚ ਦੋ ਹਮਲਾਵਰਾਂ ਸਰਬਜੀਤ ਸਿੰਘ ਅਤੇ ਅਮਰਜੀਤ ਸਿੰਘ, ਸਾਬਕਾ ਆਈ.ਏ.ਐੱਸ. ਅਧਿਕਾਰੀ ਹਰਬੰਸ ਸਿੰਘ ਚੁੱਘ, ਜੋ ਨਾਨਕਮੱਤਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਹਨ, ਬਾਬਾ ਅਨੂਪ ਸਿੰਘ ਅਤੇ ਪ੍ਰੀਤਮ ਸਿੰਘ ਸੰਧੂਰ ਸ਼ਾਮਲ ਹਨ। ਐੱਸ.ਐੱਸ.ਪੀ. ਮੰਜੂਨਾਥ ਟੀਸੀ ਕਿਹਾ ਕਿ ਸ਼ੁੱਕਰਵਾਰ ਨੂੰ ਐੱਫ.ਆਈ.ਆਰ. ਦਰਜ ਕੀਤੀ ਗਈ ਸੀ। ਸਰਬਜੀਤ ਸਿੰਘ ਪੰਜਾਬ ਦੇ ਤਰਨਤਾਰਨ ਦਾ ਰਹਿਣ ਵਾਲਾ ਹੈ, ਜਦਕਿ ਅਮਰਜੀਤ ਸਿੰਘ ਉੱਤਰ ਪ੍ਰਦੇਸ਼ ਦੇ ਰਾਮਪੁਰ ਦਾ ਰਹਿਣ ਵਾਲਾ ਹੈ। ਉਨ੍ਹਾਂ 'ਤੇ ਭਾਰਤੀ ਦੰਡਾਵਲੀ ਦੀ ਧਾਰਾ 302 (ਕਤਲ), 120ਬੀ (ਅਪਰਾਧਿਕ ਸਾਜ਼ਿਸ਼) ਅਤੇ 34 (ਸਾਂਝੇ ਇਰਾਦੇ) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਸੇਵਾਮੁਕਤ ਆਈ.ਏ.ਐੱਸ. ਅਧਿਕਾਰੀ ਸਮੇਤ ਤਿੰਨ ਹੋਰਾਂ ਨੂੰ ਐੱਫ.ਆਈ.ਆਰ. ਵਿਚ ਨਾਮਜ਼ਦ ਕੀਤਾ ਗਿਆ ਹੈ ਕਿਉਂਕਿ ਸ਼ਿਕਾਇਤਕਰਤਾ ਨੇ ਉਨ੍ਹਾਂ ਦੀ ਭੂਮਿਕਾ ਬਾਰੇ ਸ਼ੱਕ ਜਤਾਇਆ ਸੀ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਭਾਜਪਾ ਦੇ ਸੀਨੀਅਰ ਨੇਤਾ ਅਡਵਾਨੀ 'ਭਾਰਤ ਰਤਨ' ਨਾਲ ਸਨਮਾਨਿਤ

**■ ਰਾਸ਼ਟਰਪਤੀ ਨੇ ਘਰ ਜਾ ਕੇ ਕੀਤਾ ਸਨਮਾਨ**



**ਨਵੀਂ ਦਿੱਲੀ, (ਪੰਜਾਬ ਮੇਲ)-** ਭਾਜਪਾ ਦੇ ਸੀਨੀਅਰ ਨੇਤਾ ਲਾਲਕ੍ਰਿਸ਼ਨ ਅਡਵਾਨੀ ਨੂੰ ਭਾਰਤ ਰਤਨ ਨਾਲ ਸਨਮਾਨਤ ਕੀਤਾ ਗਿਆ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਅਡਵਾਨੀ ਦੇ ਘਰ ਜਾ ਕੇ ਉਨ੍ਹਾਂ ਨੂੰ ਦੇਸ਼ ਦੇ ਸਰਵਉੱਚ ਨਾਗਰਿਕ ਸਨਮਾਨ ਨਾਲ ਸਨਮਾਨਤ ਕੀਤਾ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਵੀ ਮੌਜੂਦ ਰਹੇ। ਦੱਸ ਦੇਈਏ ਕਿ ਸਿਹਤ ਠੀਕ ਨਾ ਹੋਣ ਦੀ ਵਜ੍ਹਾ ਕਰਕੇ ਅਡਵਾਨੀ ਸ਼ਨੀਵਾਰ ਨੂੰ ਰਾਸ਼ਟਰਪਤੀ ਭਵਨ ਵਿਚ ਆਯੋਜਿਤ ਪੁਰਸਕਾਰ ਵੰਡ ਸਮਾਰੋਹ ਵਿਚ ਸ਼ਾਮਲ ਨਹੀਂ ਹੋ ਸਕੇ ਸਨ।

ਦੱਸਣਯੋਗ ਹੈ ਕਿ ਰਾਸ਼ਟਰਪਤੀ ਨੇ ਸ਼ਨੀਵਾਰ (30 ਮਾਰਚ) ਨੂੰ ਰਾਸ਼ਟਰਪਤੀ ਭਵਨ ਵਿਖੇ 4 ਸ਼ਖਸੀਅਤਾਂ ਨੂੰ ਮਰਨ ਉਪਰੰਤ ਭਾਰਤ ਰਤਨ ਨਾਲ ਸਨਮਾਨਤ ਕੀਤਾ। ਇਨ੍ਹਾਂ ਵਿਚ ਸਾਬਕਾ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ, ਸਾਬਕਾ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ, ਬਿਹਾਰ ਦੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਅਤੇ ਖੇਤੀ ਵਿਗਿਆਨੀ ਡਾ. ਐੱਮ.ਐੱਸ. ਸਵਾਮੀਨਾਥਨ ਸ਼ਾਮਲ ਹਨ। ਚਾਰ ਸ਼ਖਸੀਅਤਾਂ ਦੇ ਪਰਿਵਾਰਾਂ ਨੇ ਰਾਸ਼ਟਰਪਤੀ ਭਵਨ ਵਿਚ ਇਹ ਸਨਮਾਨ ਪ੍ਰਾਪਤ ਕੀਤਾ। ਨਰਸਿਮਹਾ ਰਾਓ ਦੇ ਪੁੱਤਰ ਪੀ.ਵੀ. ਪ੍ਰਭਾਕਰ ਰਾਓ, ਚੌਧਰੀ ਚਰਨ ਸਿੰਘ ਦੇ ਪੋਤੇ ਜਯੰਤ ਚੌਧਰੀ, ਕਰਪੂਰੀ ਠਾਕੁਰ ਦੇ ਪੁੱਤਰ ਰਾਮਨਾਥ ਠਾਕੁਰ ਅਤੇ ਐੱਮ.ਐੱਸ. ਸਵਾਮੀਨਾਥਨ ਦੀ ਬੇਟੀ ਨਿਤਿਆ ਰਾਓ ਨੇ ਰਾਸ਼ਟਰਪਤੀ ਤੋਂ ਸਨਮਾਨ ਪ੍ਰਾਪਤ ਕੀਤਾ।

ਜ਼ਿਕਰਯੋਗ ਹੈ ਕਿ ਭਾਰਤ ਰਤਨ ਦੇਸ਼ ਦਾ ਸਰਵਉੱਚ ਨਾਗਰਿਕ ਸਨਮਾਨ ਹੈ। ਇਹ ਰਾਸ਼ਟਰੀ ਸੇਵਾ ਜਿਵੇਂ ਕਿ ਕਲਾ, ਸਾਹਿਤ, ਵਿਗਿਆਨ, ਲੋਕ ਸੇਵਾ ਅਤੇ ਖੇਡਾਂ ਲਈ ਦਿੱਤਾ ਜਾਂਦਾ ਹੈ। ਭਾਰਤ ਰਤਨ ਦਾ ਪੁਰਸਕਾਰ 2 ਜਨਵਰੀ 1954 ਨੂੰ ਤਤਕਾਲੀ ਰਾਸ਼ਟਰਪਤੀ ਡਾ: ਰਾਜੇਂਦਰ ਪ੍ਰਸਾਦ ਵਲੋਂ ਸ਼ੁਰੂ ਕੀਤਾ ਗਿਆ ਸੀ। ਪਹਿਲਾਂ ਇਹ ਸਨਮਾਨ ਜ਼ਿੰਦਾ ਰਹਿੰਦਿਆਂ ਹੀ ਦਿੱਤਾ ਜਾਂਦਾ ਸੀ ਪਰ 1955 ਤੋਂ ਮਰਨ ਉਪਰੰਤ ਵੀ ਭਾਰਤ ਰਤਨ ਦਿੱਤਾ ਜਾਣ ਲੱਗਾ। ਦੇਸ਼ ਦਾ ਪ੍ਰਧਾਨ ਮੰਤਰੀ ਭਾਰਤ ਰਤਨ ਲਈ ਰਾਸ਼ਟਰਪਤੀ ਨੂੰ ਕਿਸੇ ਵਿਅਕਤੀ ਦੇ ਨਾਮ ਦੀ ਸਿਫ਼ਾਰਸ਼ ਕਰਦਾ ਹੈ। ਪੁਰਸਕਾਰ ਪ੍ਰਾਪਤ ਕਰਨ ਵਾਲੇ ਨੂੰ ਇੱਕ ਮੈਡਲ ਅਤੇ ਇੱਕ ਸਰਟੀਫਿਕੇਟ ਦਿੱਤਾ ਜਾਂਦਾ ਹੈ, ਜਿਸ 'ਤੇ ਰਾਸ਼ਟਰਪਤੀ ਦੇ ਹਸਤਾਖਰ ਹੁੰਦੇ ਹਨ। ਇਸ ਮੈਡਲ ਵਿਚ ਪਿੱਪਲ ਦੇ ਪੱਤੇ ਉੱਤੇ ਪਲੈਟੀਨਮ ਦਾ ਚਮਕਦਾ ਸੂਰਜ ਹੈ। ਪੱਤੇ ਦਾ ਕਿਨਾਰਾ ਵੀ ਪਲੈਟੀਨਮ ਹੁੰਦਾ ਹੈ।

# ਸਰੀ ਤੋਂ ਅਵਤਾਰ ਸਿੰਘ ਗਿੱਲ ਲੜਨਗੇ ਐੱਮ.ਪੀ. ਦੀ ਚੋਣ!



**ਸਰੀ/ਬਾਘਾ ਪੁਰਾਣਾ, (ਪੰਜਾਬ ਮੇਲ)-** ਪ੍ਰਸਿੱਧ ਰਿਐਲਟਰ ਤੇ ਸਕਾਟ ਰੋਡ ਸਰੀ ਦੇ ਚੀਫ ਅਫਸਰ ਅਵਤਾਰ ਸਿੰਘ ਗਿੱਲ ਨੂੰ ਬੀ.ਸੀ. ਦੀ ਕੰਜ਼ਰਵੇਟਿਵ ਪਾਰਟੀ ਨੇ ਸਰੀ ਫਲੀਟਵੁੱਡ ਇਲਾਕੇ ਤੋਂ ਚੋਣ ਮੈਦਾਨ 'ਚ ਉਤਾਰਿਆ ਹੈ। ਜੇਕਰ ਅਵਤਾਰ ਸਿੰਘ ਦੀ ਵਿਦੇਸ਼ 'ਚ ਰਿਹਾਇਸ਼ ਦੀ ਗੱਲ ਕਰੀਏ, ਤਾਂ ਉਹ ਕਰੀਬ ਪਿਛਲੇ ਤਿੰਨ ਦਹਾਕਿਆਂ ਤੋਂ ਕੈਨੇਡਾ 'ਚ ਰਹਿ ਰਹੇ ਹਨ ਤੇ ਉਹ ਪਿੰਡ ਕਾਲੇਕੇ (ਬਾਘਾ ਪੁਰਾਣਾ) ਜ਼ਿਲ੍ਹਾ ਮੋਗਾ ਦੇ ਜੰਮਪਲ ਹਨ। ਉਹ ਪਿਛਲੇ ਲੰਮੇ ਸਮੇਂ ਤੋਂ ਕੈਨੇਡਾ 'ਚ ਵਾਲੰਟੀਅਰ ਕੰਮਾਂ ਰਾਹੀਂ ਕਮਿਊਨਿਟੀ ਦੀ ਸੇਵਾ ਕਰ ਰਹੇ ਹਨ।

ਰਾਜਨੀਤਿਕ ਖ਼ੇਤਰ ਦੇ ਨਾਲ-ਨਾਲ ਸਮਾਜਿਕ ਖ਼ੇਤਰ 'ਚ ਵੀ ਅਵਤਾਰ ਸਿੰਘ ਦੀਆਂ ਵੱਡੀਆਂ ਸੇਵਾਵਾਂ ਹਨ। ਉਹ ਗੁਰੂ ਨਾਨਕ ਫਰੀ ਕਿਚਨ ਦੇ ਮੁੱਢਲੇ ਮੈਂਬਰ ਵੀ ਹਨ, ਜੋ ਕਿ ਹਰ ਹਫ਼ਤੇ ਡਾਊਨਟਾਊਨ ਵੈਨਕੂਵਰ 'ਚ ਲੋੜਵੰਦਾਂ ਨੂੰ ਲੰਗਰ ਛਕਾਉਂਦੇ ਹਨ, ਉਹ ਅਕਾਲ ਅਕੈਡਮੀ ਨਾਲ ਬੜੇ ਲੰਮੇ ਸਮੇਂ ਤੋਂ ਜੁੜੇ ਹੋਏ ਹਨ। ਉਹ ਸਿੱਖ ਸੇਵਾ ਫਾਊਂਡੇਸ਼ਨ ਆਫ ਕੈਨੇਡਾ ਦੇ ਫਾਊਂਡਰ ਤੇ ਚੇਅਰਮੈਨ ਵੀ ਹਨ। ਇਸ ਤੋਂ ਇਲਾਵਾ ਉਹ ਕੈਨੇਡਾ ਦੀ ਸਭ ਤੋਂ ਪੁਰਾਤਨ ਸਿੱਖ ਸੰਸਥਾ ਖ਼ਾਲਸਾ ਦੀਵਾਨ ਸੁਸਾਇਟੀ ਦੇ ਜਨਰਲ ਸਕੱਤਰ ਵੀ ਰਹਿ ਚੁੱਕੇ ਹਨ। ਉਹ ਫਾਈਵ ਰਿਵਰ ਸੁਸਾਇਟੀ ਦੇ ਜਨਰਲ ਸਕੱਤਰ ਦੀਆਂ ਸੇਵਾਵਾਂ ਵੀ ਨਿਭਾਅ ਚੁੱਕੇ ਹਨ। ਇੰਨਾ ਹੀ ਨਹੀਂ, ਉਹ ਹੋਰ ਵੀ ਬਹੁਤ ਸਾਰੀਆਂ ਸੰਸਥਾਵਾਂ 'ਚ ਸੇਵਾਵਾਂ ਕਰ ਚੁੱਕੇ ਹਨ।

ਉਨ੍ਹਾਂ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਐਗਰੀਕਲਚਰ ਸਾਇੰਸ ਦੀ ਡਿਗਰੀ ਪ੍ਰਾਪਤ ਕਰਨ ਉਪਰੰਤ ਹੋਰ ਉਚੇਰੀ ਵਿੱਦਿਆ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਤੋਂ ਪ੍ਰਾਪਤ ਕੀਤੀ। ਭਾਵੇਂ ਸਿਆਸੀ ਖ਼ੇਤਰ ਉਨ੍ਹਾਂ ਲਈ ਬਿਲਕੁਲ ਨਵੀਨ ਹੈ, ਪਰ ਉਹ ਭਾਈਚਾਰੇ 'ਚ ਵਿਚਰਨ ਤੇ ਕੰਮ ਕਰਨ ਦਾ ਬਹੁਤ ਤਜ਼ਰਬਾ ਰੱਖਦੇ ਹਨ। ਪਿੰਡ ਕਾਲੇਕੇ ਤੇ ਇਲਾਕੇ 'ਚ ਉਨ੍ਹਾਂ ਨੂੰ ਟਿਕਟ ਮਿਲਣ 'ਤੇ ਖ਼ੁਸ਼ੀ ਦਾ ਮਾਹੌਲ ਹੈ ਤੇ ਦੇਸ਼-ਵਿਦੇਸ਼ ਤੋਂ ਵਧਾਈ ਦੇ ਸੰਦੇਸ਼ ਆ ਰਹੇ ਹਨ। ਜ਼ਿਕਰਯੋਗ ਹੈ ਕਿ ਅਵਤਾਰ ਸਿੰਘ ਅੱਜਕੱਲ੍ਹ ਪੰਜਾਬ ਫੇਰੀ 'ਤੇ ਆਏ ਹੋਏ ਹਨ। ਉਨ੍ਹਾਂ ਦੀ ਇਸ ਖ਼ਬਰ ਤੋਂ ਬਾਅਦ ਪੰਜਾਬੀਆਂ ਦੇ ਨਾਲ-ਨਾਲ ਸਿੱਖ ਜਗਤ 'ਚ ਵੀ ਖ਼ੁਸ਼ੀ ਦਾ ਮਾਹੌਲ ਹੈ।

# ਇਮਰਾਨ ਖਾਨ ਦੇ 51 ਸਮਰਥਕਾਂ ਨੂੰ 5 ਸਾਲ ਦੀ ਸਜ਼ਾ; ਲੱਗਾ ਭਾਰੀ ਜ਼ੁਰਮਾਨਾ



**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ 'ਚ ਬੀਤੇ ਸਾਲ 9 ਮਈ ਨੂੰ ਹੋਈ ਹਿੰਸਾ ਦੇ ਮਾਮਲੇ 'ਚ ਅੱਤਵਾਦ ਵਿਰੋਧੀ ਅਦਾਲਤ (ਏ.ਟੀ.ਸੀ.) ਨੇ ਵੱਡਾ ਫ਼ੈਸਲਾ ਸੁਣਾਇਆ। ਪਾਕਿਸਤਾਨ ਦੀ ਏ.ਟੀ.ਸੀ. ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ 51 ਸਮਰਥਕਾਂ ਨੂੰ ਮੁੱਖ ਫ਼ੌਜੀ ਟਿਕਾਣਿਆਂ 'ਤੇ ਹਮਲਾ ਕਰਨ ਦੇ ਦੋਸ਼ ਵਿਚ ਦੋ ਮਾਮਲਿਆਂ ਵਿਚ ਪੰਜ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਹੈ। 9 ਮਈ ਦੇ ਦੰਗਿਆਂ ਦੇ ਸਬੰਧ ਵਿਚ ਪੀ.ਟੀ.ਆਈ. ਆਗੂਆਂ, ਵਰਕਰਾਂ ਅਤੇ ਸਮਰਥਕਾਂ ਖ਼ਿਲਾਫ਼ ਦਰਜ ਕੀਤੇ ਗਏ ਕੇਸਾਂ ਵਿਚ ਇਹ ਪਹਿਲੀ ਸਜ਼ਾ ਹੈ।

ਏ.ਟੀ.ਸੀ. ਜੱਜ ਨਤਾਸ਼ਾ ਨਸੀਮ ਨੇ ਹਿੰਸਾ ਮਾਮਲੇ ਵਿਚ ਸਜ਼ਾ ਦਾ ਐਲਾਨ ਕੀਤਾ। ਉਨ੍ਹਾਂ ਨੇ ਜੇਲ੍ਹ ਦੇ ਬਾਹਰ ਸਖ਼ਤ ਸੁਰੱਖਿਆ ਵਿਚਕਾਰ ਕੇਂਦਰੀ ਜੇਲ੍ਹ, ਗੁਜਰਾਂਵਾਲਾ ਵਿਚ ਫ਼ੈਸਲਾ ਸੁਣਾਇਆ। ਪੀ.ਟੀ.ਆਈ. ਵਿਧਾਇਕ ਕਲੀਮੁੱਲ੍ਹਾ ਖਾਨ ਵੀ ਦੋਸ਼ੀਆਂ ਵਿਚ ਸ਼ਾਮਲ ਹਨ।

ਸਫਾ 1 ਦਾ ਬਾਕੀ

## ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਪ੍ਰਵਾਸੀਆਂ ਲਈ ਗ੍ਰੀਨ...

ਸਾਹਮਣਾ ਕਰ ਰਹੇ ਹਨ ਜਾਂ ਉਨ੍ਹਾਂ ਨੂੰ ਦੇਸ਼ ਨਿਕਾਲੇ ਦੇ ਆਦੇਸ਼ ਜਾਰੀ ਕੀਤੇ ਗਏ ਹਨ, ਅਮਰੀਕਾ ਵਿਚ ਰਹਿਣ ਲਈ ਅਪੀਲ ਕਰ ਸਕਦੇ ਹਨ ਅਤੇ 'ਕੈਂਸਲ ਯੂਅਰ ਰਿਮੂਵਲ' ਦੇ ਤਹਿਤ ਗ੍ਰੀਨ ਕਾਰਡ ਜਾਰੀ ਕੀਤਾ ਜਾ ਸਕਦਾ ਹੈ। ਹਾਲਾਂਕਿ ਇਹ ਸਾਰਾ ਮਾਮਲਾ ਅਜੇ ਵਿਚਾਰ ਦੇ ਅਧੀਨ ਹੈ ਅਤੇ ਅਜੇ ਇਹ ਤੈਅ ਨਹੀਂ ਹੋਇਆ ਹੈ ਕਿ ਇਸ ਨੂੰ ਕਦੋਂ ਲਾਗੂ ਕੀਤਾ ਜਾਵੇਗਾ। ਰਿਪੋਰਟ ਅਨੁਸਾਰ ਨਿਆਂ ਵਿਭਾਗ ਦੇ ਇਮੀਗ੍ਰੇਸ਼ਨ ਸਮੀਖਿਆ ਲਈ ਕਾਰਜਕਾਰੀ ਦਫਤਰ ਦੇ ਤਹਿਤ ਸਤੰਬਰ 2023 ਦੇ ਸ਼ੁਰੂ ਵਿਚ ਇੱਕ ਪ੍ਰਸਤਾਵ ਬਣਾਇਆ ਗਿਆ ਸੀ, ਜਿਸ ਦਾ ਉਦੇਸ਼ ਹਜ਼ਾਰਾਂ ਪ੍ਰਵਾਸੀਆਂ ਨੂੰ ਕਾਨੂੰਨੀ ਸਥਾਈ ਨਿਵਾਸ ਪ੍ਰਦਾਨ ਕਰਨਾ ਸੀ। ਪ੍ਰਸਤਾਵ ਦੇ ਤਹਿਤ ਯੋਗ ਹੋਣ ਦੀ ਇੱਛਾ ਰੱਖਣ ਵਾਲੇ ਪ੍ਰਵਾਸੀ 10 ਸਾਲਾਂ ਤੋਂ ਅਮਰੀਕਾ ਵਿਚ ਰਹੇ ਹੋਣ ਅਤੇ ਇਹ ਵੀ ਸਾਬਤ ਕਰਨ ਕਿ ਉਹ ਕਿਸੇ ਗੰਭੀਰ ਅਪਰਾਧ ਵਿਚ ਸ਼ਾਮਲ ਨਹੀਂ ਹੋਏ ਹਨ। ਹਾਲਾਂਕਿ, ਪ੍ਰਸਤਾਵ ਦਸਤਾਵੇਜ਼ ਵਿਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਪ੍ਰੋਗਰਾਮ ਦੇ ਤਹਿਤ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਵਾਲੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਇਮੀਗ੍ਰੇਸ਼ਨ ਅਦਾਲਤ ਵਿਚ ਆਪਣੀ ਵਾਰੀ ਆਉਣ ਤੱਕ ਉਡੀਕ ਕਰਨੀ ਪਵੇਗੀ, ਜਿਸ ਵਿਚ ਕਈ ਸਾਲ ਵੀ ਲੱਗ ਸਕਦੇ ਹਨ।

ਬਰਾਕ ਓਬਾਮਾ ਨੇ ਆਪਣੇ ਪ੍ਰਸ਼ਾਸਨ ਦੌਰਾਨ ਚਾਈਲਡਹੁੱਡ ਅਰਾਈਵਲਜ਼ ਪ੍ਰੋਗਰਾਮ ਤਹਿਤ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਆਉਣ ਵਾਲੇ ਲੋਕਾਂ ਨੂੰ ਨਾਗਰਿਕਤਾ ਦੇਣ ਦਾ ਰਸਤਾ ਵੀ ਸਾਫ਼ ਕੀਤਾ ਸੀ, ਜਿਸ ਦਾ ਲੱਖਾਂ ਲੋਕਾਂ ਨੂੰ ਫਾਇਦਾ ਹੋਇਆ ਹੈ। ਜਦੋਂ ਤੋਂ ਬਾਇਡਨ ਸੰਯੁਕਤ ਰਾਜ ਦਾ ਰਾਸ਼ਟਰਪਤੀ ਬਣਿਆ ਹੈ, ਉਸ ਨੇ ਡੋਨਾਲਡ ਟਰੰਪ ਦੀ ਇਮੀਗ੍ਰੇਸ਼ਨ ਨੀਤੀ ਵਿਚ ਵੱਡੇ ਬਦਲਾਅ ਕਰਨੇ ਸ਼ੁਰੂ ਕਰ ਦਿੱਤੇ ਹਨ, ਜਿਸ ਵਿਚ ਮੈਕਸੀਕੋ ਵਿਚ ਰਿਮੇਨ ਪ੍ਰੋਗਰਾਮ ਨੂੰ ਛੱਡਣਾ ਵੀ ਸ਼ਾਮਲ ਹੈ। ਹਾਲਾਂਕਿ, ਆਪਣੇ ਕਾਰਜਕਾਲ ਦੌਰਾਨ ਬਾਇਡਨ ਪਿਛਲੇ ਦੋ-ਤਿੰਨ ਸਾਲਾਂ ਤੋਂ ਮੈਕਸੀਕੋ ਸਰਹੱਦ ਤੋਂ ਅਮਰੀਕਾ ਆਉਣ ਵਾਲੇ ਪ੍ਰਵਾਸੀਆਂ ਦੀ ਆਮਦ ਕਾਰਨ ਜ਼ਬਰਦਸਤ ਸਿਆਸੀ ਦਬਾਅ ਹੇਠ ਹਨ। ਅਮਰੀਕਾ ਵਿਚ ਸੰਨ 2024 ਦੀਆਂ ਚੋਣਾਂ ਵੀ ਹਨ, ਜਿਸ ਵਿਚ ਡੋਨਾਲਡ ਟਰੰਪ ਇਸੇ ਮੁੱਦੇ 'ਤੇ ਬਾਇਡਨ ਨੂੰ ਘੇਰ ਰਹੇ ਹਨ, ਜਿਸ ਨਾਲ ਰਾਸ਼ਟਰਪਤੀ ਬਾਇਡਨ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਲਈ ਇਕ ਵੱਡਾ ਐਲਾਨ ਕਰ ਸਕਦਾ ਹੈ। ਖੁਦ ਅਮਰੀਕੀ ਸਰਕਾਰ ਦੇ ਅੰਕੜਿਆਂ ਅਨੁਸਾਰ ਬਾਇਡਨ ਦੇ ਰਾਜ ਦੌਰਾਨ ਢਾਈ ਲੱਖ ਤੋਂ ਵੱਧ ਪ੍ਰਵਾਸੀ ਗੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਕੇ ਅਮਰੀਕਾ ਵਿਚ ਦਾਖਲ ਹੋ ਚੁੱਕੇ ਹਨ। ਜੇਕਰ ਅਮਰੀਕਾ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਭਾਰਤੀਆਂ ਦੀ ਗੱਲ ਕਰੀਏ ਤਾਂ 2011 ਤੋਂ ਹੁਣ ਤੱਕ ਉਨ੍ਹਾਂ ਦੀ ਗਿਣਤੀ 'ਚ 70 ਫੀਸਦੀ ਤੱਕ ਦਾ ਵਾਧਾ ਹੋਇਆ ਹੈ।

ਸਫਾ 1 ਦਾ ਬਾਕੀ

## ਡਾ. ਮਨਮੋਹਨ ਸਿੰਘ ਸਮੇਤ 54 ਸੰਸਦ ਮੈਂਬਰ ਰਾਜ ਸਭਾ ਤੋਂ...

ਉਹ ਪੀ.ਵੀ. ਨਰਸਿਮਹਾ ਰਾਓ ਦੀ ਸਰਕਾਰ ਦੌਰਾਨ 1991 ਤੋਂ 1996 ਤੱਕ ਵਿੱਤ ਮੰਤਰੀ ਅਤੇ 2004 ਤੋਂ 2014 ਤੱਕ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਰਹੇ ਹਨ। ਰਾਜ ਸਭਾ ਦੇ ਆਖ਼ਰੀ ਸੈਸ਼ਨ ਵਿਚ ਬਜ਼ੁਰਗ ਸੰਸਦ ਮੈਂਬਰ ਨੂੰ ਵਿਦਾਇਗੀ ਦੇਣ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕਤੰਤਰ ਨੂੰ ਮਜ਼ਬੂਤ ਕਰਨ ਵਿਚ ਡਾ. ਮਨਮੋਹਨ ਸਿੰਘ ਦੀ ਭੂਮਿਕਾ ਦੀ ਸ਼ਲਾਘਾ ਕੀਤੀ ਸੀ।

ਸਫਾ 1 ਦਾ ਬਾਕੀ

## ਬਰਗਾੜੀ ਬੇਅਦਬੀ ਮਾਮਲਾ: ਦੋਸ਼ੀ ਡੇਰਾ ਪ੍ਰੇਮੀ ਪ੍ਰਦੀਪ ਕਲੇਰ ਨੂੰ...

ਬਾਅਦ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਅਮਨਿੰਦਰ ਸਿੰਘ ਦੀ ਅਦਾਲਤ ਨੇ ਕਲੇਰ ਜ਼ਮਾਨਤ ਅਰਜ਼ੀ ਮਨਜ਼ੂਰ ਕਰ ਲਈ।

ਕਲੇਰ ਨੂੰ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਨੇ 2 ਮਹੀਨੇ ਪਹਿਲਾਂ ਗੁਰੂਗ੍ਰਾਮ ਤੋਂ ਗ੍ਰਿਫ਼ਤਾਰ ਕੀਤਾ ਸੀ। ਉਹ ਬੇਅਦਬੀ ਦੇ 3 ਵੱਖ-ਵੱਖ ਮਾਮਲਿਆਂ 'ਚ ਭਗੌੜਾ ਸੀ। ਪਿਛਲੇ ਸਾਲ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਬੇਅਦਬੀ ਦੇ 3 ਮਾਮਲਿਆਂ ਨੂੰ ਫਰੀਦਕੋਟ ਤੋਂ ਚੰਡੀਗੜ੍ਹ ਤਬਦੀਲ ਕੀਤਾ ਗਿਆ ਸੀ। ਇਸ ਮਾਮਲੇ ਵਿਚ ਰਾਮ ਰਹੀਮ ਵੀ ਦੋਸ਼ੀ ਹੈ।

ਸਫਾ 1 ਦਾ ਬਾਕੀ

## ਅਮਰੀਕਾ 'ਚ ਗੈਰ-ਪ੍ਰਵਾਸੀ ਵੀਜ਼ਾ ਫੀਸਾਂ 'ਚ ਭਾਰੀ ਵਾਧਾ...

ਅਧੀਨ ਆਉਂਦਾ ਹੈ। ਇਹ ਕੰਪਨੀ ਵਿਚ ਕੰਮ ਕਰ ਰਹੇ ਕਰਮਚਾਰੀਆਂ ਦੇ ਤਬਾਦਲੇ ਲਈ ਤਿਆਰ ਕੀਤਾ ਗਿਆ ਹੈ।

ਨਾਲ ਹੀ ਈਬੀ-5 ਵੀਜ਼ਾ ਫੀਸ ਤਿੰਨ ਗੁਣਾ ਹੋਣ ਦੀ ਉਮੀਦ ਹੈ। ਇਸ ਦੇ ਵਧ ਕੇ 11160 ਡਾਲਰ (ਲਗਭਗ 9 ਲੱਖ ਰੁਪਏ) ਹੋਣ ਦੀ ਉਮੀਦ ਹੈ, ਜਦੋਂ ਕਿ ਇਸ ਪਹਿਲਾਂ ਇਹ 3675 ਡਾਲਰ (ਲਗਭਗ 3 ਲੱਖ ਰੁਪਏ) ਸੀ। ਈ.ਬੀ.-5 ਵੀਜ਼ਾ ਅਮਰੀਕੀ ਸਰਕਾਰ ਨੇ 1990 ਵਿਚ ਸ਼ੁਰੂ ਕੀਤਾ ਸੀ। ਇਸ ਤਹਿਤ ਉੱਚ ਆਮਦਨੀ ਵਾਲੇ ਵਿਦੇਸ਼ੀ ਨਿਵੇਸ਼ਕ ਅਮਰੀਕੀ ਕਾਰੋਬਾਰਾਂ ਵਿਚ ਘੱਟੋ-ਘੱਟ 5 ਮਿਲੀਅਨ ਡਾਲਰ ਦਾ ਨਿਵੇਸ਼ ਕਰਕੇ ਆਪਣੇ ਪਰਿਵਾਰਾਂ ਲਈ ਵੀਜ਼ਾ ਪ੍ਰਾਪਤ ਕਰ ਸਕਦੇ ਹਨ। ਇਸ ਤਹਿਤ ਉਸ ਨੂੰ ਕਾਰੋਬਾਰ ਵਿਚ ਘੱਟੋ-ਘੱਟ 10 ਅਮਰੀਕੀਆਂ ਨੂੰ ਰੁਜ਼ਗਾਰ ਦੇਣਾ ਲਾਜ਼ਮੀ ਹੁੰਦਾ ਹੈ।

ਸਫਾ 1 ਦਾ ਬਾਕੀ

## ਸੁਪਰੀਮ ਕੋਰਟ ਵੱਲੋਂ ਆਬਕਾਰੀ ਨੀਤੀ ਮਾਮਲੇ 'ਚ ਸੰਜੈ ਸਿੰਘ ਨੂੰ...

ਬੈਂਚ ਨੇ ਕਿਹਾ ਕਿ ਸੰਜੈ ਸਿੰਘ ਪੂਰੇ ਮੁਕੱਦਮੇ ਦੌਰਾਨ ਜ਼ਮਾਨਤ 'ਤੇ ਬਾਹਰ ਰਹਿਣਗੇ ਅਤੇ ਉਨ੍ਹਾਂ ਦੀ ਜ਼ਮਾਨਤ ਦੀਆਂ ਸ਼ਰਤਾਂ ਵਿਸ਼ੇਸ਼ ਅਦਾਲਤ ਤੈਅ ਕਰੇਗੀ।

ਈ.ਡੀ. ਵੱਲੋਂ ਪੇਸ਼ ਹੋਏ ਵਧੀਕ ਸੌਲੀਸਿਟਰ ਜਨਰਲ ਐੱਸ.ਵੀ. ਰਾਜੂ ਨੇ ਕਿਹਾ ਕਿ ਉਨ੍ਹਾਂ ਜਾਂਚ ਏਜੰਸੀ ਤੋਂ ਹਦਾਇਤਾਂ ਲੈ ਲਈਆਂ ਹਨ ਅਤੇ ਜੇਕਰ ਸੰਜੈ ਸਿੰਘ ਨੂੰ ਜ਼ਮਾਨਤ ਦਿੱਤੀ ਜਾਂਦੀ ਹੈ, ਤਾਂ ਉਸ ਨੂੰ ਕੋਈ ਇਤਰਾਜ਼ ਨਹੀਂ ਹੈ। ਉਨ੍ਹਾਂ ਕਿਹਾ, 'ਮੈਂ ਮਾਮਲੇ ਦੇ ਗੁਣ-ਦੋਸ਼ਾਂ 'ਚ ਗਏ ਬਿਨਾਂ ਬਿਆਨ ਦੇ ਰਿਹਾ ਹਾਂ।' ਬੈਂਚ ਨੇ ਬਿਆਨ ਦਾ ਨੋਟਿਸ ਲੈਂਦਿਆਂ ਹੁਕਮ ਦਿੱਤਾ, 'ਏ.ਐੱਸ.ਜੀ. ਐੱਸ.ਵੀ. ਰਾਜੂ ਨੂੰ ਸਵੇਰ ਦੇ ਸੈਸ਼ਨ 'ਚ ਨਿਰਦੇਸ਼ ਲੈਣ ਲਈ ਕਿਹਾ ਗਿਆ ਸੀ। ਉਨ੍ਹਾਂ ਕਿਹਾ ਹੈ ਕਿ ਜੇਕਰ ਸੰਜੈ ਸਿੰਘ ਨੂੰ ਐੱਫ.ਆਈ.ਆਰ. ਨਾਲ ਜੁੜੀ ਕਾਰਵਾਈ 'ਚ ਜ਼ਮਾਨਤ 'ਤੇ ਰਿਹਾਅ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਇਸ ਬਿਆਨ ਦੇ ਮੱਦੇਨਜ਼ਰ ਅਸੀਂ ਮੌਜੂਦਾ ਅਪੀਲ ਦੀ ਇਜਾਜ਼ਤ ਦਿੰਦੇ ਹਾਂ ਅਤੇ ਨਿਰਦੇਸ਼ ਦਿੰਦੇ ਹਾਂ ਕਿ ਸੰਜੈ ਸਿੰਘ ਨੂੰ ਨਿਯਮ ਤੇ ਸ਼ਰਤਾਂ ਤਹਿਤ ਕੇਸ ਦੇ ਪੈਂਡਿੰਗ ਰਹਿਣ ਦੌਰਾਨ ਜ਼ਮਾਨਤ 'ਤੇ ਰਿਹਾਅ ਕੀਤਾ ਜਾਵੇ।' ਬੈਂਚ ਨੇ ਕਿਹਾ ਕਿ ਸੰਜੈ ਸਿੰਘ ਨੂੰ ਦਿੱਤੀ ਗਈ ਜ਼ਮਾਨਤ ਨੂੰ 'ਮਿਸਾਲ' ਵਜੋਂ ਨਹੀਂ ਲਿਆ ਜਾਵੇਗਾ। ਇਸ ਹੁਕਮ ਨਾਲ ਕੇਜਰੀਵਾਲ ਸਮੇਤ ਜੇਲ੍ਹ 'ਚ ਬੰਦ 'ਆਪ' ਦੇ ਹੋਰ ਆਗੂਆਂ ਨੂੰ ਰਾਹਤ ਨਹੀਂ ਮਿਲਣ ਵਾਲੀ। ਸੰਜੈ ਸਿੰਘ ਦੀ ਪਤਨੀ ਅਨੀਤਾ ਸਿੰਘ ਨੇ ਕਿਹਾ ਕਿ ਉਸ ਦੇ ਤਿੰਨ ਭਰਾਵਾਂ ਅਰਵਿੰਦ ਕੇਜਰੀਵਾਲ, ਸਿਸੋਦੀਆ ਤੇ ਸਤੇਂਦਰ ਜੈਨ ਦੇ ਹੁਣ ਵੀ ਜੇਲ੍ਹ ਅੰਦਰ ਹੋਣ ਕਾਰਨ ਖੁਸ਼ੀਆਂ ਅਧੂਰੀਆਂ ਹਨ।

ਸਫਾ 1 ਦਾ ਬਾਕੀ

## ਪੰਜਾਬ ਪੁਲਿਸ, ਅਰਧ-ਸੈਨਿਕ ਬਲਾਂ ਨੇ ਸੂਬੇ ਭਰ 'ਚ ਚਲਾਇਆ...

ਦੋ-ਦੋ ਪੁਲਿਸ ਟੀਮਾਂ ਤਾਇਨਾਤ ਕਰਨ ਲਈ ਕਿਹਾ ਗਿਆ ਸੀ। ਉਨ੍ਹਾਂ ਕਿਹਾ, "ਅਸੀਂ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਸਖ਼ਤੀ ਨਾਲ ਹਦਾਇਤ ਕੀਤੀ ਸੀ ਕਿ ਉਹ ਇਸ ਕਾਰਵਾਈ ਦੌਰਾਨ ਹਰ ਹਰੇਕ ਆਮੋ-ਖ਼ਾਸ ਨਾਲ ਨਿਮਰਤਾ ਨਾਲ ਪੇਸ਼ ਆਉਣ।"

ਉਨ੍ਹਾਂ ਕਿਹਾ ਕਿ ਲੋਕਾਂ ਦੀ ਘੱਟੋ-ਘੱਟ ਅਸੁਵਿਧਾ ਨੂੰ ਯਕੀਨੀ ਬਣਾਉਣ ਨੂੰ ਧਿਆਨ ਵਿਚ ਰੱਖਦਿਆਂ, ਸੂਬੇ ਦੇ ਵੱਖ-ਵੱਖ ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ 'ਤੇ ਸ਼ੱਕੀ ਵਿਅਕਤੀਆਂ ਦੀ ਭਾਲ ਕਰਨ ਲਈ, 2000 ਤੋਂ ਵੱਧ ਪੁਲਿਸ ਕਰਮੀਆਂ ਦੀ ਨਫ਼ਰੀ ਵਾਲੀਆਂ 221 ਪੁਲਿਸ ਟੀਮਾਂ ਤਾਇਨਾਤ ਕੀਤੀਆਂ ਗਈਆਂ।

ਉਨ੍ਹਾਂ ਦੱਸਿਆ ਕਿ ਸੂਬੇ ਦੇ 193 ਰੇਲਵੇ ਸਟੇਸ਼ਨਾਂ ਅਤੇ 162 ਬੱਸ ਅੱਡਿਆਂ 'ਤੇ ਚਲਾਏ ਗਏ ਇਸ ਤਲਾਸ਼ੀ ਅਭਿਆਨ ਦੌਰਾਨ 3851 ਤੋਂ ਵੱਧ ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਲਈ ਗਈ ਅਤੇ ਵਾਹਨ ਐਪ ਦੀ ਵਰਤੋਂ ਕਰਕੇ ਪੁਲਿਸ ਟੀਮਾਂ ਨੇ ਰੇਲਵੇ ਸਟੇਸ਼ਨਾਂ ਅਤੇ ਬੱਸ ਸਟੈਂਡਾਂ ਦੀ ਪਾਰਕਿੰਗ 'ਚ ਖੜ੍ਹੇ 3002 ਵਾਹਨਾਂ ਦੀ ਚੈਕਿੰਗ ਵੀ ਕੀਤੀ। ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਵੱਲੋਂ ਗੈਰ-ਜ਼ਮਾਨਤੀ ਵਾਰੰਟ (ਐੱਨ.ਬੀ.ਡਬਲਯੂਜ਼) ਲਾਗੂ ਕਰਨ ਲਈ ਵੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਸਪੈਸ਼ਲ ਡੀ.ਜੀ.ਪੀ. ਨੇ ਕਿਹਾ ਕਿ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਉਪਰੰਤ ਪੰਜਾਬ ਪੁਲਿਸ ਵੱਲੋਂ 1717 ਗੈਰ-ਜ਼ਮਾਨਤੀ ਵਾਰੰਟ ਲਾਗੂ ਕਰਵਾਏ ਗਏ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਅੰਤਰ-ਰਾਜੀ ਸਰਹੱਦਾਂ 'ਤੇ ਅਪਰਾਧੀਆਂ, ਗੈਰ-ਕਾਨੂੰਨੀ ਸ਼ਰਾਬ ਅਤੇ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖਣ ਲਈ ਵਿਆਪਕ ਰਣਨੀਤੀ ਤਿਆਰ ਕੀਤੀ ਹੈ। ਉਨ੍ਹਾਂ ਕਿਹਾ ਕਿ ਸੀ.ਪੀਜ਼/ਐੱਸ.ਐੱਸ.ਪੀਜ਼ ਨੂੰ ਪਹਿਲਾਂ ਹੀ ਸੂਬੇ ਭਰ ਵਿਚ ਵਿਸ਼ੇਸ਼ ਨਾਕੇ ਲਗਾਉਣ ਅਤੇ ਗਸ਼ਤ-ਪਾਰਟੀਆਂ ਨੂੰ ਆਪੋ-ਆਪਣੇ ਅਧਿਕਾਰ ਖੇਤਰਾਂ ਵਿਚ ਸਮਾਜ ਵਿਰੋਧੀ ਤੱਤਾਂ 'ਤੇ ਨਜ਼ਰ ਰੱਖਣ ਲਈ ਨਿਰਦੇਸ਼ ਦਿੱਤੇ ਗਏ ਹਨ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# PUNJAB MAIL USA

## TV Channel, Newspaper, Radio

**All over America, Canada, Australia & Europe**

## 24 Hours 7 Days



**Gold # 2867, Gem # 375, TV Zon # 6888,**

**Glow TV # 1828, Tashan # 131, Real TV etc.**

You can also watch on our website: PunjabMailUSA.com

**For any Information & Advertisement Call at**

**+1-916-280-8811 or +1-916-320-9444**

E-mail: punjabmailtv@gmail.com Web: punjabmailusa.com

# 'ਹਾਰਿਆਂ ਤਾਂ ਖ਼ੂਨ ਦੀ ਹੋਲੀ ਹੋਵੇਗੀ' ਟਰੰਪ ਦੀ ਧਮਕੀ ਦੇ ਕੀ ਅਰਥ ਹਨ?





-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
(Punjab Mail USA)


ਹਰ ਚੋਣ ਸਮੇਂ, ਯੋਗ ਉਮੀਦਵਾਰ ਹੋਣ ਦਾ ਦਾਅਵਾ ਕਰਨ ਵਾਲੇ ਵਿਅਕਤੀ ਵੱਖ-ਵੱਖ ਭਾਈਚਾਰਿਆਂ ਵਿਚ ਘੁੰਮਦੇ ਹਨ। ਉਹ ਤੁਹਾਡੇ ਚਰਚਾਂ, ਸਿੱਖ ਗੁਰਦੁਆਰਿਆਂ, ਹਿੰਦੂ ਮੰਦਰਾਂ, ਮੁਸਲਿਮ ਮਸਜ਼ਿਦਾਂ, ਇੱਥੋਂ ਤੱਕ ਕਿ ਤੁਹਾਡੇ ਸਕੂਲਾਂ, ਫੈਕਟਰੀਆਂ ਅਤੇ ਸਮਾਜਿਕ ਅਤੇ ਭਾਈਚਾਰਕ ਸੰਸਥਾਵਾਂ ਵਿਚ ਵੀ ਵੋਟਾਂ ਦੀ ਭੀਖ ਮੰਗਣ ਲਈ ਤੁਹਾਡੀ ਹਮਾਇਤ ਹਾਸਲ ਕਰਨ ਲਈ ਦਿਖਾਈ ਦਿੰਦੇ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਰਾਜਨੀਤਿਕ ਉਮੀਦਵਾਰਾਂ ਕੋਲ ਕਮਿਊਨਿਟੀ ਸੇਵਾ ਦੇ ਤਜ਼ਰਬਾ ਤਾਂ ਕੀ, ਉਸ ਨੂੰ ਭਾਈਚਾਰੇ ਬਾਰੇ ਕੋਈ ਉੜੇ ਐੜੇ ਦਾ ਗਿਆਨ ਤੱਕ ਵੀ ਨਹੀਂ ਹੁੰਦਾ। ਉਨ੍ਹਾਂ ਕੋਲ ਬਹੁਤ ਘੱਟ ਮਾਨਤਾ ਹੁੰਦੀ ਹੈ ਅਤੇ ਚੋਣਾਂ ਵਿਚ ਸਿਆਸੀ ਲੜਾਈ ਜਿੱਤਣ ਦੀਆਂ ਸੰਭਾਵਨਾਵਾਂ ਬਹੁਤ ਘੱਟ ਹੁੰਦੀਆਂ ਹਨ।

ਪਰ ਇਥੇ ਜਿਸ ਲੀਡਰ ਦੀ ਅਸੀਂ ਗੱਲ ਕਰਨ ਜਾ ਰਹੇ ਹਾਂ, ਉਹ ਨਾ ਤਾਂ ਲੋਕਾਂ 'ਚ ਨਵਾਂ ਚੇਹਰਾ ਹੈ, ਤੇ ਨਾ ਹੀ ਦੁਨੀਆਂ ਭਰ ਲਈ, ਪਰ ਉਸ ਦੀ ਹਉਮੈਂ, "ਮੈਂ" ਦੁਨੀਆਂ ਭਰ ਦਾ ਬਹੁਤ ਕੁਝ ਉਥਲ-ਪੁਥਲ ਕਰ ਸਕਦਾ ਹੈ ਤੇ ਉਹ ਡੰਕੇ ਦੀ ਚੋਟ 'ਤੇ ਕਰਦਾ ਹੈ। ਉਹ ਹੈ ਅਮਰੀਕਾ ਦੇ ਸਾਬਕਾ ਰਾਸ਼ਟਪਤੀ ਟਰੰਪ, ਜੋ ਦੂਜੀ ਵਾਰ ਚੋਣ ਮੈਦਾਨ ਵਿਚ ਹਨ। ਟਰੰਪ ਦੀ ਮੁਹਿੰਮ ਨੇ ਕਾਲੇ, ਹਿਸਪੈਨਿਕ, ਭਾਰਤੀ, ਚੀਨੀਆਂ ਜਾਂ ਕਿਸੇ ਵੀ ਦੱਖਣੀ ਏਸ਼ੀਆਈ ਭਾਈਚਾਰਿਆਂ ਦੇ ਮੁੱਲ ਪ੍ਰਤੀ ਆਪਣੀ ਅਣਦੇਖੀ ਨੂੰ ਛੁਪਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। "ਮੇਕ ਅਮਰੀਕਾ ਗ੍ਰੇਟ ਅਗੇਨ" ਅਮਰੀਕਾ ਵਿਚ ਇੱਕ ਜ਼ਬਰਦਸਤ ਪ੍ਰਭਾਵ ਦੇ ਰੂਪ ਵਿਚ ਉਭਰਿਆ ਹੈ, ਜਿਸ ਵਿਚ ਲੋਕਾਂ ਦੀ ਵੱਧ ਰਹੀ ਗਿਣਤੀ ਆਪਣੇ ਦੇਸ਼ ਨੂੰ ਮੁੜ ਉਪਰ ਚੁੱਕਣ, ਪ੍ਰਫੁਲਿਤ ਕਰਨ ਲਈ, ਦਾਅਵਾ ਕਰਨ ਦੀ ਲੋੜ ਮਹਿਸੂਸ ਕਰ ਰਹੇ ਹਨ।

ਉਹ ਟਰੰਪ ਦਾ ਸਾਥ ਦੇ ਕੇ ਵੱਡੇ ਪੱਧਰ 'ਤੇ ਇਕ ਵਿਲੱਖਣ ਦ੍ਰਿਸ਼ਟੀਕੋਣ ਨੂੰ ਗਲੇ ਲਗਾਉਂਦੇ ਹਨ। ਦੋਵਾਂ ਪਾਰਟੀਆਂ ਨੇ ਉਤਸ਼ਾਹ ਨਾਲ ਰਾਸ਼ਟਰਪਤੀ ਦੀਆਂ ਪ੍ਰਾਇਮਰੀਆਂ ਦੇ ਅਧਾਰ 'ਤੇ ਆਪਣੇ ਫੈਸਲਿਆਂ ਦਾ ਐਲਾਨ ਕੀਤਾ ਹੈ ਅਤੇ ਇਹ ਤਜ਼ਰਬੇਕਾਰ ਰਾਸ਼ਟਰਪਤੀਆਂ ਲਈ ਦੂਜੀ ਮਿਆਦ ਦੀ ਨਿਸ਼ਾਨਦੇਹੀ ਕਰ ਰਿਹਾ ਹੈ। ਰਾਸ਼ਟਰਪਤੀ ਬਾਇਡਨ ਦੋਵਾਂ ਵਿਚੋਂ ਵੱਡੇ ਹਨ ਅਤੇ ਜੇਕਰ ਉਹ ਦੂਜੀ ਵਾਰ ਜਿੱਤਣ, ਤਾਂ ਉਹ 81 ਸਾਲ ਦੇ ਹੋਣਗੇ।

ਟਰੰਪ ਚੁਣੇ ਜਾਣ 'ਤੇ 78 ਸਾਲ ਦੀ ਉਮਰ 'ਚ ਦੂਜਾ ਕਾਰਜਕਾਲ ਦੀ ਸ਼ੁਰੂਆਤ ਕਰਨਗੇ। ਇਹ ਦੋਨੋਂ ਅਗਲੇ ਅੱਠ ਮਹੀਨਿਆਂ ਵਿਚ, ਲੋਕਤੰਤਰ ਬੈਲਟ 'ਤੇ ਹੋਣਗੇ ਅਤੇ ਰਿਪਬਲਿਕਨ ਨਫ਼ਰਤ ਨਾਲ ਭਰੇ ਭਾਸ਼ਣ ਦੀ ਅਗਵਾਈ ਕਰਨਗੇ। ਟਰੰਪ ਨਫ਼ਰਤ ਪੈਦਾ ਕਰੇਗਾ ਅਤੇ ਲੋਕਤੰਤਰ ਨੂੰ ਕਮਜ਼ੋਰ ਕਰੇਗਾ। ਰਿਪਬਲਿਕਨ ਨਸਲਵਾਦ ਨੂੰ ਤਰਜੀਹ ਦੇਣਗੇ, ਜਿਸਦਾ ਕੋਈ ਸਾਧਾਰਨ ਹੱਲ ਨਹੀਂ ਹੋਵੇਗਾ। ਅਮਰੀਕਾ ਅਤੇ ਦੁਨੀਆਂ ਭਰ ਦੇ ਲੋਕਾਂ ਨੂੰ ਟਰੰਪ ਨੂੰ ਸਹਿਣ ਕਰਨਾ ਪਏਗਾ।

ਨਾਲ ਹੀ, ਟਰੰਪ ਨੇ ਮੁਹਿੰਮ ਦੌਰਾਨ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਇੱਕ ਤਾਨਾਸ਼ਾਹ ਹੋਵੇਗਾ ਅਤੇ ਇਹ ਕਿ "ਜਦੋਂ ਲੁੱਟ ਸ਼ੁਰੂ ਹੁੰਦੀ ਹੈ, ਕਤਲ ਸ਼ੁਰੂ ਹੋ ਜਾਂਦੇ ਹਨ।" ਦੂਜੇ ਸ਼ਬਦਾਂ ਵਿਚ, ਜਿਵੇਂ ਕਿ ਉਸਨੇ ਕਿਹਾ, "ਜੇ ਮੈਂ ਚੁਣਿਆ ਨਹੀਂ ਜਾਂਦਾ, ਅਮਰੀਕਾ ਵਿਚ ਖੂਨ ਦੀ ਹੋਲੀ ਹੋਵੇਗੀ।"

ਚੋਣਾਂ ਤੱਕ ਟਰੰਪ ਰਿਪਬਲਿਕਨ ਪਾਰਟੀ ਨੂੰ ਕੰਟਰੋਲ ਕਰਨਗੇ। ਟਰੰਪ ਦੇ ਕਰਮਚਾਰੀਆਂ ਨੂੰ ਨੌਕਰੀ ਦਿੱਤੀ ਜਾ ਰਹੀ ਹੈ, ਉਸਦੀ ਨੂੰਹ ਤੋਂ ਸ਼ੁਰੂ ਹੋ ਰਹੀ ਹੈ, ਜਦੋਂਕਿ ਕਈ ਹੋਰਾਂ ਨੂੰ ਬਰਖਾਸਤ ਕੀਤਾ ਜਾਵੇਗਾ ਅਤੇ ਟਰੰਪ ਮੁਹਿੰਮ ਫੰਡਾਂ ਨੂੰ ਨਿਯੰਤਰਿਤ ਅਤੇ ਪ੍ਰਬੰਧਨ ਕਰਨਗੇ। ਟਰੰਪ ਪੂਰੇ ਦੇਸ਼ ਦੇ ਸਾਹਮਣੇ ਰਿਪਬਲਿਕਨ ਪਾਰਟੀ ਨੂੰ ਖ਼ਤਮ ਕਰ ਰਿਹਾ ਹੈ, ਅਤੇ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਸਨੇ 87 ਵਾਰ ਕਾਨੂੰਨ ਦੀ ਉਲੰਘਣਾ ਕੀਤੀ ਹੈ।

ਪਰ ਜਿਵੇਂ ਉਸ 'ਤੇ ਕੇਸ ਚੱਲ ਰਹੇ ਹਨ, ਕੇਸਾਂ ਦੀ ਸੁਣਵਾਈ ਕੋਰਟਾਂ ਵਿਚ ਚੱਲ ਰਹੀ ਹੈ, ਉਨ੍ਹਾਂ ਤੋਂ ਲੱਗਦਾ ਹੈ ਕਿ ਬਾਇਡਨ ਸਰਕਾਰ ਉਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਕੇਸਾਂ ਵਿਚ ਮੁਜਰਮ ਸਾਬਿਤ ਕਰਕੇ ਚੋਣਾਂ ਤੋਂ ਬਾਹਰ ਕਰ ਦੇਣ, ਜੋ ਅਗਲੇ 8 ਮਹੀਨਿਆਂ ਵਿਚ ਹੋ ਵੀ ਸਕਦਾ ਹੈ। ਜਿਸ 'ਤੇ ਬਹੁਤ ਸਾਰੇ ਅਮਰੀਕੀਆਂ ਦੀ ਹੀ ਨਹੀਂ, ਬਲਕਿ ਸਾਰੀ ਦੁਨੀਆਂ ਭਰ ਦੇ ਲੋਕਾਂ ਅਤੇ ਲੀਡਰਾਂ ਦੀਆਂ ਅੱਖਾਂ ਹਨ।

ਰਾਜਨੀਤਿਕ ਖੋਜ ਇਹ ਵੀ ਮੰਨਦੀ ਹੈ ਕਿ ਗੈਰ-ਗੋਰਿਆਂ ਅਤੇ ਕਾਲਜ-ਪੜ੍ਹੇ ਲੋਕਾਂ ਸਮੇਤ ਵੋਟਰਾਂ ਦੇ ਵਿਸ਼ਾਲ ਗੱਠਜੋੜ ਕਾਰਨ ਡੈਮੋਕਰੇਟਸ ਸਫ਼ਲ ਹੋ ਰਹੇ ਹਨ। ਹਾਲਾਂਕਿ, ਗੈਰ-ਕਾਲਜ ਗੋਰੇ ਅਜੇ ਵੀ ਬਾਇਡਨ ਦੀਆਂ ਵੋਟਾਂ ਦਾ ਲਗਭਗ 32 ਫੀਸਦੀ ਹਿੱਸਾ ਹਨ। ਇਸ ਦੇ ਉਲਟ, ਬਾਇਡਨ ਦੀਆਂ 32 ਫੀਸਦੀ ਵੋਟਾਂ ਕਾਲੇ ਅਤੇ ਲੈਟਿਨੋ ਵੋਟਰਾਂ ਤੋਂ ਆਈਆਂ। ਟਰੰਪ ਦੇ ਗੱਠਜੋੜ ਦਾ ਵੱਡਾ ਹਿੱਸਾ ਚਿੱਟੇ ਲੋਕ ਹਨ ਹੈ, ਅਤੇ ਬਹੁਤ ਸਾਰੇ ਗੋਰੇ ਵੋਟਰਾਂ ਕੋਲ ਕਾਲਜ ਦੀਆਂ ਡਿਗਰੀਆਂ ਦੀ ਘਾਟ ਹੈ, ਜੇਕਰ ਸਾਫ਼ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਅਨਪੜ੍ਹਤਾਂ ਵਾਲੇ ਲੋਕ ਉਸ ਨਾਲ ਜੁੜੇ ਹੋਏ ਹਨ, ਜੋ ਲਾਈਲਗ ਬਣ ਟਰੰਪ ਦੇ ਹਰ ਗੱਲ ਨਾਲ ਸਹਿਮਤੀ ਪ੍ਰਗਟਾ ਰਹੇ ਹਨ, ਜੋ ਅਮਰੀਕਾ ਨੂੰ ਗਰੇਟ ਨਹੀਂ, ਅਮਰੀਕਾ ਦਾ ਸਭ ਕੁਝ ਦਾਅ 'ਤੇ ਲਗਵਾ ਦੇਵੇਗਾ।

ਟਰੰਪ ਨੇ "ਬਲੈਕ ਲਾਈਵਜ਼ ਮੈਟਰ" ਦੀ ਆਲੋਚਨਾ ਕੀਤੀ ਹੈ ਅਤੇ ਸਖ਼ਤ ਕਾਨੂੰਨ ਲਾਗੂ ਕਰਨ ਵਾਲੇ ਜਵਾਬ ਦੀ ਮੰਗ ਕੀਤੀ ਹੈ। ਪਿਛਲੇ ਵਾਰ ਰਾਸ਼ਟਰਪਤੀ ਹੋਣ ਦੇ ਨਾਤੇ, ਟਰੰਪ ਨੇ ਅਟਾਰਨੀ ਜਨਰਲ ਬਿਲ ਬਾਰ ਨੂੰ ਆਦੇਸ਼ ਦਿੱਤਾ ਕਿ ਉਹ ਸੈਂਕੜੇ ਯੋਗ ਰਿਹਾਈ ਕੀਤੇ ਗਏ ਦੋਸ਼ੀਆਂ ਨੂੰ ਰੋਕਣ ਲਈ, ਜਿਨ੍ਹਾਂ ਵਿਚ ਬਹੁਤ ਸਾਰੇ ਕਾਲੇ ਸਨ। ਇਹ ਕੋਸ਼ਿਸ਼ ਓਬਾਮਾ ਦੇ ਅਧੀਨ ਸ਼ੁਰੂ ਹੋਈ ਅਤੇ ਟਰੰਪ ਦੀ ਸਰਕਾਰ ਨੇ ਰਿਹਾਈ ਦੀਆਂ ਜ਼ਰੂਰਤਾਂ ਨੂੰ ਸਖ਼ਤ ਕਰਨ ਲਈ ਜ਼ੋਰ ਦਿੱਤਾ।

ਅਮਰੀਕਾ ਵਿਚ ਬਹੁਤ ਸਾਰੇ ਸਿੱਖਾਂ ਨੂੰ ਨਸਲਵਾਦ ਅਤੇ ਗਲਤ ਪਛਾਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫਿਰ ਵੀ ਕੋਈ ਵੀ ਉਮੀਦਵਾਰ ਇਨ੍ਹਾਂ ਅਦਿੱਖ ਭਾਈਚਾਰਿਆਂ ਦੀ ਸੁਰੱਖਿਆ ਦੀ ਲੋੜ ਵੱਲ ਧਿਆਨ ਨਹੀਂ ਦੇ ਰਿਹਾ ਹੈ।

ਕਾਲੇ ਅਤੇ ਹਿਸਪੈਨਿਕਾਂ ਟਰੰਪ ਦੇ ਝੂਠ ਅਤੇ ਨਸਲਵਾਦੀ ਵਿਚਾਰਾਂ ਦੀ ਅਲੋਚਰਨਾ ਕਰਦੇ ਹਨ। ਡੈਮੋਕਰੇਟਸ ਨੂੰ ਲੱਖਾਂ ਵੋਟਾਂ ਮਿਲਣੀਆਂ ਚਾਹੀਦੀਆਂ ਹਨ ਕਿਉਂਕਿ ਟਰੰਪ ਕਾਲੇ ਅਤੇ ਹਿਸਪੈਨਿਕਾਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਟਰੰਪ ਅਮਰੀਕੀ ਅਤੇ ਵਿਸ਼ਵ ਇਤਿਹਾਸ ਦੇ ਸਭ ਤੋਂ ਬੁਰੇ ਰਾਸ਼ਟਰਪਤੀਆਂ ਵਿਚੋਂ ਇੱਕ ਹਨ।

ਟਰੰਪ ਨੇ ਇੱਕ ਸੰਪੰਨ ਆਰਥਿਕਤਾ ਚਲਾਈ ਅਤੇ ਬਾਇਡਨ ਨੂੰ ਤੋੜ ਦਿੱਤਾ। ਟਰੰਪ ਦੀ ਆਰਥਿਕਤਾ ਪਿਛਲੇ ਪ੍ਰਸ਼ਾਸਨ ਤੋਂ ਪਿੱਛੇ ਹੈ। ਟਰੰਪ ਦੇ ਅਧੀਨ ਮਾੜੀ ਕਾਰਗੁਜ਼ਾਰੀ ਕਾਰਨ 10 ਮਿਲੀਅਨ ਨੌਕਰੀਆਂ ਦਾ ਨੁਕਸਾਨ ਹੋਇਆ ਅਤੇ ਨਿਰਮਾਣ ਵਿਚ ਗਿਰਾਵਟ ਆਈ।

ਕਾਲੇ, ਹਿਸਪੈਨਿਕ, ਭਾਰਤੀ, ਚੀਨੀ ਅਤੇ ਦੱਖਣੀ ਏਸ਼ੀਆਈ ਲੋਕ ਸ਼ਾਇਦ ਇਹ ਨਾ ਸਮਝ ਸਕਣ ਕਿ ਟਰੰਪ ਕਾਲੇ ਲੋਕਾਂ ਨਾਲ ਜੰਗ ਵਿਚ ਹਨ। ਜਦ ਟਰੰਪ ਭਾਰਤ ਗਿਆ ਸੀ, ਤਾਂ ਵਾਪਸ ਆ ਕੇ ਅਮਰੀਕਾ ਵਿਚ ਉਸ ਨੇ ਕਿਹਾ ਸੀ ਕਿ ਭਾਰਤ ਬਹੁਤ ਗੰਦਾ ਦੇਸ਼ ਹੈ। ਉਹ ਚੀਨ ਨਾਲ ਵੀ ਪੰਗਾ ਲੈਂਦਾ ਹੈ, ਫਿਰ ਨਸਲਵਾਦ ਨੂੰ ਮੁੱਖ ਰੱਖਦੇ ਹੋਏ ਮਹਾਂਮਾਰੀ ਦੇ ਸਮੇਂ ਕੋਵਿਡ ਨੂੰ ਇਕ ਮਜ਼ਾਕ ਜਿਹਾ ਦਰਸਾਉਂਦੇ ਹੋਏ ਦੁੱਗਣੇ ਲੋਕਾਂ ਨੂੰ ਮੌਤ ਦੇ ਮੂੰਹ ਵਿਚ ਧੱਕ ਦਿੱਤਾ। ਟਰੰਪ ਲੋਕਤੰਤਰ ਦੇ ਵਿਰੁੱਧ ਹੈ ਅਤੇ ਆਂਢ-ਗੁਆਂਢ ਜਾਂ ਰੰਗ ਦੇ ਲੋਕਾਂ ਦੀ ਕੋਈ ਪ੍ਰਵਾਹ ਨਹੀਂ ਕਰਦਾ।

ਸਥਿਤੀ ਦੀ ਜਾਂਚ ਕਰਦੇ ਸਮੇਂ, ਇਹ ਸਪੱਸ਼ਟ ਹੋ ਜਾਂਦਾ ਹੈ ਕਿ ਟਰੰਪ ਦੀ ਮੁੱਖ ਚਿੰਤਾ ਉਸਦੇ ਆਪਣੇ ਹਿੱਤਾਂ ਅਤੇ ਉਸਦੇ ਮੈਗਾ ਸਮਰਥਕਾਂ ਦੀ ਭਲਾਈ ਤੱਕ ਹੀ ਸੀਮਿਤ ਹੈ। ਜੋ ਅਮਰੀਕਾ ਅਤੇ ਸੰਸਾਰ ਭਰ ਦੇ ਲੋਕਾਂ ਲਈ ਸਹੀ ਨਹੀਂ ਹੈ, ਜਿਸ ਲਈ ਉਸ ਦਾ ਵੋਟਾਂ ਤੋਂ ਪਹਿਲਾਂ ਹੀ ਵੋਟਿੰਗ ਬੈਲਟ ਤੋਂ ਲਹਿ ਜਾਣ 'ਚ ਹੀ ਸੰਸਾਰ ਦੀ ਭਲਾਈ ਹੈ। ਕਿਉਂਕਿ ਜੋ ਨੇਤਾ ਲੋਕਾਂ ਨੂੰ ਹਾਰੇ ਜਾਣ 'ਤੇ ਖ਼ੂਨ ਦੀ ਹੌਲੀ ਖੇਡੇ ਜਾਣ ਦੀ ਧਮਕੀ ਦਿੰਦਾ ਹੈ, ਡਰਾਉਂਦਾ ਹੈ, ਉਹ ਜੇਕਰ ਰਾਸਟਰਪਤੀ ਬਣ ਜਾਏ, ਤਾਂ ਸੱਤਾ ਦੀ ਤਾਕਤ ਨਾਲ ਉਹ ਕੀ ਕੁਝ ਨਹੀਂ ਕਰ ਸਕਦਾ।

# ਇਤਿਹਾਸਕ ਗੁਰਦੁਆਰਾ ਸ੍ਰੀ ਬੀੜ ਗੁਰੂ ਜੰਡ ਸਾਹਿਬ ਪਾਤਸ਼ਾਹੀ 10ਵੀਂ



ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ, ਜਿਲ੍ਹਾ ਲੁਧਿਆਣਾ।
ਮੋਬ : 75279-31887
(Punjab Mail USA)




ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਬੀੜ ਗੁਰੂ ਜੰਡ ਸਾਹਿਬ ਇਤਿਹਾਸਕ ਗੁਰੂਘਰ ਹੈ। ਇਹ ਗੁਰੂਘਰ ਸ੍ਰੀ ਚਮਕੌਰ ਸਾਹਿਬ ਤੋਂ ਸੱਤ ਕਿਲੋਮੀਟਰ ਤੇ ਨਹਿਰ ਸਰਹਿੰਦ ਤੋਂ ਚਾਰ ਕਿਲੋਮੀਟਰ ਦੀ ਦੂਰੀ 'ਤੇ ਪੱਛਮ ਵੱਲ ਨੂੰ ਸੁਸ਼ੋਭਿਤ ਹੈ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ 7 ਪੋਹ ਦੀ ਰਾਤ ਮੁਗਲਾਂ ਨਾਲ ਯੁੱਧ ਕਰਨ ਉਪਰੰਤ ਕੱਚੀ ਗੜ੍ਹੀ ਸ੍ਰੀ ਚਮਕੌਰ ਸਾਹਿਬ ਤੋਂ ਪੰਜ ਪਿਆਰਿਆਂ ਦੇ ਹੁਕਮ ਨੂੰ ਪ੍ਰਵਾਨ ਕਰਦੇ ਹੋਏ ਗੁਰੂ ਜੀ ਨੇ ਚਮਕੌਰ ਦੀ ਗੜ੍ਹੀ ਛੱਡ ਕੇ ਮਾਛੀਵਾੜੇ ਵੱਲ੍ਹ ਨੂੰ ਚਾਲੇ ਪਾ ਦਿੱਤੇ। ਫਿਰ ਇਸ ਅਸਥਾਨ 'ਤੇ ਜੋ ਕਿ ਸ੍ਰੀ ਚਮਕੌਰ ਸਾਹਿਬ ਤੋਂ 7 ਕਿਲੋਮੀਟਰ ਦੀ ਦੂਰੀ 'ਤੇ ਹੈ, ਇਥੇ ਗੁਰੂ ਜੀ ਨੇ ਇੱਕ ਜੰਡ ਦੇ ਦਰੱਖਤ ਹੇਠਾਂ ਆ ਆਰਾਮ ਕੀਤਾ ਸੀ। ਗੁਰਦੁਆਰਾ ਬੀੜ ਗੁਰੂ ਜੰਡ ਸਾਹਿਬ ਵਾਲੇ ਸਥਾਨ 'ਤੇ ਇੱਕ ਜੰਡ ਦਾ ਦਰੱਖਤ ਹੁੰਦਾ ਸੀ, ਜੋ ਅੱਜ ਵੀ ਮੌਜੂਦ ਹੈ। ਇਸ ਬੀੜ ਵਿਚ ਮੱਝਾਂ ਚਾਰਦੇ ਅਲਫੂ ਤੇ ਗਾਮੂ ਨਾਂਅ ਦੇ ਦੋ ਬੰਦਿਆਂ ਨੂੰ ਜਦੋਂ ਗੁਰੂ ਜੀ ਦੇ ਇੱਥੇ ਆਰਾਮ ਕਰਨ ਬਾਰੇ ਪਤਾ ਲੱਗਾ, ਤਾਂ ਉਨ੍ਹਾਂ ਦੋਹਾਂ ਨੇ ਪੈਸਿਆਂ ਦੇ ਲਾਲਚ ਵਿਚ ਆ ਕੇ ਮੁਗਲ ਸੂਹੀਆਂ ਨੂੰ ਇਸ ਬਾਰੇ ਸੂਹ ਦੇਣ ਦੀ ਸੋਚੀ। ਇਸ ਬਾਰੇ ਜਦੋਂ ਗੁਰੂ ਜੀ ਨੂੰ ਪਤਾ ਲੱਗਾ, ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਬਹੁਤ ਸਮਝਾਇਆ ਕਿ ਉਹ ਮੁਖਬਰੀ ਵਾਲਾ ਕੰਮ ਨਾ ਕਰਨ ਤੇ ਡੰਗਰ ਪਾਲਣ ਦੇ ਕਿੱਤੇ ਤੱਕ ਹੀ ਸੀਮਤ ਰਹਿਣ। ਪਰ ਅਲਫੂ ਤੇ ਗਾਮੂ, ਗੁਰੂ ਜੀ ਦੇ ਸਮਝਾਉਣ 'ਤੇ ਵੀ ਨਾ ਮੰਨੇ, ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸੋਧ ਕੇ ਹਮੇਸ਼ਾਂ ਲਈ ਚੁੱਪ ਕਰਾ ਦਿੱਤਾ ਅਤੇ 8 ਪੋਹ ਦੀ ਰਾਤ ਨੂੰ ਗੁਰੂ ਸਾਹਿਬ ਜੀ ਨੇ ਝਾੜ ਸਾਹਿਬ ਵੱਲ੍ਹ ਨੂੰ ਚਾਲੇ ਪਾ ਦਿੱਤੇ।

ਇਹ ਇਤਿਹਾਸਕ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਨੇੜਲੇ ਪੰਜ ਪਿੰਡਾਂ ਫ਼ਤਹਿਪੁਰ ਮਹਿਤੂਤਾਂ, ਖੋਖਰਾ, ਰਹੀਮਾਬਾਦ, ਖਾਨਪੁਰ ਤੇ ਬੀੜ ਗੁਰੂ ਵਿਚੋਂ ਚੁਣੀ ਗਈ ਸਥਾਨਕ ਕਮੇਟੀ ਇਸ ਇਤਿਹਾਸਕ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਤੇ ਦੇਖਰੇਖ ਕਰਦੀ ਹੈ। ਇਸ ਗੁਰਦੁਆਰਾ ਬੀੜ ਗੁਰੂ ਜੰਡ ਸਾਹਿਬ ਦੇ ਨਾਂਅ 74 ਕਿੱਲੇ ਜ਼ਮੀਨ ਹੈ। ਜਿਸ ਜੰਡ ਹੇਠ ਗੁਰੂ ਜੀ ਨੇ ਆਰਾਮ ਕੀਤਾ ਸੀ, ਉਹ ਜੰਡ ਅੱਜ ਵੀ ਹਰਿਆ-ਭਰਿਆ ਹੈ ਤੇ ਸੰਗਤਾਂ ਨੂੰ ਖੁਸ਼ਬੂ ਤੇ ਗੁਰੂ ਸਾਹਿਬ ਦੀ ਪਵਿੱਤਰ ਛੋਹ ਵੰਡ ਰਿਹਾ ਹੈ। ਗੁਰਦੁਆਰੇ ਦੇ ਵਿਹੜੇ ਵਿਚ ਖਿੜੇ ਭਾਂਤ-ਭਾਂਤ ਦੇ ਫੁੱਲ ਵੀ ਸ਼ਰਧਾਲੂਆਂ ਨੂੰ ਖੁਸ਼ਬੂਆਂ ਵੰਡਦੇ ਹਨ। ਹਜ਼ਾਰਾਂ ਸੰਗਤਾਂ ਰੋਜ਼ਾਨਾਂ ਇਸ ਗੁਰੂਘਰ ਦੇ ਦਰਸ਼ਨ ਕਰਨ ਆਉਂਦੀਆਂ ਹਨ ਤੇ ਮਨ ਮੰਗੀਆਂ ਮੁਰਾਦਾਂ ਪਾਉਂਦੀਆਂ ਹਨ। ਲੰਗਰ ਦਾ ਅਟੁੱਟ ਪ੍ਰਬੰਧ ਹੈ ਤੇ ਰਿਹਾਇਸ਼ ਦਾ ਵੀ ਖੁੱਲ੍ਹਾ ਇੰਤਜ਼ਾਮ ਹੈ। ਇਸ ਇਤਿਹਾਸਕ ਅਸਥਾਨ ਦੇ ਦਰਸ਼ਨ ਕਰਕੇ ਮਨ ਖੁਸ਼ ਹੋ ਜਾਂਦਾ ਹੈ ਤੇ ਇਕ ਅਲੱਗ ਹੀ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਅਲੱਗ ਹੀ ਮਹਿਸੂਸ ਹੁੰਦਾ ਹੈ।

## 'ਜੋ ਦਿਖਾ, ਸੋ ਲਿਖਾ'

# ਰਾਜਸੀ ਪਾਰਟੀਆਂ ਨੇ ਛਿੱਕੇ 'ਤੇ ਟੰਗੇ ਸਿਧਾਂਤ ਅਤੇ ਵਿਚਾਰਧਾਰਾ

## ਹਰ ਪਾਸੇ ਹੋ ਰਿਹੈ ਦਲਬਦਲੀਆਂ ਦਾ ਖੇਲਾ

**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ
ਅਫਸਰ (ਰਿਟਾ.)
ਫੋਨ: 99158-36543
(Punjab Mail USA)



ਦੇਸ਼ ਦੇ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਵਲੋਂ 19ਵੀਆਂ ਲੋਕ ਸਭਾ ਦੀਆਂ ਚੋਣਾਂ ਦੇ ਐਲਾਨ ਨਾਲ ਹਰ ਪਾਸੇ ਚੋਣਾਂ ਦਾ ਬੁਖਾਰ ਸਿਖਰ 'ਤੇ ਪੁੱਜ ਚੁੱਕੈ। ਚੋਣਾਂ ਦੇ ਐਲਾਨ ਦੇ ਨਾਲ ਹੀ ਰਾਜਸੀ ਪਾਰਟੀਆਂ ਵਿਚ ਲੀਡਰਾਂ ਦਾ 'ਆਇਆ ਰਾਮ ਤੇ ਗਿਆ ਰਾਮ' ਦਾ ਪ੍ਰਚਲਨ ਤੇਜ਼ੀ ਨਾਲ ਸ਼ੁਰੂ ਹੋ ਚੁੱਕੈ। ਪਾਰਟੀਆਂ ਦੀ ਪ੍ਰੰਪਰਾਗਤ ਵਿਚਾਰਧਾਰਾ ਅਤੇ ਸਿਧਾਂਤ ਕਿਧਰੇ ਵੀ ਦਿਖਾਈ ਨਹੀਂ ਦੇ ਰਹੇ। ਹਰ ਹਾਲਤ ਵਿਚ ਵੱਧ ਤੋਂ ਵੱਧ ਸੀਟਾਂ ਜਿੱਤ ਕੇ ਸੱਤਾ ਹਥਿਆਉਣਾ ਪਾਰਟੀਆਂ ਦਾ ਇਕੋ ਇਕ ਮਕਸਦ ਜਾਪਦੈ। ਲੋਕ ਸਭਾ ਦੀਆਂ 543 ਸੀਟਾਂ ਲਈ ਚੋਣਾਂ 7 ਗੇੜਾਂ 'ਚ ਹੋਣੀਆਂ ਤੇ 19 ਅਪ੍ਰੈਲ ਨੂੰ ਪਹਿਲੇ ਗੇੜ ਅਤੇ 26 ਅਪ੍ਰੈਲ ਨੂੰ ਦੂਜੇ ਗੇੜ ਲਈ ਵੋਟਾਂ ਪੈਣਗੀਆਂ। 7, 13 ਤੇ 20 ਤੇ 25 ਮਈ ਤੇ ਪਹਿਲੀ ਜੂਨ ਨੂੰ ਕ੍ਰਮਵਾਰ ਤੀਜੇ, ਚੌਥੇ, ਪੰਜਵੇਂ, ਛੇਵੇਂ ਤੇ ਸੱਤਵੇਂ ਗੇੜ ਲਈ ਵੋਟਾਂ ਪੈਣਗੀਆਂ। ਵੋਟਾਂ ਦੀ ਗਿਣਤੀ ਅਤੇ ਨਤੀਜੇ 4 ਜੂਨ ਨੂੰ ਆਉਣਗੇ। ਪੰਜਾਬ 'ਚ ਆਖਰੀ ਗੇੜ 'ਚ 1 ਜੂਨ ਨੂੰ ਵੋਟਾਂ ਪੈਣਗੀਆਂ। ਇਸ ਦੇ ਨਾਲ 4 ਰਾਜਾਂ ਸਿੱਕਮ, ਉੜੀਸਾ, ਅਰੁਣਾਚਲ ਪ੍ਰਦੇਸ਼ ਤੇ ਆਂਧਰਾ ਪ੍ਰਦੇਸ਼ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਵੀ ਹੋਣਗੀਆਂ। ਦੁਨੀਆਂ ਦੇ ਸਭ ਤੋਂ ਵਡੇ ਲੋਕਤੰਤਰ ਦੇਸ਼ ਵਿਚ ਕਰੀਬ 97 ਕਰੋੜ ਰਜਿਸਟਰਡ ਵੋਟਰ ਨੇ, ਜਿਨ੍ਹਾਂ 'ਚ 47.1 ਕਰੋੜ ਮਹਿਲਾ ਵੋਟਰ ਹਨ, ਜਿਸ ਵਿਚ ਚੋਣਾਂ ਕਰਾਉਣ ਲਈ 10.5 ਲੱਖ ਤੋਂ ਵੱਧ ਪੋਲਿੰਗ ਸਟੇਸ਼ਨ ਬਣਾਏ ਹਨ। 55 ਲੱਖ ਈ.ਵੀ.ਐੱਮ. ਦੀ ਵਰਤੋਂ ਹੋਵੇਗੀ। ਪਹਿਲੇ ਗੇੜ ਲਈ 102 ਸੀਟਾਂ, ਦੂਜੇ ਗੇੜ 'ਚ 89 ਸੀਟਾਂ, ਤੀਜੇ ਗੇੜ 'ਚ 94 ਸੀਟਾਂ, ਚੌਥੇ ਗੇੜ 'ਚ 96 ਸੀਟਾਂ, ਪੰਜਵੇਂ ਗੇੜ 'ਚ 49 ਸੀਟਾਂ, ਛੇਵੇਂ ਗੇੜ 'ਚ 57 ਸੀਟਾਂ ਤੇ ਸੱਤਵੇਂ ਗੇੜ 'ਚ 57 ਸੀਟਾਂ 'ਤੇ ਵੋਟਾਂ ਪੈਣਗੀਆਂ। ਜਨਤਾ ਨੇ ਪਿਛਲੇ 75 ਸਾਲਾਂ ਵਿਚ ਸਭ ਧਿਰਾਂ ਨੂੰ ਮੌਕਾ ਦੇ ਕੇ ਦੇਖਿਐ, ਪਰ ਸਤਾ ਵਿਚ ਆਉਣ 'ਤੇ ਸਭ ਇਕੋ ਥੈਲੀ ਦੇ ਚੱਟੇ-ਬੱਟੇ ਸਾਬਿਤ ਹੋਏ ਨੇ। ਹੁਣ ਚੋਣਾਂ ਵਿਚ ਫਿਰ ਭੋਲੇ ਲੋਕ ਇਨ੍ਹਾਂ ਦੇ ਹਮਾਇਤੀ ਬਣ ਕੇ ਰੈਲੀਆਂ ਵਿਚ ਨਾਹਰੇ ਲਗਾਉਂਦੇ ਨਜ਼ਰ ਆਉਣਗੇ। ਪਿਛਲੀਆਂ 2019 ਦੀਆਂ ਚੋਣਾਂ ਵਿਚ ਬੀ.ਜੇ.ਪੀ. ਦੇ ਹਿੱਸੇ 303 ਸੀਟਾਂ ਦਿੱਤੀਆਂ ਅਤੇ ਕਾਂਗਰਸ ਹਿੱਸੇ ਸਿਰਫ 52 ਸੀਟਾਂ ਆਈਆਂ। ਹੁਣ ਫਿਰ ਚੋਣਾਂ ਲਈ ਸਾਰੀਆਂ ਪਾਰਟੀਆਂ ਨੇ ਕਮਰਕੱਸੇ ਕਸ ਲਏ ਹਨ ਅਤੇ ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਗੋਟੀਆਂ ਫਿਟ ਕਰਨੀਆਂ ਸ਼ੁਰੂ ਨੇ। ਇਸ ਵਾਰ ਲੋਕ ਸਭਾ ਚੋਣਾਂ ਬਹੁਤ ਹੀ ਅਹਿਮ ਹੋਣ ਜਾ ਰਹੀਆਂ ਨੇ ਅਤੇ ਸਮਝਿਆ ਜਾਂਦੈ ਕਿ ਚੋਣ ਨਤੀਜਿਆਂ ਨਾਲ ਦੇਸ਼ ਦੀ ਦਿਸ਼ਾ ਅਤੇ ਦਸ਼ਾ ਤੈਅ ਹੋਵੇਗੀ।



### ਐੱਨ.ਡੀ.ਏ. ਅਤੇ ਇੰਡੀਆ ਗਠਜੋੜ ਆਹਮਣੇ ਸਾਹਮਣੇ

ਇਸ ਵਾਰ ਬੀ.ਜੇ.ਪੀ. ਦੀ ਅਗਵਾਈ ਵਾਲੇ ਐੱਨ.ਡੀ.ਏ. ਗਠਜੋੜ ਨੂੰ ਕਾਂਗਰਸ ਪਾਰਟੀ ਦੀ ਅਗਵਾਈ ਵਿਚ 26 ਵਿਰੋਧੀ ਪਾਰਟੀਆਂ ਦੇ 'ਇੰਡੀਆ' ਗੱਠਜਜੋੜ ਤੋਂ ਸਖ਼ਤ ਟੱਕਰ ਮਿਲਦੀ ਦਿਖਦੀ ਹੈ। ਇਸ ਸਮੇਂ ਸਾਰੀਆਂ ਪਾਰਟੀਆਂ ਦੂਜੀ ਧਿਰ ਦੇ ਖੇਮੇ ਵਿਚ ਸੰਨ੍ਹ ਲਗਾਉਣ ਲਈ ਪੂਰੀ ਤਾਕਤ ਲਗਾ ਰਹੀਆਂ ਨੇ। ਬੀ.ਜੇ.ਪੀ. ਵਲੋਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਲੀਡਰਾਂ ਨੂੰ ਸ਼ਾਮਲ ਕਰਾ ਕੇ ਉਮੀਦਵਾਰ ਬਣਾਇਆ ਗਿਐ। ਐੱਨ.ਡੀ.ਏ. ਗਠਜੋੜ ਦੀ ਪ੍ਰਚਾਰ ਮੁਹਿੰਮ ਦੀ ਕਮਾਨ ਮੁੱਖ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ ਹੈ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਸਾਰੀ ਲੀਡਰਸ਼ਿਪ ਚੋਣ ਪ੍ਰਚਾਰ ਵਿਚ ਸਰਗਰਮ ਹੈ। ਵਿਰੋਧੀ "ਇੰਡੀਆ" ਗਠਜੋੜ ਦੀ ਸ਼ੁਰੂਆਤ ਸੀਟਾਂ ਦੀ ਵੰਡ ਦੇ ਰਫੜ ਕਰਨ ਕਾਫੀ ਢਿੱਲੀ ਚੱਲ ਰਹੀ, ਪਰ ਦਿੱਲੀ ਦੇ ਰਾਮਲੀਲਾ ਮੈਦਾਨ ਵਿਚ ਵਿਰੋਧੀ ਪਾਰਟੀਆਂ ਕੌਮੀ ਪੱਧਰ ਦੀ ਵਿਸ਼ਾਲ ਰੈਲੀ ਨਾਲ ਵਿਰੋਧੀ ਪਾਰਟੀਆਂ ਦੀ ਏਕਤਾ ਨੂੰ ਕਾਫੀ ਬਲ ਮਿਲਿਆ ਦਿੱਸਦੈ। ਚੋਣਾਂ ਤੋਂ ਪਹਿਲਾਂ ਈ.ਡੀ. ਵੱਲੋਂ ਦਿਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੁਰੇਨ ਦੀ ਗ੍ਰਿਫਤਾਰੀ 'ਇੰਡੀਆ' ਗਠਜੋੜ ਲਈ ਆਕਸੀਜਨ ਦਾ ਕੰਮ ਕਰਦੀ ਦਿੱਸਦੀ ਹੈ। ਰੈਲੀ ਵਿਚ ਸਾਰੀਆਂ ਵਿਰੋਧੀ ਪਾਰਟੀਆਂ ਦੇ ਪ੍ਰਮੁੱਖ ਲੀਡਰਾਂ ਨੇ ਦੇਸ਼ ਵਿਚ ਲੋਕਤੰਤਰ ਬਚਾਉਣ ਦਾ ਹੋਕਾ ਦਿੱਤੈ। ਇਨਕਮ ਟੈਕਸ ਵੱਲੋਂ ਚੋਣਾਂ ਸਮੇਂ ਇੰਡੀਆ ਗਠਜੋੜ ਦੀ ਮੁੱਖ ਪਾਰਟੀ ਕਾਂਗਰਸ ਦੇ ਬੈਂਕ ਖਾਤੇ ਸੀਲ ਕਰਨ ਨਾਲ ਵੀ ਵਿਰੋਧੀ ਖੇਮੇ ਨੂੰ ਲੋਕਾਂ ਦੀ ਹਮਦਰਦੀ ਮਿਲ ਸਕਦੀ ਹੈ। ਵਿਰੋਧੀ ਲੀਡਰ ਭਾਜਪਾ ਅਤੇ ਆਰ.ਐੱਸ.ਐੱਸ. ਨੂੰ ਲੋਕਤੰਤਰ ਲਈ ਵੱਡਾ ਖਤਰਾ ਗਰਦਾਨ ਰਹੇ ਨੇ। ਪੱਛਮੀ ਬੰਗਾਲ ਵਿਚ ਐੱਨ.ਡੀ.ਏ. ਤੋਂ ਲਾਂਭੇ ਰਹਿ ਕੇ ਚੋਣਾਂ ਲੜ ਰਹੀ ਮਮਤਾ ਬੈਨਰਜੀ ਦੀ ਟੀ.ਐੱਮ.ਸੀ. ਵੱਲੋਂ ਵੀ ਇੰਡੀਆ ਗਠਜੋੜ ਦਾ ਸਾਥ ਦੇਣ ਨਾਲ ਵਿਰੋਧੀ ਖੇਮਾ ਉਤਸ਼ਾਹਿਤ ਦਿੱਸਦੈ। ਉਸੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੇਰਠ ਵਿਚ ਭਾਜਪਾ ਦੇ ਚੋਣ ਪ੍ਰਚਾਰ ਲਈ ਆਯੋਜਿਤ ਐੱਨ.ਡੀ.ਏ. ਦੀ ਵੱਡੀ ਰੈਲੀ ਵਿਚ ਕਿਹੈ ਕਿ ਵਿਰੋਧੀ ਪਾਰਟੀਆਂ ਦੇ ਭ੍ਰਿਸ਼ਟਾਚਾਰੀਆਂ ਨੂੰ ਬਖਸ਼ਿਆ ਨਹੀਂ ਜਾਏਗਾ। ਬਿਹਾਰ ਵਿਚ ਨਿਤੀਸ਼ ਕੁਮਾਰ ਵੱਲੋਂ ਇੰਡੀਆ ਗਠਜੋੜ ਨੂੰ ਛੱਡ ਕੇ ਬੀ.ਜੇ.ਪੀ. ਨਾਲ ਹੱਥ ਮਿਲਾਉਣ ਦੇ ਝਟਕੇ ਨੂੰ ਆਰ.ਜੇ.ਡੀ. ਦੇ ਤਪੱਸਵੀ ਯਾਦਵ ਨੇ ਨਿਰਅਸਰ ਕਰਨ ਵਿਚ ਸਫਲ ਦਿੱਸਦੇ ਨੇ। ਚੋਣਾਂ ਵਿਚ ਦੋਵੇਂ ਖੇਮੇ ਆਪਣੇ ਵੱਡੇ ਲੀਡਰਾਂ ਨੂੰ ਮੁਕਾਬਲੇ ਵਿਚ ਉਤਰ ਰਹੇ ਨੇ। ਜਿੱਥੇ ਬੀ.ਜੇ.ਪੀ. ਨੇ ਬਹੁਤ ਸਾਰੇ ਕੇਂਦਰੀ ਮੰਤਰੀਆਂ ਦੇ ਨਾਲ ਸੀਨੀਅਰ ਲੀਡਰਾਂ ਨੂੰ ਟਿਕਟਾਂ ਦਿੱਤੀਆਂ ਨੇ, ਉੱਥੇ ਹੀ ਕਾਂਗਰਸ ਪਾਰਟੀ ਵੱਲੋਂ ਵੀ ਚੋਟੀ ਦੇ ਲੀਡਰਾਂ ਨੂੰ ਮੈਦਾਨ ਵਿਚ ਉਤਾਰਿਆ ਜਾ ਰਿਹੈ। ਉੱਤਰ ਪ੍ਰਦੇਸ਼ ਵਿਚ ਸਮਝੌਤੇ ਤਹਿਤ ਸਮਾਜਵਾਦੀ ਪਾਰਟੀ 63 ਅਤੇ ਕਾਂਗਰਸ 17 ਸੀਟਾਂ 'ਤੇ ਚੋਣਾਂ ਲੜੇਗੀ। ਦੱਖਣੀ ਰਾਜਾਂ ਵਿਚ ਵੀ ਇੰਡੀਆ ਗਠਜੋੜ ਅਤੇ ਉੱਤਰੀ ਰਾਜਾਂ ਵਿਚ ਬੀ.ਜੇ.ਪੀ. ਭਾਰੂ ਨਜ਼ਰ ਆ ਰਹੀ ਹੈ। 'ਇੰਡੀਆ' ਗੱਠਜੋੜ ਨੂੰ ਕਈ ਝਟਕੇ ਲੱਗਣ ਤੋਂ ਬਾਅਦ ਹੁਣ ਇਕ ਵਾਰ ਫਿਰ ਇਹ ਆਪਣੇ ਪੈਰਾਂ 'ਤੇ ਖੜ੍ਹਾ ਦਿਖਾਈ ਦੇ ਰਿਹੈ।





### ਪੰਜਾਬ ਵਿਚ ਦਲ ਬਦਲੀ ਜ਼ੋਰਾਂ 'ਤੇ

ਆਮ ਪੰਜਾਬ ਵਿਚ ਇਸ ਵਾਰ ਚਾਰ ਧਿਰਾਂ ਮੁਕਾਬਲਾ ਹੋਣ ਦੇ ਅਸਾਰ ਬਣੇ ਹੋਏ ਨੇ। ਕੋਈ ਵੀ ਪਾਰਟੀ ਇਸ ਸਮੇਂ ਜਨਤਾ ਵਿਚ ਬਹੁਤੀ ਸੁਖਾਲੀ ਸਥਿਤੀ ਵਿਚ ਦਿਖਾਈ ਨਹੀਂ ਦਿੰਦੀ। 'ਆਪ' ਅਤੇ ਕਾਂਗਰਸ ਦਾ ਦਿੱਲੀ, ਗੁਜਰਾਤ, ਹਰਿਆਣਾ ਅਤੇ ਚੰਡੀਗੜ੍ਹ ਵਿਚ ਸੀਟਾਂ ਦੀ ਵੰਡ ਬਾਰੇ ਸਮਝੌਤਾ ਹੋ ਚੁੱਕੈ, ਪਰ ਪੰਜਾਬ ਵਿਚ ਦੋਵੇਂ ਪਾਰਟੀਆਂ ਆਹਮਣੇ ਸਾਹਮਣੇ ਨੇ। ਫਿਰ ਵੀ ਦਿੱਲੀ ਰੈਲੀ ਵਿਚ ਲੀਡਰਸ਼ਿਪ ਦੀ ਇਕਸੁਰਤਾ ਤੋਂ ਪੰਜਾਬ ਵਿਚ ਮਿਲ ਕੇ ਚੋਣਾਂ ਲੜਨ ਦੇ ਆਸਾਰ ਜਾਪਦੇ ਨੇ। ਇਸ ਸਮੇਂ ਵੱਡੀ ਪੱਧਰ 'ਤੇ ਦਲ ਬਦਲੀਆਂ ਦਾ ਚੱਕਰ ਚੱਲ ਰਿਹੈ ਅਤੇ ਰੋਜ਼ਾਨਾਂ ਵੱਡੇ ਲੀਡਰਾਂ ਵਲੋਂ ਪਾਰਟੀ ਛੱਡ ਕੇ ਦੂਜੀ ਵਿਚ ਸ਼ਾਮਲ ਹੋਣ ਦੇ ਧਮਾਕੇ ਪੈ ਰਹੇ ਨੇ, ਜੋ ਆਉਂਦੇ ਦਿਨਾਂ ਵਿਚ ਹੋਰ ਤੇਜ਼ ਹੋ ਸਕਦੇ ਨੇ। ਸੱਤਾਧਾਰੀ ਆਮ ਆਦਮੀ ਪਾਰਟੀ ਆਪਣੇ ਇਮਾਨਦਾਰੀ, ਸਾਦਗੀ ਅਤੇ ਮਜ਼ਬੂਤ ਲੋਕਪਾਲ ਵਰਗੇ ਮੁੱਦਿਆਂ ਤੋਂ ਲਾਂਭੇ ਜਾਣ 'ਤੇ ਲੋਕਾਂ ਦੇ ਮਨਾਂ ਵਿਚੋਂ ਉਤਰੀ ਜਾਪਦੀ ਹੈ। ਇਸ ਦੇ ਸੁਪਰੀਮੋ ਕੇਜਰੀਵਾਲ, ਮੁਨੀਸ਼ ਸਿਸੋਦੀਆ, ਸੰਜੇ ਸਿੰਘ ਕਥਿਤ ਸ਼ਰਾਬ ਘੁਟਾਲੇ ਰਾਹੀਂ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੇ ਮਾਮਲੇ ਵਿਚ ਜੇਲ੍ਹ ਦੀ ਹਵਾ ਖਾ ਰਹੇ ਨੇ। ਅਜਿਹੇ ਵਿਚ ਮੁੱਖ ਮੰਤਰੀ ਭਗਵੰਤ ਮਾਨ ਉਪਰ ਹੀ ਪਾਰਟੀ ਦੀ ਸਮੁੱਚੀ ਪ੍ਰਚਾਰ ਮੁਹਿੰਮ ਦੀ ਜ਼ਿੰਮੇਵਾਰੀ ਆ ਪਈ ਹੈ। ਕਿਸਾਨੀ ਅਤੇ ਮੁਲਾਜ਼ਮ ਵੀ ਕਾਫੀ ਨਾਰਾਜ਼ ਨੇ। 'ਆਪ' ਵੱਲੋਂ ਪਹਿਲ ਕਰਕੇ ਪੰਜਾਬ ਵਿਚ 13 ਵਿਚੋਂ ਅੱਠ ਸੀਟਾਂ 'ਤੇ ਐਲਾਨੇ ਉਮੀਦਵਾਰਾਂ ਵਿਚੋਂ ਇਕ ਸੁਸ਼ੀਲ ਕੁਮਾਰ ਰਿੰਕੂ ਪਾਰਟੀ ਛੱਡ ਕੇ ਬੀ.ਜੇ.ਪੀ. ਜਲੰਧਰ ਤੋਂ ਉਮੀਦਵਾਰ ਬਣ ਚੁੱਕੈ। ਬੀ.ਜੇ.ਪੀ. ਵੱਲੋਂ ਸੂਬੇ ਵਿਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਵੱਡਾ ਖੋਰਾ ਲਗਾਇਆ ਜਾ ਰਿਹੈ ਅਤੇ ਸੀਟਾਂ 'ਤੇ ਮਜ਼ਬੂਤ ਉਮੀਦਵਾਰ ਦੇਣ ਲਈ ਯਤਨਸ਼ੀਲ ਹੈ। ਕਾਂਗਰਸ ਦੇ ਬਹੁਤੇ ਲੀਡਰ ਚੋਣ ਲੜਨ ਤੋਂ ਭੱਜਦੇ ਦਿੱਸਦੇ ਨੇ, ਪਰ ਚਰਨਜੀਤ ਚੰਨੀ, ਸੁਖਪਾਲ ਖਹਿਰਾ ਅਤੇ ਪ੍ਰਗਟ ਸਿੰਘ ਹਿੱਕ ਡਾਹੁਣ ਲਈ ਅੱਗੇ ਆਏ ਨੇ। ਕਾਂਗਰਸ ਉਮੀਦਵਾਰਾਂ ਦੀ ਲਿਸਟ ਵੀ ਜਲਦੀ ਆ ਸਕਦੀ ਹੈ। ਕਾਂਗਰਸ ਦੀ ਸਾਂਸਦ ਪਰਨੀਤ ਕੌਰ ਵੀ ਪਾਰਟੀ ਨੂੰ ਅਲਵਿਦਾ ਕਹਿ ਕੇ ਬੀ.ਜੇ.ਪੀ. ਦੀ ਪਟਿਆਲਾ ਤੋਂ ਉਮੀਦਵਾਰ ਬਣ ਚੁੱਕੀ ਹੈ। ਸਾਂਸਦ ਮੈਂਬਰ ਰਵਨੀਤ ਸਿੰਘ ਬਿੱਟੂ ਪਲਟੀ ਮਾਰਕੇ ਬੀ.ਜੇ.ਪੀ. ਦੇ ਲੁਧਿਆਣਾ ਤੋਂ ਉਮੀਦਵਾਰ ਬਣੇ ਨੇ। 'ਆਪ' ਦੇ ਪਟਿਆਲਾ ਤੋਂ ਸਾਬਕਾ ਸੰਸਦ ਧਰਮਵੀਰ ਗਾਂਧੀ ਕਾਂਗਰਸ ਵਿਚ ਸ਼ਾਮਲ ਹੋ ਗਏ ਅਤੇ ਉਹ ਪਟਿਆਲਾ ਸੀਟ ਤੋਂ ਕਾਂਗਰਸ ਦੇ ਉਮੀਦਵਾਰ ਹੋ ਸਕਦੇ ਨੇ। ਅਕਾਲੀ ਦਲ ਵੀ ਇਸ ਵਾਰ ਇਕੱਲੇ ਹੀ ਚੋਣ ਮੈਦਾਨ ਵਿਚ ਉਤਰ ਰਿਹੈ ਅਤੇ ਅਜੇ ਤੱਕ ਇਕ ਵੀ ਉਮੀਦਵਾਰ 'ਤੇ ਫੈਸਲਾ ਨਹੀਂ ਲੈ ਸਕਿਆ। ਕੁੱਲ ਮਿਲਾ ਕੇ ਦੇਖਿਆ ਜਾਏ, ਤਾਂ ਸਾਰੀਆਂ ਰਾਜਸੀ ਪਾਰਟੀਆਂ ਆਪਣੇ ਸਿਧਾਂਤ ਅਤੇ ਵਿਚਾਰਧਾਰਾ ਨੂੰ ਛੱਡ ਮੌਕਾਪ੍ਰਸਤੀ ਦੇ ਰਾਹ ਪੈ ਚੁੱਕੀਆਂ ਨੇ ਅਤੇ ਇਸ ਸਮੇਂ ਦਲ ਬਦਲੀਆਂ ਦਾ ਦੌਰ ਹੋਰ ਤੇਜ਼ ਹੋਣ ਦੀ ਸੰਭਾਵਨਾ ਦਿੱਸਦੀ ਹੈ।

ਅਜਿਹੇ ਸ਼ੋਰ ਸ਼ਰਾਬੇ ਵਿਚ ਮਹਿੰਗਾਈ ਅਤੇ ਬੇਰੁਜ਼ਗਾਰੀ ਨਾਲ ਪਿਸਦੀ ਗ਼ਰੀਬ ਜਨਤਾ ਦੀ ਦਸ਼ਾ ਵੱਲ ਕਿਸੇ ਦਾ ਧਿਆਨ ਜਾਂਦਾ ਦਿਖਾਈ ਨਹੀਂ ਦੇ ਰਿਹੈ। ਬਹੁਚਰਚਿਤ ਰੰਗਲੇ ਪੰਜਾਬ ਦਾ ਸੁਪਨਾ ਵੀ ਮ੍ਰਿਗ ਤ੍ਰਿਸ਼ਨਾ ਵਾਂਗ ਹੀ ਜਾਪਦੈ।

# ਸਿਆਸੀ ਦਲ, ਆਰਥਿਕ ਸੁਪਨੇ ਅਤੇ ਚੋਣਾਂ




ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)



ਭਾਰਤੀ ਲੋਕਤੰਤਰ ਵਿਚ ਸਿਆਸੀ ਪਾਰਟੀਆਂ ਵਲੋਂ ਲਗਾਤਾਰ ਵੋਟਰਾਂ ਨੂੰ ਭਰਮਾਉਣ ਲਈ ਦਿਲਖਿੱਚਵੇਂ ਆਰਥਿਕ ਸੁਪਨੇ ਵਿਖਾਏ ਜਾਂਦੇ ਹਨ। ਬਿਜਲੀ ਦੇ ਬਿੱਲ ਮੁਆਫ਼ ਕਰਨਾ, ਸਬਸਿਡੀਆਂ ਦੇਣਾ ਆਦਿ ਇਨ੍ਹਾਂ ਸੁਪਨਿਆਂ 'ਚ ਸ਼ਾਮਲ ਹੈ। ਚੋਣਾਂ ਸਮੇਂ ਖ਼ਾਸ ਕਰਕੇ ਦੇਸ਼ ਦੀਆਂ ਮੁੱਖ ਲੋਕ ਸਭਾ ਚੋਣਾਂ ਸਮੇਂ ਤਾਂ ਇਨ੍ਹਾਂ ਦੀ ਭਰਮਾਰ ਹੀ ਹੋ ਜਾਂਦੀ ਹੈ। ਦੇਸ਼ ਦੀ ਹਾਕਮ ਧਿਰ ਧੜਾਧੜ ਨਵੇਂ-ਨਵੇਂ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਦੀ ਹੈ, ਕਈ ਪੂਰੇ ਹੋਏ ਪ੍ਰਾਜੈਕਟਾਂ ਦਾ ਉਦਘਾਟਨ ਕਰਦੀ ਹੈ, ਪਰ ਕੀ ਇਹ ਪ੍ਰਾਜੈਕਟ ਪੂਰੇ ਹੁੰਦੇ ਹਨ ਜਾਂ ਇਹ ਸਿਰਫ਼ ਵੋਟਾਂ ਉਪਰੰਤ ਸੁਪਨਿਆਂ ਦਾ ਸ਼ਿੰਗਾਰ ਬਣਕੇ ਹੀ ਰਹਿ ਜਾਂਦੇ ਹਨ?

ਦੇਸ਼ ਦੇ ਆਰਥਿਕ ਵਿਕਾਸ ਦੀ ਜ਼ਿੰਮੇਵਾਰੀ ਸਰਕਾਰਾਂ ਦੇ ਮੋਢਿਆਂ 'ਤੇ ਹੁੰਦੀ ਹੈ। ਹਰ ਵਰ੍ਹੇ ਸਰਕਾਰ ਆਰਥਿਕ ਵਿਕਾਸ ਨੂੰ ਤਿੰਨ ਤਰੀਕਿਆਂ ਦੇ ਅੰਕੜਿਆਂ ਨਾਲ ਲੋਕ-ਕਚਿਹਰੀ 'ਚ ਪੇਸ਼ ਕਰਦੀ ਹੈ। ਪਹਿਲਾਂ ਬਜ਼ਟ, ਫਿਰ ਸੋਧਿਆ ਬਜ਼ਟ ਅਤੇ ਉਸ ਤੋਂ ਬਾਅਦ ਅਸਲ ਬਜ਼ਟ। ਇਹ ਅੰਕੜਿਆਂ ਦੀ ਜਾਦੂਗਰੀ ਹੁੰਦੀ ਹੈ, ਜਿਸ ਨਾਲ ਲੋਕਾਂ/ਵੋਟਰਾਂ ਨੂੰ ਗੁੰਮਰਾਹ ਕਰਨ ਦਾ ਯਤਨ ਸਰਕਾਰਾਂ ਕਰਦੀਆਂ ਹਨ।

ਸਭ ਤੋਂ ਪਹਿਲਾਂ ਬਜ਼ਟ ਪੇਸ਼ ਕਰਨ ਲੱਗਿਆਂ ਲੋਕਾਂ ਨੂੰ ਸੁਪਨੇ ਦਿਖਾਏ ਜਾਂਦੇ ਹਨ। ਸੋਧੇ ਹੋਏ ਬਜ਼ਟ ਵਿਚ ਬੀਤੇ ਹੋਏ ਅੱਠ ਜਾਂ ਨੌਂ ਮਹੀਨਿਆਂ ਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਸੁਪਨਿਆਂ 'ਚ ਤਬਦੀਲੀ ਕੀਤੀ ਜਾਂਦੀ ਹੈ ਅਤੇ ਨਵਾਂ ਵਿੱਤੀ ਸਾਲ ਸ਼ੁਰੂ ਹੋਣ ਦੇ ਬਾਅਦ ਪਿਛਲੇ ਸਾਲ ਦੇ ਮੁਕਾਬਲਤਨ ਅਧਿਐਨ ਨਾਲ ਅਸਲ ਹਾਲਤ ਦਰਸਾਈ ਜਾਂਦੀ ਹੈ। ਉਸ ਵੇਲੇ ਹੀ ਹਾਕਮਾਂ ਦੀ ਅਸਲੀਅਤ ਸਾਹਮਣੇ ਆਉਂਦੀ ਹੈ, ਕਿਉਂਕਿ ਆਮ ਲੋਕ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਸੁਪਨੇ ਤਾਂ ਪੂਰੇ ਹੀ ਨਹੀਂ ਹੋਏ, ਉਨ੍ਹਾਂ ਨੂੰ ਤਾਂ ਠੱਗਿਆ ਗਿਆ ਹੈ।

ਬਾਵਜੂਦ ਇਸ ਸਭ ਕੁਝ ਦੇ ਇਹ ਵਿਡੰਬਨਾ ਹੈ ਕਿ ਸਰਕਾਰਾਂ ਤੋਂ ਇਸ ਜਾਦੂਗਰੀ ਦਾ ਜਵਾਬ ਨਹੀਂ ਮੰਗਿਆ ਜਾਂਦਾ ਕਿ ਬਜ਼ਟ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਰੱਖੀ ਰਕਮ ਅਸਲ ਵਿਚ ਬਹੁਤ ਘੱਟ ਕਿਉਂ ਰਹਿ ਜਾਂਦੀ ਹੈ ਅਤੇ ਇਹ ਦੂਜੀਆਂ ਮੱਦਾਂ ਉਤੇ ਕਿਵੇਂ ਤੇ ਕਿਉਂ ਖ਼ਰਚ ਕਰ ਦਿੱਤੀ ਜਾਂਦੀ ਹੈ।

ਆਮ ਲੋਕ ਆਰਥਿਕ ਵਿਕਾਸ ਦੀਆਂ ਚਰਚਾਵਾਂ ਵਿਚ ਬਹੁਤਾ ਸ਼ਾਮਿਲ ਨਹੀਂ ਹੁੰਦੇ। ਮੋਟੇ ਤੌਰ 'ਤੇ ਤਾਂ ਉਨ੍ਹਾਂ ਨੂੰ ਤਨਖ਼ਾਹ ਵਿਚ ਨਿਯਮਤ ਵਾਧਾ ਹੀ ਆਰਥਿਕ ਵਿਕਾਸ ਦੇ ਮੱਦੇਨਜ਼ਰ ਸਭ ਤੋਂ ਵੱਧ ਦਿਲਖਿੱਚਵਾਂ ਲੱਗਦਾ ਹੈ। ਬਾਕੀ ਸਾਰੇ ਮਾਮਲਿਆਂ ਵਿਚ ਤਾਂ ਉਹ ਤਦੇ ਪ੍ਰਭਾਵਿਤ ਹੁੰਦੇ ਹਨ, ਜਦੋਂ ਉਸਦਾ ਉਲਟ ਅਸਰ ਉਨ੍ਹਾਂ ਦੀ ਰੋਜ਼ਾਨਾ ਨਿੱਜੀ ਜ਼ਿੰਦਗੀ 'ਤੇ ਪੈਂਦਾ ਹੈ। ਆਮ ਆਦਮੀ ਤਾਂ ਉਸ ਵੇਲੇ ਪ੍ਰਭਾਵਿਤ ਹੁੰਦਾ ਹੈ, ਜਦੋਂ ਰੋਜ਼ਾਨਾ ਜ਼ਿੰਦਗੀ 'ਚ ਉਸ ਵਲੋਂ ਵਰਤੀਆਂ ਜਾਂਦੀਆਂ ਚੀਜ਼ਾਂ ਦੇ ਭਾਅ ਵਧਦੇ ਹਨ ਅਤੇ ਉਸਨੂੰ ਇਹ ਚੀਜ਼ਾਂ ਖਰੀਦਣ ਲਈ ਹੱਥ ਘੁੱਟਣੇ ਪੈਂਦੇ ਹਨ। ਵੈਸੇ ਆਮ ਮਹਿੰਗਾਈ ਨੂੰ ਤਾਂ ਉਹ ਆਰਥਿਕ ਚੱਕਰ ਦਾ ਇਕ ਹਿੱਸਾ ਸਮਝਦਾ ਹੈ। ਉਦਾਹਰਨ ਵਜੋਂ ਕਦੇ ਪਿਆਜ ਦੀ ਕੀਮਤ 20 ਰੁਪਏ ਕਿਲੋ ਹੋ ਜਾਂਦੀ ਹੈ ਅਤੇ ਫਿਰ 100 ਰੁਪਏ ਕਿਲੋ ਤੇ ਮੁੜ ਫਿਰ 30 ਰੁਪਏ ਕਿਲੋ।

ਚੋਣਾਂ ਸਮੇਂ ਦਿੱਤੀਆਂ ਆਰਥਿਕ ਗਾਰੰਟੀਆਂ ਲੋਕਾਂ ਨੂੰ ਸੁਪਨੇ ਦਿਖਾਉਂਦੀਆਂ ਹਨ। ਇਨ੍ਹਾਂ ਗਾਰੰਟੀਆਂ ਦਾ ਪ੍ਰਚਾਰ ਵੋਟਾਂ ਇਕੱਠੀਆਂ ਕਰਨ ਲਈ ਲਗਾਤਾਰ ਕੀਤਾ ਜਾਂਦਾ ਹੈ। ਲਗਭਗ ਸਾਰੀਆਂ ਪਾਰਟੀਆਂ ਚੋਣਾਂ ਤੋਂ ਪਹਿਲਾਂ ਜਮ੍ਹਾਂ ਜ਼ੁਬਾਨੀ ਖ਼ਰਚ ਕਰਦੀਆਂ ਹਨ।

ਮੋਦੀ ਸਰਕਾਰ ਦੀਆਂ ਦਿੱਤੀਆਂ ਦਸ ਗਰੰਟੀਆਂ ਵਿਚ ਭਾਰਤ ਦੇ ਵਿਕਾਸ ਅਤੇ ਆਰਥਿਕ ਵਿਕਾਸ ਦੀ ਗਾਰੰਟੀ ਨੂੰ ਪਹਿਲ ਹੈ। ਇਨ੍ਹਾਂ ਵਿਚ ਨੌਜਵਾਨਾਂ ਲਈ ਰੁਜ਼ਗਾਰ, ਔਰਤਾਂ ਦਾ ਸ਼ਸ਼ਕਤੀਕਰਨ, ਕਿਸਾਨਾਂ ਦੀ ਭਲਾਈ ਮੁੱਖ ਹਨ। ਇਹ ਸਾਰੇ ਮਾਮਲੇ ਦੇਸ਼ ਦੀ ਆਰਥਿਕਤਾ ਨਾਲ ਜੁੜੇ ਹਨ।

ਮੋਦੀ ਸਰਕਾਰ ਦਾ ਕਹਿਣਾ ਹੈ ਕਿ ਭਾਰਤੀ ਲੋਕ ਦਹਾਕਿਆਂ ਤੋਂ ਨਪੀੜੇ ਰਹੇ ਹਨ। ਉਨ੍ਹਾਂ ਦੀ ਹਾਲਤ ਸੁਧਾਰਨ ਲਈ ਉਨ੍ਹਾਂ ਗਾਰੰਟੀਆਂ ਦਿੱਤੀਆਂ ਹਨ। ਇਨ੍ਹਾਂ ਗਾਰੰਟੀਆਂ ਵਿਚ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ, ਪਿੰਡਾਂ ਦਾ 100 ਫੀਸਦੀ ਬਿਜਲੀਕਰਨ, 14 ਕਰੋੜ ਪੇਂਡੂਆਂ ਲਈ ਮਕਾਨ, 28 ਕਰੋੜ ਔਰਤਾਂ ਦੇ ਬੈਂਕ ਅਕਾਊਂਟ ਖੋਲ੍ਹਣ, ਇੱਕ ਕਰੋੜ ਔਰਤਾਂ ਦੇ ਕਾਰੋਬਾਰ ਖੁੱਲ੍ਹਵਾਕੇ ਉਨ੍ਹਾਂ ਨੂੰ ਲੱਖਪਤੀ ਦੀਦੀ ਬਨਾਉਣਾ ਸ਼ਾਮਲ ਹੈ।

ਇਹ ਸਭ ਕੁਝ ਚੋਣਾਂ ਦੇ ਦਿਨਾਂ 'ਚ ਨਵੇਂ ਸੁਪਨੇ ਸਿਰਜਨ ਜਿਹਾ ਹੈ। ਪਰ ਮੋਦੀ ਸਰਕਾਰ ਦਾ ਕਥਨ ਕਿ 2047 ਤੱਕ ਭਾਰਤ ਵਿਕਸਤ ਦੇਸ਼ ਬਣੇਗਾ ਅਤੇ ਉਸਦਾ ਇਹ ਕਹਿਣਾ "ਮੋਦੀ ਦੀ ਗਾਰੰਟੀ ਜਾਣੀ ਹਰ ਗਾਰੰਟੀ ਪੂਰੀ ਹੋਣ ਦੀ ਗਾਰੰਟੀ" ਨੂੰ ਕਿਵੇਂ ਸਹੀ ਮੰਨਿਆ ਜਾਏਗਾ, ਜਦ ਉਸ ਦੇ ਸੈਂਕੜੇ ਤੋਂ ਵੱਧ ਪ੍ਰਾਜੈਕਟ ਸ਼ੁਰੂ ਹੋਣ ਵੇਲੇ ਹੀ ਜ਼ਮੀਨ 'ਚ ਦਬੇ ਗਏ, "ਜਨ ਧਨ ਯੋਜਨਾ", ਕਾਲੇ ਧਨ ਨੂੰ ਚਿੱਟਾ ਕਰਕੇ ਹਰ ਨਾਗਰਿਕ ਦੇ ਖਾਤੇ 15 ਲੱਖ ਅਤੇ ਹਰ ਵਰ੍ਹੇ 2 ਕਰੋੜ ਨੌਕਰੀਆਂ ਵੀ ਤਾਂ ਉਸਦੇ ਵਾਇਦੇ ਸਨ, ਜੋ ਕਦੇ ਵੀ ਪੂਰੇ ਨਹੀਂ ਹੋ ਸਕੇ।

ਇਹ ਚੋਣ ਆਰਥਿਕ ਵਾਇਦੇ ਲੋਕਾਂ ਦੇ ਸੁਪਨਿਆਂ ਦੇ ਕਤਲ ਸਮਾਨ ਗਿਣੇ ਜਾ ਰਹੇ ਹਨ। ਉਂਜ ਵੀ ਵੱਡੇ ਪ੍ਰਾਜੈਕਟ ਜਦੋਂ ਅਰਬਾਂ ਦੇ ਕਰਜ਼ੇ ਲੈ ਕੇ ਕੀਤੇ ਜਾਂਦੇ ਹਨ, ਤਾਂ ਇਹ ਪਹਿਲਾਂ ਹੀ ਬੇਰੁਜ਼ਗਾਰੀ, ਭੁੱਖਮਰੀ, ਗਰੀਬੀ ਨਾਲ ਨਪੀੜੇ ਜਾ ਰਹੇ ਲੋਕਾਂ 'ਤੇ ਹੋਰ ਕਹਿਰ ਵਰਤਾਉਣ ਵਾਂਗਰ ਹੈ।

ਜ਼ਰਾ ਕੁ ਗੌਰ ਤਾਂ ਕਰੋ, ਭਾਰਤ ਉਤੇ ਕਰਜ਼ਾ ਸਤੰਬਰ 2023 ਤੱਕ 205 ਲੱਖ ਕਰੋੜ ਹੈ, ਜਿਹੜਾ ਜੂਨ 2023 ਵਿਚ 200 ਲੱਖ ਕਰੋੜ ਸੀ। ਭਾਵ ਤਿੰਨ ਮਹੀਨਿਆਂ 'ਚ 5 ਲੱਖ ਕਰੋੜ ਕਰਜ਼ਾ ਵਧਿਆ ਅਤੇ ਇਹ ਸਮਝਿਆ ਜਾ ਰਿਹਾ ਹੈ ਕਿ ਚੋਣਾਂ ਦੇ ਸਮੇਂ ਹਾਕਮਾਂ ਵਲੋਂ ਗਾਰੰਟੀਆਂ ਦੀ ਹੋੜ 'ਚ ਇਹ ਵਾਧਾ ਕਰਜ਼-ਦਰ-ਕਰਜ਼ ਲੈ ਕੇ ਹੋਇਆ ਹੈ। ਪਰ ਇਥੇ ਸਵਾਲ ਇਹ ਉੱਠਦਾ ਹੈ ਕਿ ਕਰਜ਼ ਲੈ ਕੇ ਕੀਤਾ ਵਿਕਾਸ ਕਿੰਨਾ ਕੁ ਸਹੀ ਹੈ? ਕੀ ਕਰਜ਼ ਲੈ ਕੇ ਉਸਾਰੇ ਮਹਿਲ ਦੇਸ਼ ਦੇ ਅਰਥਚਾਰੇ ਨੂੰ ਸੁਖਾਵਾਂ ਰੱਖ ਸਕਦੇ ਜਾਂ ਬਣਾ ਸਕਦੇ ਹਨ। ਕੀ ਇਹ ਆਮ ਲੋਕਾਂ ਦੇ ਆਰਥਿਕ ਸੁਧਾਰ ਲਈ ਹਨ ਜਾਂ ਧਨ ਕੁਬੇਰਾਂ ਨੂੰ ਲਾਭ ਦੇਣ ਲਈ ਹਨ।

ਆਮ ਤੌਰ 'ਤੇ ਕੇਂਦਰ ਅਤੇ ਸੂਬਾ ਸਰਕਾਰ ਸਾਲ ਦੇ ਬਜ਼ਟ ਵਿਚ ਆਪਣੇ ਵਿੱਤੀ ਘਾਟੇ ਨੂੰ ਘੱਟੋ-ਘੱਟ ਵਿਖਾਉਂਦੀਆਂ ਹਨ। ਕਈ ਸਰਕਾਰਾਂ ਤਾਂ ਘਾਟੇ ਦਾ ਬਜ਼ਟ ਪੇਸ਼ ਹੀ ਨਹੀਂ ਕਰਦੀਆਂ। ਵਿੱਤੀ ਘਾਟੇ ਨੂੰ ਰੋਕਣ ਲਈ ਉਹ ਪੂੰਜੀਗਤ ਖ਼ਰਚਿਆਂ ਲਈ ਰੱਖੀ ਰਕਮ ਜੋ ਪ੍ਰਾਜੈਕਟਾਂ 'ਤੇ ਖ਼ਰਚ ਨਹੀਂ ਹੁੰਦੀ ਜਾਂ ਵੰਡੀ ਨਹੀਂ ਜਾਂਦੀ, ਉਸ 'ਤੇ ਕੈਂਚੀ ਚਲਾਕੇ ਬਚੀ ਰਕਮ ਦੇ ਜ਼ਰੀਏ ਵਿੱਤੀ ਘਾਟੇ ਨੂੰ ਘਟਾਉਣ ਦਾ ਯਤਨ ਕਰਦੀਆਂ ਹਨ।

ਉਦਾਹਰਨ ਦੇ ਤੌਰ 'ਤੇ ਬਿਹਾਰ ਦੇ ਬਜ਼ਟ ਵਿਚ ਵਿੱਤੀ ਘਾਟਾ ਜੀ.ਡੀ.ਪੀ. ਦਾ ਅੰਦਾਜ਼ਨ ਤਿੰਨ ਫ਼ੀਸਦੀ ਹੈ, ਲੇਕਿਨ ਪਿਛਲੇ ਦਿਨਾਂ 'ਚ ਪੇਸ਼ ਬਜ਼ਟ ਵਿਚ ਇਹ ਵਿੱਤੀ ਘਾਟਾ ਅਨੁਮਾਨਤ 8.9 ਫੀਸਦੀ ਕੀਤਾ ਗਿਆ। ਇਹ ਅਸਲ ਵਿਚ ਬਿਹਾਰ ਦੀ ਆਰਥਿਕ ਨੀਤੀਆਂ ਦੀ ਦੁਰਦਸ਼ਾ ਕਾਰਨ ਹੈ। ਇਹ ਤੱਥ ਜੱਗ ਜ਼ਾਹਰ ਹੈ ਕਿ ਬਿਹਾਰ, ਕੇਂਦਰ ਤੋਂ 73 ਫੀਸਦੀ ਸਹਾਇਤਾ ਪ੍ਰਾਪਤ ਕਰਦਾ ਹੈ, ਇਹ ਸਹਾਇਤਾ ਬਿਹਾਰ ਦੇ ਰਾਜਕੀ ਘਾਟੇ ਦੀ ਪੂਰਤੀ ਲਈ ਨਹੀਂ, ਸਗੋਂ ਬਿਹਾਰ ਵਲੋਂ ਕੇਂਦਰ ਦੇ ਸਾਹਮਣੇ ਰੱਖੇ ਗਏ ਕੁਝ ਪ੍ਰਸਤਾਵਾਂ ਲਈ ਸ਼ਰਤਾਂ ਸਹਿਤ ਸਹਾਇਤਾ ਹੈ।

ਬਿਹਾਰ ਵਲੋਂ ਚਾਲੂ ਵਿੱਤੀ ਵਰ੍ਹੇ 'ਚ 50,000 ਕਰੋੜ ਦੀ ਕੇਂਦਰੀ ਸਹਾਇਤਾ ਦਾ ਪ੍ਰਸਤਾਵ ਰੱਖਿਆ ਗਿਆ, ਪਰ ਉਸਨੂੰ ਸਿਰਫ਼ 16000 ਕਰੋੜ ਮਿਲਿਆ, ਕਿਉਂਕਿ ਬਿਹਾਰ ਨੇ ਕੇਂਦਰ ਸਰਕਾਰ ਦੀ ਪ੍ਰਾਜੈਕਟ ਪੂਰਤੀ ਦੀਆਂ ਸ਼ਰਤਾਂ ਨਹੀਂ ਮੰਨੀਆਂ। ਜਿਸ ਨਾਲ ਬਿਹਾਰ ਦਾ ਰਾਜਸੀ ਘਾਟਾ ਤਿੰਨ ਗੁਣਾ ਵਧ ਗਿਆ। ਇਹ ਅੰਕੜਿਆਂ ਦੀ ਜਾਦੂਗਰੀ ਹੈ ਕਿ ਅਗਲੇ ਵਰ੍ਹੇ ਵਿੱਤੀ ਘਾਟਾ 4 ਜਾਂ 5 ਫੀਸਦੀ ਵਿਖਾਇਆ ਜਾਏਗਾ। ਨੇਤਾਵਾਂ/ਸਰਕਾਰਾਂ ਵਲੋਂ ਇਹ ਵੀ ਦਿਖਾਇਆ ਜਾਏਗਾ ਕਿ ਲੋਕਾਂ ਨਾਲ ਕੀਤੇ ਵਾਇਦੇ ਪੂਰੇ ਕਰਨ ਲਈ ਵੱਡੀਆਂ ਰਕਮਾਂ ਕੇਂਦਰ ਤੋਂ ਪ੍ਰਾਪਤ ਕੀਤੀਆਂ ਤੇ ਖ਼ਰਚੀਆਂ। ਪਰ ਜ਼ਮੀਨੀ ਪੱਧਰ 'ਤੇ ਸੱਚ ਹੋਰ ਹੈ। ਅਸਲ 'ਚ ਤਾਂ ਲੋਕਾਂ ਦੇ ਆਰਥਿਕ ਸੁਪਨਿਆਂ ਦਾ ਸੌਦਾ ਕੀਤਾ ਜਾਂਦਾ ਹੈ।

ਪੰਜਾਬ ਨੂੰ ਭਾਰਤ ਵਿਚ ਇੱਕ ਵਿਕਸਿਤ ਸੂਬਾ ਮੰਨਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਥੇ ਪ੍ਰਤੀ ਜੀਅ ਆਮਦਨ ਬਹੁਤ ਜ਼ਿਆਦਾ ਹੈ। ਇਥੋਂ ਦੀ ਪੇਂਡੂ ਅਰਥ ਵਿਵਸਥਾ ਸਭ ਤੋਂ ਜ਼ਿਆਦਾ ਵਿਕਸਿਤ ਹੈ। ਭਾਰਤ ਵਿਚ ਸਭ ਤੋਂ ਵੱਧ ਮਹਿੰਗੀਆਂ ਕਾਰਾਂ ਦੀ ਵਿਕਰੀ ਮੁੰਬਈ, ਦਿੱਲੀ ਅਤੇ ਚੰਡੀਗੜ੍ਹ ਤੋਂ ਬਾਅਦ ਪੰਜਾਬ ਦੇ ਲੁਧਿਆਣਾ 'ਚ ਹੁੰਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਗੁਜਰਾਤ ਦੇ ਨਾਲ-ਨਾਲ ਪੰਜਾਬ ਹੀ ਇਹੋ ਜਿਹਾ ਸੂਬਾ ਹੈ, ਜਿਥੇ ਐੱਨ.ਆਰ.ਆਈਜ਼ ਤੋਂ ਸਭ ਤੋਂ ਵੱਧ ਵਿਦੇਸ਼ੀ ਮੁਦਰਾ ਪ੍ਰਾਪਤ ਹੁੰਦੀ ਹੈ, ਇਹ ਚਾਹੇ ਕੈਨੇਡਾ ਹੋਵੇ ਜਾਂ ਫਿਰ ਆਸਟ੍ਰੇਲੀਆ ਅਤੇ ਅਮਰੀਕਾ ਤੋਂ। ਪਰ ਪੰਜਾਬ ਦੀ ਅਰਥਵਿਵਸਥਾ ਦੇ ਅੰਕੜੇ ਕੁਝ ਹੋਰ ਹੀ ਕਹਿੰਦੇ ਹਨ।

ਇਥੇ ਮੌਜੂਦਾ ਸਮੇਂ ਰਾਜ ਦੇ ਖਜ਼ਾਨੇ ਦਾ ਘਾਟਾ 5 ਫੀਸਦੀ ਦੇ ਆਸ-ਪਾਸ ਚੱਲ ਰਿਹਾ ਹੈ। ਬਜ਼ਟ ਘਾਟਾ ਵੀ ਚੱਲ ਰਿਹਾ ਹੈ, ਜੋ ਜੀ.ਡੀ.ਪੀ. ਦਾ 2.8 ਫੀਸਦੀ ਹੈ। ਇਸ ਕਰਕੇ ਹੁਣ ਪੰਜਾਬ ਭਾਰਤ ਦੇ ਉਨ੍ਹਾਂ 17 ਰਾਜਾਂ ਵਿਚ ਸ਼ਾਮਲ ਹੈ, ਜਿਸਨੂੰ ਕੇਂਦਰ ਵਲੋਂ ਆਰਥਿਕ ਸਹਾਇਤਾ ਉਸਦੀਆਂ ਸ਼ਰਤਾਂ 'ਤੇ ਲੈਣੀ ਪੈਂਦੀ ਹੈ।

ਪੰਜਾਬ ਦੇ ਖਜ਼ਾਨੇ ਦੇ ਘਾਟੇ ਦਾ ਮੁੱਖ ਕਾਰਨ ਤਨਖ਼ਾਹ, ਪੈਨਸ਼ਨ ਅਤੇ ਰਾਜ ਲਈ ਲਏ ਕਰਜ਼ੇ ਉਤੇ ਵਿਆਜ ਉਤੇ ਹੀ 76 ਫੀਸਦੀ ਖ਼ਰਚ ਹੋ ਜਾਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਸ ਵਰ੍ਹੇ ਤਨਖ਼ਾਹ ਦਾ ਹਿੱਸਾ 30 ਫੀਸਦੀ ਸੀ, ਜਦਕਿ ਪੰਜਾਬ ਉੱਤਰਪ੍ਰਦੇਸ਼ ਅਤੇ ਬਿਹਾਰ ਦੇ ਮੁਕਾਬਲੇ ਇਹ ਘੱਟ ਆਬਾਦੀ ਵਾਲਾ ਸੂਬਾ ਹੈ।

ਬਾਕੀ ਸੂਬਿਆਂ ਵਾਂਗਰ ਪੰਜਾਬ ਵਿਚ ਵੀ ਜ਼ੋਰਾਂ-ਸ਼ੋਰਾਂ ਨਾਲ ਲੋਕਾਂ ਨੂੰ ਆਰਥਿਕ ਸੁਪਨੇ ਵਿਖਾਏ ਜਾ ਰਹੇ ਹਨ। ਮੌਜੂਦਾ ਸਮੇਂ ਵੰਡੀ ਜਾ ਰਹੀ ਮੁਫ਼ਤ ਬਿਜਲੀ ਦਾ ਖ਼ਰਚਾ ਹੀ ਵੀਹ ਹਜ਼ਾਰ ਕਰੋੜ ਰੁਪਏ ਦੇ ਬਰਾਬਰ ਹੈ, ਜੋ ਪੰਜਾਬ ਦੀ ਕੁੱਲ ਆਮਦਨ ਦਾ 19 ਫੀਸਦੀ ਹੈ। ਜੇਕਰ 76 ਫੀਸਦੀ ਤਨਖ਼ਾਹ, ਪੈਨਸ਼ਨ ਅਤੇ ਕਰਜ਼ੇ 'ਤੇ ਵਿਆਜ ਦੇ ਖ਼ਰਚੇ ਇਸ ਵਿਚ ਜੋੜ ਦਿੱਤੇ ਜਾਣ ਤਾਂ ਪੰਜਾਬ ਕੋਲ ਆਮਦਨ ਦਾ ਸਿਰਫ਼ ਪੰਜ ਫੀਸਦੀ ਹੀ ਬਾਕੀ ਰਹਿੰਦਾ ਹੈ। ਇਸੇ ਲਈ ਪੰਜਾਬ ਵੀ ਕੇਂਦਰ ਦੀਆਂ ਸ਼ਰਤਾਂ ਮੰਨਣ ਲਈ ਆਰਥਿਕ ਤੌਰ 'ਤੇ ਪੂਰੀ ਤਰ੍ਹਾਂ ਨਿਰਭਰ ਹੈ। ਆਰਥਿਕ ਕਮਜ਼ੋਰੀ ਕਾਰਨ ਸੂਬਾ ਲੋਕ-ਲੁਭਾਊ ਨੀਤੀਆਂ ਲਾਗੂ ਕਰਨ ਲਈ ਕਰਜ਼ੇ ਦੀ ਨਿਰ-ਸੰਕੋਚ ਵਰਤੋਂ ਕਰ ਰਿਹਾ ਹੈ। ਕੀ ਇਹ ਲੋਕ ਹਿਤੈਸ਼ੀ ਹੈ?

ਸਾਲ 1991 ਵਿਚ ਦੇਸ਼ ਦੀ ਜਨਸੰਖਿਆ 84 ਕਰੋੜ ਸੀ, ਜੋ ਹੁਣ 141 ਕਰੋੜ ਦੀ ਸੀਮਾ ਪੂਰੀ ਕਰ ਚੁੱਕੀ ਹੈ ਅਤੇ 2040 ਤੱਕ ਇਹ 157 ਕਰੋੜ ਹੋਣ ਦਾ ਅੰਦਾਜ਼ਾ ਹੈ। ਇਸ ਸਥਿਤੀ 'ਚ ਲੋਕਾਂ ਦੀ ਭੁੱਖ ਦੂਰ ਕਰਨ, ਬੇਰੁਜ਼ਗਾਰੀ ਖ਼ਤਮ ਕਰਨ, ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਦੇਸ਼ ਦੀ ਆਰਥਿਕਤਾ ਮਜ਼ਬੂਤ ਕਰਨ ਦੀ ਲੋੜ ਹੈ, ਜੋ ਸਿਰਫ਼ ਸਿਆਸੀ ਦਲਾਂ ਦੇ ਨਾਹਰਿਆਂ, ਦਿੱਤੀਆਂ ਗੱਲੀ-ਬਾਤੀਂ ਗਾਰੰਟੀਆਂ ਨਾਲ ਕੀ ਪੂਰੀ ਹੋ ਸਕਦੀ ਹੈ?

ਭਾਰਤ ਦੇਸ਼, ਦੁਨੀਆਂ ਭਰ 'ਚ ਸਭ ਤੋਂ ਵੱਧ ਅੰਨ ਪੈਦਾ ਕਰਦਾ ਹੈ। 2023 ਵਿਚ ਦੇਸ਼ ਦਾ ਅੰਨ ਉਤਪਾਦਨ 31.1 ਕਰੋੜ ਟਨ ਤੱਕ ਪੁੱਜ ਗਿਆ ਹੈ। ਪਰ ਇਸ ਦੇ ਬਾਵਜੂਦ ਦੇਸ਼ 'ਚ ਭੁੱਖਮਰੀ ਅਤੇ ਗਰੀਬੀ ਹੈ। 24 ਕਰੋੜ ਲੋਕਾਂ ਨੂੰ ਮਸਾਂ ਇੱਕ ਡੰਗ ਦੀ ਰੋਟੀ ਨਸੀਬ ਹੁੰਦੀ ਹੈ। (ਰਿਪੋਰਟ ਐੱਸ.ਓ.ਐੱਫ.ਆਈ.-2023) ਭੁੱਖਮਰੀ ਦੇ ਮਾਮਲੇ 'ਚ 125 ਦੇਸ਼ਾਂ ਵਿਚ ਭਾਰਤ ਦਾ ਸਥਾਨ 111ਵਾਂ ਹੈ (ਰਿਪੋਰਟ ਗਲੋਬਲ ਹੰਗਰ ਇੰਡੈਕਸ-2023)

ਕੀ ਸਿਆਸੀ ਦਲਾਂ ਵਲੋਂ, ਭੁੱਖੇ ਨਾਲ ਮਰ ਰਹੇ ਤੇ ਗਰੀਬੀ ਨਾਲ ਨਪੀੜੇ ਜਾ ਰਹੇ ਲੋਕਾਂ ਨੂੰ ਵਿਖਾਏ ਜਾ ਰਹੇ ਆਰਥਿਕ ਸੁਪਨੇ, ਉਨ੍ਹਾਂ ਦੇ ਕਿਸੇ ਕੰਮ ਆ ਸਕਣਗੇ ਜਾਂ ਫਿਰ ਇਹ ਚੋਣ ਜੁਮਲੇ ਸਾਬਤ ਹੋਣਗੇ।

# ਮਤਲਬੀ ਕਿਉਂ ਹੋ ਰਹੇ ਲੋਕ

-ਅੰਗਰੇਜ ਸਿੰਘ ਹੁੰਦਲ
98767-85672
(Punjab Mail USA)



ਅੱਜ ਤੋਂ ਕੁਝ ਸਮਾਂ ਪਹਿਲਾਂ ਲੋਕਾਂ ਵਿਚ ਇਤਫਾਕ, ਮਿਲਣ ਵਰਤਣ ਬੜੇ ਚਾਅ ਨਾਲ ਮਿਲਣਾ ਜੁਲਣਾ ਹੁੰਦਾ ਸੀ। ਪੁਰਾਣੇ ਲੋਕ ਸੱਥਾਂ ਵਿਚ ਬੈਠ ਕੇ ਵਿਚਾਰਾਂ ਕਰਦੇ ਸਨ ਅਤੇ ਬਹੁਤ ਮਜ਼ਬੂਤ ਆਪਸ ਵਿਚ ਭਾਈਚਾਰਕ ਸਾਂਝ ਹੁੰਦੀ ਸੀ। ਪਦਾਰਥਵਾਦੀ ਬਦਲੇ ਸਮੇਂ ਨਾਲ ਅਜੋਕੇ ਸਮੇਂ ਅਜਿਹੀ ਤਬਦੀਲੀ ਆਈ ਹੈ ਕਿ ਲੋਕ ਆਪੋ ਆਪਣੇ ਕੰਮਾਂ ਵਿਚ ਵਿਅਸਤ ਹੋ ਚੁੱਕੇ ਹਨ, ਜਾਂ ਸਮਾਂ ਹੁੰਦੇ ਹੋਏ ਵੀ ਮੋਬਾਈਲਾਂ ਵਿਚ ਬਿਜ਼ੀ ਹੋ ਚੁੱਕੇ ਹਨ। ਜਿੱਥੇ ਤਕਨੋਲਜੀ ਨੇ ਪ੍ਰਾਪਤੀਆਂ ਕੀਤੀਆਂ ਹਨ, ਉਥੇ ਇਸਦੇ ਨੁਕਸਾਨ ਵੀ ਕਾਫੀ ਦੇਖਣ ਨੂੰ ਮਿਲਦੇ ਹਨ। ਕਈ ਲੋਕ ਵਿਹਲੇ ਹੁੰਦੇ ਹੋਏ ਵੀ ਮੋਬਾਇਲ ਵਿਚ ਬਹੁਤ ਰੁੱਝੇ ਰਹਿੰਦੇ ਹਨ। ਅੱਜ ਲੋਕਾਂ ਕੋਲ ਆਪਣੇ ਤੋਂ ਇਲਾਵਾ ਕਿਸੇ ਹੋਰ ਲਈ ਸਮਾਂ ਨਹੀਂ, ਬੱਸ ਉਨ੍ਹਾਂ ਨਾਲ ਸਾਂਝ ਰੱਖਣਾ ਜ਼ਰੂਰੀ ਸਮਝਦੇ ਹਨ, ਜਿਨ੍ਹਾਂ ਨਾਲ ਕੰਮ ਪੈਂਦਾ ਹੈ। ਲੋਕਾਂ ਨੇ ਆਪਣਾ ਘੇਰਾ ਵਿਸ਼ਾਲ ਕਰਨ ਦੀ ਥਾਂ 'ਤੇ ਸੀਮਤ ਜਿਹਾ ਕਰ ਲਿਆ ਹੈ। ਮਾਇਆ ਦੀ ਦੌੜ ਵਿਚ ਹਰ ਵਿਅਕਤੀ ਭੱਜਦਾ ਹੋਇਆ ਨਜ਼ਰ ਆਉਂਦਾ ਹੈ। ਇਹ ਦੌੜ ਏਨੀ ਤੇਜ਼ ਹੋ ਚੁੱਕੀ ਹੈ ਕਿ ਇਸ ਪੈਸੇ ਨੇ ਆਪਣੇ ਵੀ ਬੇਗਾਨੇ ਕਰ ਦਿੱਤੇ ਹਨ ਅਤੇ ਲੋਕਾਂ ਦਾ ਖੂਨ ਵੀ ਸਫੈਦ ਕਰ ਦਿੱਤਾ ਹੈ। ਪੈਸੇ, ਜ਼ਾਇਦਾਦ ਕਾਰੋਬਾਰ ਆਦਿ ਪਿੱਛੇ ਲੜਾਈ ਕਤਲ ਵੀ ਆਪਣੇ ਹੀ ਕਰੀ ਜਾਂਦੇ ਹਨ, ਫਿਰ ਭਾਵੇਂ ਸਾਰੀ ਜ਼ਿੰਦਗੀ ਜੇਲ੍ਹ 'ਚ ਸੜਦੀ ਰਹੇ। ਹਰ ਕੋਈ ਇਨਸਾਨ ਆਪਣੇ ਆਪ ਨੂੰ ਅਮੀਰ ਬਣਾਉਣ ਖਾਤਰ ਦਿਨ-ਰਾਤ ਸੋਚਦਾ ਰਹਿੰਦਾ ਹੈ। ਕਈ ਇਨਸਾਨ ਮਤਲਬ ਲਈ ਅਮੀਰ ਵਿਅਕਤੀ ਭਾਵੇਂ ਕੋਈ ਬਹੁਤ ਦੂਰ ਦਾ ਰਿਸ਼ਤੇਦਾਰ ਹੋਵੇ, ਉਸਦੇ ਬਹੁਤ ਕਰੀਬ ਨੇੜੇ ਲੱਗਦੇ ਹਨ ਤੇ ਕੋਈ ਆਪਣਾ ਭਾਵੇਂ ਜਿੰਨਾਂ ਮਰਜ਼ੀ ਨੇੜੇ ਦਾ ਰਿਸ਼ਤੇਦਾਰ, ਸਾਕ-ਸਬੰਧੀ ਹੋਵੇ, ਜੇਕਰ ਉਹ ਮੱਧ ਵਰਗੀ ਜਾਂ ਗਰੀਬ ਹੈ, ਉਸ ਨੂੰ ਬੁਲਾਉਣ ਤੋਂ ਗੁਰੇਜ਼ ਕਰਦੇ ਹਨ ਕਿ ਕਿਤੇ ਕੋਈ ਸਹਾਇਤਾ ਨਾ ਮੰਗ ਲਵੇ। ਜੇਕਰ ਜ਼ਿਮੀਂਦਾਰਾਂ ਦੀ ਗੱਲ ਕਰੀਏ, ਤਾਂ ਵਿਆਹ ਤੋਂ ਪਹਿਲਾਂ ਸਕੇ ਭਰਾ ਬਹੁਤ ਵਧੀਆ ਰਹਿੰਦੇ ਹੁੰਦੇ ਹਨ, ਜਦੋਂ ਵਿਆਹ ਹੋ ਜਾਂਦਾ ਹੈ, ਬੱਚੇ ਹੋ ਜਾਂਦੇ, ਤਾਂ ਫਿਰ ਆਪਣੇ ਪ੍ਰਤੀ ਸੋਚਣਾ ਸ਼ੁਰੂ ਕਰ ਦਿੰਦੇ ਹਨ। ਘਰ ਵਿਚੋਂ ਆਹ-ਆਹ ਵਸਤੂ ਮੈਨੂੰ ਮਿਲ ਜਾਵੇ ਕਿ ਸਿਰਫ ਆਪਣੇ ਤੱਕ ਸੋਚ ਸੀਮਤ ਰੱਖਣੀ ਸ਼ੁਰੂ ਹੋ ਜਾਂਦੀ ਹੈ। ਕਈ ਵਿਅਕਤੀ ਆਪਣੇ ਬਜ਼ੁਰਗ ਮਾਤਾ-ਪਿਤਾ ਕੋਲੋਂ ਜ਼ਾਇਦਾਦ ਆਪਣੇ ਨਾਮ 'ਤੇ ਕਰਵਾਉਣ ਉਪਰੰਤ ਉਨ੍ਹਾਂ ਨਾਲ ਦੁਰਵਿਹਾਰ ਕਰਨਾ ਸ਼ੁਰੂ ਕਰ ਦਿੰਦੇ ਹਨ। ਕਈ ਵਾਰ ਤਾਂ ਦੋ ਭਰਾ ਆਪਣੇ ਮਾਤਾ-ਪਿਤਾ ਨੂੰ ਇਸ ਲਈ ਨਹੀਂ ਸਾਂਭਦੇ ਕਿ ਬਜ਼ੁਰਗਾਂ ਨੇ ਆਪਣੀ ਹਿੱਸੇ ਦੀ ਜਾਇਦਾਦ ਦੂਜੇ ਭਰਾ ਨੂੰ ਖੇਤੀ ਕਰਨ ਲਈ ਦਿੱਤੀ ਹੈ, ਉਸ ਵੱਲ ਜਾ ਕੇ ਰਹੋ, ਸਾਡੇ ਵੱਲ ਕਿਉਂ ਆਇਆ ਹੈ। ਹਰ ਗੱਲ ਵਿਚ ਮਤਲਬ ਤੇ ਲਾਲਸਾ ਹੀ ਦਿਖਾਈ ਦਿੰਦਾ ਹੈ। ਤਨੋਂ, ਮਨੋਂ ਰਿਸ਼ਤੇ, ਸਾਂਝ ਘੱਟ ਹੀ ਨਜ਼ਰ ਆਉਂਦੀ ਹੈ। ਏਥੇ ਮਤਲਬਪ੍ਰਸਤ ਹੋ ਰਹੇ ਲੋਕਾਂ ਨੂੰ ਇਸ ਗੱਲ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਇਥੇ ਤਾਂ ਵੱਡੇ-ਵੱਡੇ ਲੋਕ ਜ਼ਮੀਨ, ਜ਼ਾਇਦਾਦ ਵਾਲੇ ਮਰਨ ਉਪਰੰਤ ਛੱਡ ਜਾਂਦੇ ਹਨ। ਲੋਕਾਂ ਦੀ ਇਹ ਮਾਨਸਿਕਤਾ ਕਿਉਂ ਬਦਲ ਰਹੀ ਹੈ, ਸਿਰਫ ਮਤਲਬ ਵਾਸਤੇ ਹੀ ਸਾਂਝ ਰੱਖੀ ਜਾਵੇ।

ਏਥੇ ਇੱਕ ਮਤਲਬੀ ਰਾਹਗੀਰ ਦੀ ਮਿਸਾਲ ਦੇਣੀ ਜ਼ਰੂਰੀ ਜਾਪਦੀ ਹੈ ਕਿ ਜੰਡਿਆਲਾ ਗੁਰੂ ਤਰਨ ਤਾਰਨ ਨੂੰ ਜਾਂਦੀ ਸੜਕ ਵਿਚ ਇੱਕ ਪਿੰਡ ਲਾਗੇ ਬਹੁਤ ਡੂੰਘਾ ਟੋਇਆ ਪਿਆ ਹੋਇਆ ਸੀ ਅਤੇ ਬਰਸਾਤ ਵੀ ਹੋ ਰਹੀ ਸੀ ਅਤੇ ਇੱਕ ਸਿਆਣਾ ਜਿਹਾ ਜੋੜਾ ਕਾਰ ਵਿਚ ਬੈਠਾ ਸੀ, ਕਿਸੇ ਪਾਸੇ ਵੀ ਉਤਰ ਨਹੀਂ ਸਨ ਸਕਦੇ। ਜੇਕਰ ਉਤਰਦੇ ਸਨ, ਤਾਂ ਇੱਕ ਉਨ੍ਹਾਂ ਦੇ ਕੱਪੜੇ ਖਰਾਬ ਹੋਣੇ ਸਨ ਤੇ ਦੂਜਾ ਇੱਕ ਕਾਰ ਨੂੰ ਧੱਕਾ ਔਰਤ ਨਹੀਂ ਸੀ ਲਗਾ ਸਕਦੀ। ਕਾਰ ਵਿਚ ਆਦਮੀ ਦਾ ਬੈਠਣਾ ਜ਼ਰੂਰੀ ਸੀ। ਮੈਂ ਉਥੋਂ ਲੰਘ ਕੇ ਆਪਣੇ ਪਿੰਡ ਆ ਰਿਹਾ ਸੀ, ਮੈਂ ਸੋਚਿਆ ਕਿ ਇਨ੍ਹਾਂ ਦੀ ਮਦਦ ਕੀਤੀ ਜਾਵੇ, ਲੋਕ ਲਾਗੋਂ ਆਪਣੇ ਆਪਣੇ 'ਤੇ ਲੰਘੀ ਜਾ ਰਹੇ ਸਨ। ਚਲੋ, ਮੈਂ ਆਸੇ-ਪਾਸੇ ਤੋਂ ਇੱਟਾਂ ਇਕੱਠੀਆਂ ਕਰਕੇ ਟੋਏ ਵਿਚ ਸੁੱਟੀਆਂ ਅਤੇ ਧੱਕਾ ਲਗਾਇਆ, ਮੇਰੇ ਸਾਰੇ ਕੱਪੜੇ ਪਾਣੀ ਨਾਲ ਗਿੱਲੇ ਹੋ ਚੁੱਕੇ ਸਨ ਅਤੇ ਚਿੱਕੜ ਨਾਲ ਖਰਾਬ। ਸੇਵਾ ਭਾਵਨਾ ਕਰਕੇ ਉਸ ਦੀ ਮਦਦ ਕੀਤੀ ਪਰ ਜਦੋਂ ਉਸ ਦੀ ਗੱਡੀ ਨਿਕਲ ਗਈ, ਤਾਂ ਉਸਨੇ ਇਹ ਵੀ ਜ਼ਰੂਰੀ ਨਹੀਂ ਸਮਝਿਆ ਕਿ ਧੰਨਵਾਦ ਕਰ ਦੇਵਾਂ ਜਾਂ ਗੱਡੀ ਵਿਚੋਂ ਹੱਥ ਹੀ ਹਿਲਾ ਦੇਵਾਂ, ਉਹ ਆਪਣੀ ਮੰਜ਼ਿਲ ਵੱਲ ਚਲੇ ਗਿਆ। ਕਹਿਣ ਦਾ ਭਾਵ ਕਿ ਮਤਲਬ ਨਿਕਲ ਗਿਆ, ਤਾਂ ਤੂੰ ਕੌਣ?

ਮਤਲਬੀ ਵਿਅਕਤੀ ਜ਼ਿਆਦਾ ਸਮਾਂ ਸਮਾਜ ਵਿਚ ਕਾਮਯਾਬ ਨਹੀਂ ਹੋ ਸਕਦਾ। ਸਮਾਜ ਵਿਚ ਚੰਗਾ ਵਿਚਰਿਆ, ਸੇਵਾ ਭਾਵਨਾ ਰੱਖੀ, ਲੋਕਾਂ ਨਾਲ ਮੇਲ-ਜੋਲ ਰੱਖਿਆ, ਨਿੱਜੀ ਮੁਫ਼ਾਦਾਂ ਨੂੰ ਛੱਡ ਸਮਾਜ ਭਲਾਈ ਦੇ ਕੰਮ ਕੀਤੇ ਜਾਣ, ਤਾਂ ਹਮੇਸ਼ਾਂ ਹੀ ਉਸ ਵਿਅਕਤੀ ਦੀ ਲੋਕ ਸ਼ੋਭਾ ਕਰਦੇ ਦਿਖਾਈ ਦਿੰਦੇ ਹਨ।

# ਕੋਈ ਕਿਸੇ ਤੋਂ ਘੱਟ ਨਹੀਂ ਹੈ



ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
(Punjab Mail USA)



ਕੁਝ ਮਹੀਨੇ ਪਹਿਲਾਂ ਪਾਕਿਸਤਾਨ ਵਿਚ ਬਣੀ ਇੱਕ ਵੀਡੀਉ ਕਾਫੀ ਵਾਇਰਲ ਹੋਈ ਸੀ ਕਿ ਭ੍ਰਿਸ਼ਟ ਸਿਰਫ ਲੀਡਰ ਅਤੇ ਅਫਸਰ ਹੀ ਨਹੀਂ ਹੁੰਦੇ, ਆਮ ਜਨਤਾ ਵੀ ਜਿੱਥੇ ਦਾਅ ਲੱਗੇ, ਠੱਗੀ ਮਾਰਨ ਤੋਂ ਪਿੱਛੇ ਨਹੀਂ ਹੱਟਦੀ। ਉਸ ਵੀਡੀਉ ਵਿਚ ਪਾਕਿਸਤਾਨ ਦੀ ਇੱਕ ਸਮਾਜ ਭਲਾਈ ਸੰਸਥਾ ਦਾ ਅਹੁਦੇਦਾਰ ਦੱਸ ਰਿਹਾ ਸੀ ਕਿ ਕੋਈ ਨਵਾਜ਼ ਸ਼ਰੀਫ ਨੂੰ ਭ੍ਰਿਸ਼ਟ ਦੱਸ ਰਿਹਾ ਹੈ, ਕੋਈ ਇਮਰਾਨ ਖਾਨ ਨੂੰ ਤੇ ਕੋਈ ਜ਼ਰਦਾਰੀ ਨੂੰ। ਉਨ੍ਹਾਂ ਨੇ ਸੋਚਿਆ ਕਿ ਚਲੋ ਆਮ ਜਨਤਾ ਬਾਰੇ ਵੀ ਜਾਣਿਆ ਜਾਵੇ ਕਿ ਲੀਡਰਾਂ ਨੂੰ ਦਿਨ-ਰਾਤ ਕੋਸਣ ਵਾਲੇ ਇਹ ਲੋਕ ਕਿੰਨੇ ਕੁ ਇਮਾਨਦਾਰ ਹਨ? ਸਭ ਤੋਂ ਪਹਿਲਾਂ ਉਨ੍ਹਾਂ ਨੇ ਇੱਕ ਨਵਾਂ ਤੇ ਠੀਕ ਚੱਲਦਾ ਟੈਲੀਵਿਜ਼ਨ ਲਿਆ ਤੇ ਉਸ ਦੀ ਕੋਈ ਛੋਟੀ-ਮੋਟੀ ਤਾਰ ਖੋਲ੍ਹ ਕੇ ਕਿਸੇ ਮਕੈਨਿਕ ਦੀ ਦੁਕਾਨ 'ਤੇ ਲੈ ਗਏ ਤੇ ਕਿਹਾ ਕਿ ਇਹ ਚੱਲ ਨਹੀਂ ਰਿਹਾ। ਉਸ ਮਕੈਨਿਕ ਨੇ ਜਦੋਂ ਟੀ.ਵੀ. ਖੋਲ੍ਹਿਆ, ਤਾਂ ਵੇਖਦੇ ਸਾਰ ਹੀ ਸਮਝ ਗਿਆ ਕਿ ਮਾਜ਼ਰਾ ਕੀ ਹੈ। ਪਰ ਉਨ੍ਹਾਂ ਨੂੰ ਕਹਿਣ ਲੱਗਾ ਕਿ ਇਸ ਦੇ ਤਾਂ ਆਈ.ਸੀ. ਹੀ ਸੜ ਗਏ ਹਨ, ਠੀਕ ਕਰਨ ਵਾਸਤੇ 10000 ਦਾ ਖਰਚਾ ਆਵੇਗਾ। ਇਸੇ ਤਰ੍ਹਾਂ ਫਰਿੱਜ਼ ਲੈ ਕੇ ਗਏ, ਤਾਂ ਮਕੈਨਿਕ ਨੇ ਕਹਿ ਦਿੱਤਾ ਕਿ ਗੈਸ ਲੀਕ ਹੋ ਗਈ ਹੈ, ਐਨਾ ਖਰਚਾ ਆਵੇਗਾ।

ਸਭ ਤੋਂ ਵੱਡਾ ਕਾਰਨਾਮਾ ਟਾਇਰਾਂ ਵਾਲੇ ਨੇ ਕੀਤਾ, ਜਦੋਂ ਉਸ ਨੇ ਉਸ ਹੀ ਦਿਨ ਖਰੀਦੀ ਟਿਊਬ ਵਿਚ ਦੋ ਪੰਚਰ ਕੱਢ ਦਿੱਤੇ। ਜਦੋਂ ਉਨ੍ਹਾਂ ਸਾਰਿਆਂ ਨੂੰ ਦੱਸਿਆ ਗਿਆ ਕਿ ਇਹ ਸਰਵੇ ਪਾਕਿਸਤਾਨ ਦੀ ਜਨਤਾ ਦੀ ਇਮਾਨਦਾਰੀ ਚੈੱਕ ਕਰਨ ਲਈ ਕੀਤਾ ਜਾ ਰਿਹਾ ਹੈ, ਤਾਂ ਸਾਰੇ ਸ਼ਰਮਿੰਦਾ ਹੋ ਗਏ ਪਰ ਪੰਚਰਾਂ ਵਾਲਾ ਸੂਰਮਾ ਮਹਾਂ ਬੇਸ਼ਰਮ ਨਿਕਲਿਆ। ਉਸ ਨੇ ਦੰਦੀਆਂ ਕੱਢਦੇ ਹੋਏ ਕਿਹਾ, "ਬਾਊ ਜੀ ਫਿਰ ਕੀ ਹੋ ਗਿਆ? ਮੈਂ ਚਾਰ ਪੰਚਰ ਵੀ ਕੱਢ ਸਕਦਾ ਸੀ, ਪਰ ਸਿਰਫ ਦੋ ਹੀ ਕੱਢੇ ਹਨ।" ਸਾਡੇ ਦੇਸ਼ ਦਾ ਵੀ ਇਹ ਹੀ ਹਾਲ ਹੈ। 2012 ਤੋਂ 2017 ਤੱਕ ਦੀ ਅਕਾਲੀ ਸਰਕਾਰ ਵੇਲੇ ਮੈਂ ਕਾਫੀ ਸਾਲ ਸਬ ਡਵੀਜ਼ਨ ਮਲੋਟ ਵਿਖੇ ਬਤੌਰ ਐੱਸ.ਪੀ. ਤਾਇਨਾਤ ਰਿਹਾ ਸੀ। ਇੱਕ ਦਿਨ ਤਤਕਾਲੀ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਆਪਣੇ ਬਾਦਲ ਪਿੰਡ ਵਾਲੇ ਦਫਤਰ ਬੈਠੇ ਲੋਕਾਂ ਦੀਆਂ ਦੁੱਖ ਤਕਲੀਫਾਂ ਸੁਣ ਰਹੇ ਸਨ ਕਿ ਗਿੱਦੜਬਾਹਾ ਦੇ ਕੁਝ ਬੰਦੇ ਆ ਗਏ, ਜਿਨ੍ਹਾਂ ਦੀ ਖੇਤੀਬਾੜੀ ਦੀਆਂ ਖਾਦ ਤੇ ਦਵਾਈਆਂ ਆਦਿ ਦੀ ਦੁਕਾਨ ਸੀ। ਦੋ ਕੁ ਮਹੀਨੇ ਪਹਿਲਾਂ ਖੇਤੀਬਾੜੀ ਵਿਭਾਗ ਦੇ ਛਾਪੇ ਦੌਰਾਨ ਉਨ੍ਹਾਂ ਦੀ ਦੁਕਾਨ ਤੋਂ ਨਕਲੀ ਦਵਾਈਆਂ ਪਕੜੀਆਂ ਗਈਆਂ ਸਨ ਤੇ ਵਿਭਾਗ ਨੇ ਮੁਕੱਦਮਾ ਦਰਜ਼ ਕਰਵਾ ਦਿੱਤਾ ਸੀ। ਉਹ ਕਿਤੇ ਬਾਦਲ ਸਾਹਿਬ ਦੇ ਪੁਰਾਣੇ ਵਾਕਿਫ ਸਨ ਤੇ ਤਰਲਾ-ਮਿੰਨਤ ਕੀਤੀ ਕਿ ਮੁਕੱਦਮਾ ਗਲਤ ਦਰਜ਼ ਹੋਇਆ ਹੈ। ਇਹ ਦਵਾਈ ਫਲਾਣੀ ਕੰਪਨੀ ਨੇ ਭੇਜੀ ਸੀ ਤੇ ਜੇ ਇਸ ਦੇ ਸੈਂਪਲ ਫੇਲ੍ਹ ਹੋ ਗਏ ਹਨ, ਤਾਂ ਇਸ ਦੀ ਜ਼ਿੰਮੇਵਾਰੀ ਕੰਪਨੀ ਦੀ ਹੈ। ਇਸ ਲਈ ਉਨ੍ਹਾਂ ਦੀ ਮਦਦ ਕੀਤੀ ਜਾਵੇ।

ਪੁਰਾਣੀ ਵਾਕਫੀਅਤ ਅਤੇ ਇਲਾਕੇ ਦੇ ਬੰਦੇ ਹੋਣ ਕਾਰਨ ਬਾਦਲ ਸਾਹਿਬ ਨੇ ਮਜਬੂਰੀ ਨਾਲ ਸਬੰਧਿਤ ਅਫਸਰ ਨੂੰ ਫੋਨ ਕਰ ਦਿੱਤਾ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਹਾਡਾ ਕੰਮ ਹੋ ਗਿਆ ਹੈ ਤੇ ਤੁਸੀਂ ਹੁਣ ਬਾਹਰ ਜਾਉ ਕਿਉਂਕਿ ਹੋਰ ਲੋਕਾਂ ਨੇ ਵੀ ਮਿਲਣਾ ਹੈ। ਪਰ ਉਹ ਬਾਹਰ ਜਾਣ ਦੀ ਬਜਾਏ ਬਾਦਲ ਸਾਹਿਬ ਨੂੰ ਵਾਰ-ਵਾਰ ਇਹ ਹੀ ਕਹੀ ਜਾਣ ਕਿ ਬਾਪੂ ਜੀ ਤੁਸੀਂ ਤਾਂ ਸਾਡੇ ਖਾਨਦਾਨ ਨੂੰ ਜਾਣਦੇ ਹੋ, ਅਸੀਂ ਤਾਂ ਗਲਤ ਕੰਮ ਕਰਦੇ ਹੀ ਨਹੀਂ। ਜਦੋਂ ਉਹ ਚੋਰ ਤੇ ਨਾਲੇ ਚਤਰ ਬਣਨੋਂ ਨਾ ਹਟੇ, ਤਾਂ ਇਲਾਕੇ ਦੇ ਬੱਚੇ-ਬੱਚੇ ਤੋਂ ਵਾਕਿਫ ਬਾਦਲ ਸਾਹਿਬ ਨੂੰ ਆਪਣੀ ਸ਼ਾਂਤ ਤਬੀਅਤ ਦੇ ਉਲਟ ਖਿਝ੍ਹ ਚੜ੍ਹ ਗਈ ਤੇ ਉਹ ਬੋਲੇ, "ਕਾਕਾ ਜੀ, ਤੁਸੀਂ ਮੈਨੂੰ ਤੇ ਸਮਝਾਉ ਨਾ। ਜਿੱਥੇ ਕਿਸੇ ਦਾ ਦਾਅ ਲੱਗਦਾ ਹੈ, ਕੋਈ ਨਹੀਂ ਬਖਸ਼ਦਾ। ਤੁਸੀਂ ਉਹ ਹੀ ਹੋ ਨਾ, ਜਿਨ੍ਹਾਂ 'ਤੇ ਪਹਿਲਾਂ ਵੀ ਦੋ ਪਰਚੇ ਦਰਜ਼ ਹੋ ਚੁੱਕੇ ਹਨ? ਮੈਂ ਸਿਰਫ ਤੁਹਾਡੇ ਸਵਰਗਵਾਸੀ ਬਾਪ ਦੀ ਸ਼ਰਾਫਤ ਕਰਕੇ ਫੋਨ ਕੀਤਾ ਹੈ। ਜੇ ਕਿਤੇ ਦੁਬਾਰਾ ਅਜਿਹੀ ਕਰਤੂਤ ਕੀਤੀ, ਤਾਂ ਆਪ ਜਾਣਦੇ ਰਿਹੋ।" ਉਨ੍ਹਾਂ ਬੰਦਿਆਂ ਦੇ ਸਿਰ 'ਚ ਸੌ ਘੜਾ ਪਾਣੀ ਪੈ ਗਿਆ, ਨਾ ਉਹ ਬਹਿਣ ਜੋਗੇ ਰਹੇ ਤੇ ਨਾ ਖਲੋਣ ਜੋਗੇ। ਰਹੀ ਸਹੀ ਕਸਰ ਮੈਂ ਪੂਰੀ ਕਰ ਦਿੱਤੀ, "ਸੇਠ ਸਾਹਿਬ, ਕੁਝ ਹੋਰ ਸੁਣਨਾ ਕਿ ਜਾਣਾ ਬਾਹਰ? ਮੈਂ ਤੁਹਾਨੂੰ ਵੀਹ ਵਾਰ ਕਿਹਾ ਕਿ ਤੁਹਾਡਾ ਕੰਮ ਹੋ ਗਿਆ, ਹੁਣ ਹੋਰ ਵੀ ਕਿਸੇ ਨੂੰ ਮਿਲ ਲੈਣ ਦਿਉ, ਪਰ ਤੁਸੀਂ ਬੇਇੱਜ਼ਤੀ ਕਰਵਾਏ ਬਗੈਰ ਨਹੀਂ ਮੰਨੇ।" ਉਹ ਵਿਚਾਰੇ ਕੰਨ ਜਿਹੇ ਝਾੜ ਕੇ ਬਾਹਰ ਨਿਕਲ ਗਏ।

ਮੇਰਾ ਦੋਸਤ ਸੁਖਮੰਦਰ ਬਰਾੜ ਤਕਰੀਬਨ ਹਰ ਸਾਲ ਕੈਨੇਡਾ ਤੋਂ ਇੰਡੀਆ ਗੇੜਾ ਮਾਰਦਾ ਹੈ ਤੇ ਪਿੰਡ ਦੇ ਆਪਣੇ ਪੁਰਾਣੇ ਦੋਸਤ ਦੀ ਇਨੋਵਾ ਟੈਕਸੀ ਹੀ ਵਰਤਦਾ ਹੈ। ਇੱਕ ਦਿਨ ਉਹ ਕਿਸੇ ਕੰਮ ਬਠਿੰਡੇ ਗਿਆ, ਤਾਂ ਟੈਕਸੀ ਵਾਲਾ ਕਹਿਣ ਲੱਗਾ ਕਿ ਗੱਡੀ ਦੀ ਡਰਾਈਵਰ ਸਾਈਡ ਵਾਲੀ ਪਿਛਲੀ ਬਾਰੀ ਬਾਹਰੋਂ ਖੁੱਲ੍ਹਦੀ ਹੈ ਪਰ ਅੰਦਰੋਂ ਨਹੀਂ ਖੁੱਲ੍ਹਦੀ। ਇਥੇ ਨਜ਼ਦੀਕ ਹੀ ਮੇਰਾ ਪੱਕਾ ਮਕੈਨਿਕ ਹੈ, ਉਸ ਨੂੰ ਵਿਖਾ ਲੈਂਦੇ ਹਾਂ। ਮਕੈਨਿਕ ਸਾਹਿਬ ਨੇ ਬਾਰੀ ਵੇਖੀ ਤੇ ਕਿਹਾ ਕਿ ਇਸ ਦਾ ਲੌਕ ਖਰਾਬ ਹੋ ਗਿਆ ਹੈ, ਜਿਸ ਨੂੰ ਠੀਕ ਕਰਨ ਲਈ 500 ਰੁਪਏ ਦਾ ਖਰਚਾ ਹੋਵੇਗਾ। ਪਰ ਉਹ ਪਹਿਲਾਂ ਹੀ ਸਮਝ ਚੁੱਕਾ ਸੀ ਕਿ ਨੁਕਸ ਅਸਲ ਵਿਚ ਕੀ ਹੈ। ਬਰਾੜ ਦੇ ਦਿਮਾਗ ਵਿਚ ਕੁਦਰਤੀ ਇਹ ਗੱਲ ਆ ਗਈ ਕਿ ਹੋ ਸਕਦਾ ਕਿਤੇ ਡਰਾਈਵਰ ਕੋਲੋਂ ਗਲਤੀ ਨਾਲ ਚਾਈਲਡ ਲੌਕ (ਬੱਚਿਆ ਦਾ ਲੌਕ) ਲੱਗ ਗਿਆ ਹੋਵੇ। ਉਸ ਨੇ ਡਰਾਈਵਰ ਨੂੰ ਕੋਲ ਬੁਲਾਇਆ ਤੇ ਕਿਹਾ ਕਿ ਇਸ ਬਾਰੀ ਦਾ ਚਾਈਲਡ ਲੌਕ ਲੱਗਾ ਹੋਇਆ ਹੈ। ਪਰ ਡਰਾਈਵਰ ਨੂੰ ਚਾਈਲਡ ਲੌਕ ਬਾਰੇ ਪਤਾ ਹੀ ਨਹੀਂ ਸੀ ਕਿਉਂਕਿ ਇਹ ਲੌਕ ਬਾਰੀ ਦੇ ਥੱਲੜੇ ਪਾਸੇ ਬਿਲਕੁਲ ਛੋਟਾ ਜਿਹਾ ਲੀਵਰ ਹੁੰਦਾ ਹੈ, ਤਾਂ ਜੋ ਬੱਚੇ ਇਸ ਨੂੰ ਨਾ ਵੇਖ ਸਕਣ ਤੇ ਬਾਰੀ ਖੋਲ੍ਹ ਕੇ ਸੱਟ ਫੇਟ ਨਾ ਲਗਵਾ ਲੈਣ। ਬਰਾੜ ਨੇ ਚਾਈਲਡ ਲੌਕ ਖੋਲ੍ਹ ਦਿੱਤਾ ਤੇ ਬਾਰੀ ਠੀਕ ਹੋ ਗਈ। ਇਹ ਵੇਖ ਕੇ ਡਰਾਈਵਰ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਉਹ ਮਕੈਨਿਕ ਦੇ ਗਲ਼ ਪੈ ਗਿਆ ਕਿ ਜੇ ਅੱਜ ਬਰਾੜ ਨਾਲ ਨਾ ਹੁੰਦਾ, ਤੂੰ ਤਾਂ ਮੈਨੂੰ 500 ਵਿਚ ਰਗੜ ਦਿੱਤਾ ਸੀ। ਮੈਨੂੰ ਲੱਗਦਾ ਤੂੰ ਪਹਿਲਾਂ ਵੀ ਮੈਨੂੰ ਇਸੇ ਤਰ੍ਹਾਂ ਲੁੱਟਦਾ ਰਿਹਾ ਹੈਂ। ਮਕੈਨਿਕ ਅੱਗੇ-ਅੱਗੇ ਤੇ ਟੈਕਸੀ ਵਾਲਾ ਪਿੱਛੇ-ਪਿੱਛੇ।

# ਹੈਲਥ ਫਾਰ ਆਲ: ਤੰਦਰੁਸਤੀ ਹੀ ਤੁਹਾਡਾ ਪਹਿਲਾ ਹੱਕ ਹੈ

**"ਵਿਸ਼ਵ ਸਿਹਤ ਸੰਸਥਾ ਦਿਵਸ 2024 ਦਾ ਥੀਮ ਹੈ- ਤੰਦਰੁਸਤੀ ਹਰ ਨਾਗਰਿਕ ਦਾ ਹੱਕ ਹੈ। ਆਪਣੀ ਤੇ ਫੈਮਿਲੀ ਨੂੰ ਤੰਦਰੁਸਤ ਰੱਖਣ ਲਈ ਹਰ ਪੱਖੋਂ ਜਾਗਰੂਕ ਹੋਣ ਦੀ ਲੋੜ ਹੈ- ਅਨਿਲ ਧੀਰ**



ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



ਵਿਸ਼ਵ ਸਿਹਤ ਦਿਵਸ 7 ਅਪ੍ਰੈਲ 2024 ਦੇ ਦਿਨ ਤੰਦਰੁਸਤੀ ਦੇ ਨਾਲ ਜੁੜੇ ਹੱਕਾਂ ਅਤੇ ਹੈਲਥ ਫਾਰ ਆਲ ਬਾਰੇ ਚਰਚਾ ਕੀਤੀ ਜਾ ਰਹੀ ਹੈ। ਵਿਸ਼ਵ ਸਿਹਤ ਸੰਸਥਾ ਆਨ ਦਾ ਇਕਨਾਮਿਕਸ ਆਫ ਹੈਲਥ ਫਾਰ ਆਲ ਦੇਖਿਆ ਹੈ ਕਿ ਘੱਟੋ-ਘੱਟ 140 ਦੇਸ਼ਾਂ ਨੇ ਆਪਣੇ ਸੰਵਿਧਾਨ 'ਚ ਸਿਹਤ ਨੂੰ ਮਨੁੱਖੀ ਅਧਿਕਾਰ ਵਜੋਂ ਮਾਨਤਾ ਦਿੱਤੀ ਹੈ। ਫਿਰ ਵੀ ਦੇਸ਼ ਇਹ ਯਕੀਨੀ ਬਣਾਉਣ ਲਈ ਕਾਨੂੰਨ ਨੂੰ ਪਾਸ ਨਹੀਂ ਕਰ ਰਹੇ ਹਨ ਅਤੇ ਨਾ ਹੀ ਲਾਗੂ ਕਰ ਰਹੇ ਹਨ। ਉਨ੍ਹਾਂ ਦੀ ਆਬਾਦੀ ਸਿਹਤ ਸੇਵਾਵਾਂ ਤੱਕ ਪਹੁੰਚ ਕਰਨ ਦੇ ਹੱਕਦਾਰ ਹੈ। ਇਸ ਤੱਥ ਦੇ ਮੁਤਾਬਕ ਘੱਟੋ-ਘੱਟ 4.5 ਬਿਲੀਅਨ ਲੋਕ - ਵਿਸ਼ਵ ਦੀ ਅੱਧੀ ਆਬਾਦੀ 2021 'ਚ ਜ਼ਰੂਰੀ ਸਿਹਤ ਸੇਵਾਵਾਂ ਦੁਆਰਾ ਪੂਰੀ ਤਰ੍ਹਾਂ ਕਵਰ ਨਹੀਂ ਕੀਤੀ ਗਈ ਸੀ। ਵਿਸ਼ਵ ਸਿਹਤ ਦਿਵਸ 1948 ਵਿਚ ਵਿਸ਼ਵ ਸਿਹਤ ਸੰਸਥਾ ਦੀ ਸਥਾਪਨਾ ਦੀ ਵਰ੍ਹੇਗੰਢ ਦੀ ਯਾਦ ਵਿਚ ਹਰ ਸਾਲ 7 ਅਪ੍ਰੈਲ ਮਨਾਇਆ ਜਾਂਦਾ ਹੈ। ਲਗਾਤਾਰ ਵੱਧ ਰਹੀਆਂ ਬਿਮਾਰੀਆਂ ਨੂੰ ਕੰਟਰੋਲ ਕਰਨ ਲਈ ਜਨਤਕ ਸਿਹਤ ਲਈ ਹਰ ਸਾਲ ਵਿਸ਼ਵ ਸਿਹਤ ਦਾ ਇੱਕ ਵੱਖਰਾ ਥੀਮ ਰੱਖਿਆ ਜਾਂਦਾ ਹੈ, ਜਿਸ ਨਾਲ ਕਮਿਊਨਿਟੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲੋਕਾਂ ਨੂੰ ਅਵੇਅਰ ਕੀਤਾ ਜਾਂਦਾ ਹੈ।

ਕੀ ਅਸੀਂ ਅਜਿਹੀ ਦੁਨੀਆਂ ਦੀ ਮੁੜ ਕਲਪਨਾ ਕਰ ਸਕਦੇ ਹਾਂ, ਜਿੱਥੇ ਸਾਫ ਹਵਾ, ਸਾਫ ਭੋਜਨ ਸਾਰਿਆਂ ਲਈ ਉਪਲਬੱਧ ਹੋਵੇ? ਸਾਰਿਆਂ ਦੀ ਸਿਹਤ ਮੁਮਕਿਨ ਹੈ, ਜੇ ਹਰ ਆਦਮੀ ਨੂੰ ਖਾਣ-ਪੀਣ ਲਈ ਬਿਨਾਂ ਮਿਲਾਵਟ ਖੁਰਾਕ, ਸਾਫ ਪਾਣੀ ਅਤੇ ਸਾਹ ਲੈਣ ਲਈ ਪ੍ਰਦੂਸ਼ਨ ਰਹਿਤ ਹਵਾ ਮਿਲੇ। ਵਿਸ਼ਵ ਭਰ ਵਿਚ ਕਈ ਮਿਲੀਅਨ ਲੋਕ ਜਾਣੇ-ਪਛਾਣੇ ਪਰਹੇਜ਼ਯੋਗ ਵਾਤਾਵਰਣ ਦੇ ਖਤਰੇ ਕਰਕੇ ਅਚਾਨਕ ਮੌਤਾਂ ਦੇ ਸ਼ਿਕਾਰ ਹੋ ਰਹੇ ਹਨ। ਹਾਲਾਂਕਿ ਅਮਰੀਕਾ ਵਿਚ ਵਾਤਾਵਰਣ ਸੁਰੱਖਿਆ, ਆਰਥਿਕ ਵਿਕਾਸ ਅਤੇ ਸਿਹਤ ਸੇਵਾਵਾਂ ਵਿਚ ਸੁਧਾਰ ਹੋਣ ਨਾਲ ਲੋਕਾਂ ਦੀ ਸਿਹਤ ਵਿਚ ਸੁਧਾਰ ਹੋ ਰਿਹਾ ਹੈ।

**ਆਪਣਾ ਤੇ ਪੂਰੇ ਪਰਿਵਾਰ ਦਾ ਖਿਆਲ ਰੱਖੋ :**

- ਦੁਨੀਆਂ ਭਰ ਵਿਚ ਮੌਸਮ ਮੁਤਾਬਿਕ ਆਊਟਡੋਰ ਐਕਟੀਵਿਟੀ ਹਾਈਕਿੰਗ, ਸਾਈਕਲਿੰਗ ਅਤੇ ਤੇਜ਼ ਰਨਿੰਗ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।
- ਲੰਬੀ ਜ਼ਿੰਦਗੀ ਜੀਊਣ ਲਈ, ਸਰੀਰਕ-ਮਾਨਸਿਕ ਬਿਮਾਰੀਆਂ ਦੇ ਜ਼ੋਖਮ ਨੂੰ ਘਟਾਉਣ ਲਈ ਦੁਨੀਆਂ ਦੇ ਹਰ ਆਦਮੀ ਨੂੰ ਆਪਣੇ ਲਾਈਫ ਸਟਾਇਲ ਵਿਚ ਤਬਦੀਲ਼ੀ ਕਰਨ ਦੀ ਲੋੜ ਹੈ।
- ਪ੍ਰਦੂਸ਼ਨ ਕਾਰਨ ਮਿੱਟੀ-ਘੱਟੇ ਨਾਲ ਵੱਧ ਰਹੀ ਸਾਹ, ਅੱਖਾਂ ਤੇ ਚਮੜੀ ਦੇ ਰੋਗ ਲਗਾਤਾਰ ਵੱਧ ਰਹੇ ਹਨ। ਘਰ ਤੋਂ ਬਾਹਰ ਸਾਹ ਰੋਗ ਤੋਂ ਬਚਣ ਲਈ ਹਮੇਸ਼ਾ ਮਾਸਕ ਵਰਤੋ। ਅੱਖਾਂ ਲਈ ਚੰਗੇ ਸਨ-ਗਲਾਸ ਇਸਤੇਮਾਲ ਕਰੋ।
- ਦੂਸ਼ਿਤ ਪਾਣੀ ਦੇ ਰੋਗਾਂ ਤੋਂ ਬਚਾਅ ਲਈ ਘਰ ਵਿਚ ਤਾਜ਼ਾ ਪੁਦੀਨਾ, 1 ਪਤੀਲਾ ਪਾਣੀ ਉਬਾਲੋ, ਅੱਧਾ ਰਹਿ ਜਾਣ 'ਤੇ ਦਿਨ ਭਰ ਪੀਂਦੇ ਰਹੋ। ਡੇਲੀ ਤਾਜ਼ਾ ਪੁਦੀਨਾ-ਪਾਣੀ ਬਣਾਓ।
- 2-4 ਘੰਟੇ ਘਰ ਤੋਂ ਬਾਹਰ ਰਹਿਣ ਵਾਲੇ ਸੌਣ ਤੋਂ ਪਹਿਲਾਂ ਗਰਮ ਪਾਣੀ ਦੁਆਰਾ ਸਟੀਮ ਜ਼ਰੂਰ ਲਵੋ। ਇਸ ਨਾਲ ਨਥੁਨੇ ਖੁੱਲ੍ਹ ਜਾਣ ਨਾਲ ਚੰਗੀ ਨੀਂਦ ਆਵੇਗੀ।
- ਸਾਹ ਦੀ ਬਿਮਾਰੀ ਅਤੇ ਫੇਫੜਿਆਂ ਨੂੰ ਤਾਕਤ ਦੇਣ ਲਈ ਰੋਜ਼ਾਨਾ 15 ਮਿੰਟ ਲੰਬਾ ਸਾਹ ਲੈਣ ਤੇ ਛੱਡਣ ਦਾ ਅਭਿਆਸ ਜ਼ਰੂਰ ਕਰੋ। ਪਹਿਲਾਂ ਸੱਜੇ ਨਥੁਨੇ ਨੂੰ ਅੰਗੂਠੇ ਨਾਲ ਅਤੇ ਫਿਰ ਖੱਬੇ ਨਥੁਨੇ ਨੂੰ ਅੰਗੂਠੇ ਨਾਲ ਕਵਰ ਕਰਕੇ ਸਾਹ ਲਵੋ ਤੇ ਛੱਡੋ।
- ਸਟ੍ਰੈਸ ਘੱਟ ਕਰਨ ਲਈ ਵਕਤ ਦੇ ਮੁਤਾਬਿਕ ਦਿਨ ਵਿਚ 20 ਮਿੰਟ ਜੰਕ ਮੇਲ ਚੈੱਕ ਤੇ ਗਾਰਬੇਜ ਕਰਨ ਦੇ ਨਾਲ, ਘਰ ਦੇ ਦਰਵਾਜ਼ੇ, ਕਿਚਨ ਤੇ ਕਮਰੇ ਦੇ ਡਰਾਜ, ਫਰਿੱਜ, ਵਿੰਡੋਜ਼ ਦੇ ਨੋਬ-ਹੈਂਡਲ ਸੈਨੀਟਾਈਜ਼ਰ ਨਾਲ ਕਲੀਨ ਕਰੋ।
- ਗਰਮ ਮੌਸਮ ਵਿਚ ਡੀਹਾਈਡ੍ਰੇਸ਼ਨ, ਕਬਜ਼, ਚੱਕਰ ਆਉਣੇ, ਸਿਰ-ਪੀੜ ਵਰਗੀ ਕੰਡੀਸ਼ਨ ਲਈ ਸਾਦਾ ਪਾਣੀ ਰੋਜ਼ਾਨਾ 8-10 ਗਿਲਾਸ ਪੀਓ ਅਤੇ ਕੰਮ ਦੌਰਾਣ ਆਪਣੀ ਪਾਣੀ ਦੀ ਬੋਤਲ ਖਾਲੀ ਨਾ ਹੋਣ ਦਿਓ। ਛੋਟੇ ਬੱਚਿਆਂ ਨੂੰ ਪਾਣੀ ਪਿਲਾਣ ਲਈ ਖਿਆਲ ਮਾਂ-ਬਾਪ ਖੁਦ ਰੱਖਣ।
- ਸਵੇਰੇ ਜਾਗਦੇ ਹੀ ਬਿਨਾਂ ਕੁੱਲਾ ਕੀਤੇ ਰਾਤ ਦਾ ਤਾਂਬੇ ਦੇ ਭਾਂਡੇ ਵਿਚ ਰੱਖਿਆ ਪਾਣੀ ਇਸਤੇਮਾਲ ਕਰਨ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਕਸਰਤ ਤੇ ਸੈਰ ਸ਼ੁਰੂ ਕਰਨ ਤੋਂ ਪਹਿਲਾਂ ਗ੍ਰੀਨ-ਟੀ ਜਾਂ ਬਿਨਾ ਦੁੱਧ ਬਲੈਕ ਟੀ ਪੀਣ ਨਾਲ ਸਰੀਰ ਨੂੰ ਐਨਰਜੀ ਮਿਲਦੀ ਹੈ। ਵੱਧ ਕੋਲੇਸਟ੍ਰੋਲ ਵਾਲੇ ਫਾਇਦਾ ਲੈ ਸਕਦੇ ਹਨ।
- ਥੱਕ ਜਾਣ ਦੀ ਹਾਲਤ ਵਿਚ ਆਰਾਮ ਕਰੋ ਤੇ ਨੀਂਦ ਪੂਰੀ ਲਵੋ। ਬੈੱਡ 'ਤੇ ਜਾਣ ਦੇ ਵੇਲੇ ਇੱਕ ਘੰਟਾ ਪਹਿਲਾਂ ਲੈਪਟੋਪ, ਸੇਲ ਫੋਨ ਤੇ ਲਾਈਟਾਂ ਬੰਦ ਕਰ ਦਿਓ, ਕਿਉਂਕਿ ਇਹ ਡਿਸਟਰਬੈਂਸ ਸਰੀਰ ਅੰਦਰ ਮੇਲਾਟੋਨਿਨ ਹਾਰਮੋਨ ਨੀਂਦ ਘਟਾ ਸਕਦਾ ਹੈ। ਕੋਸ਼ਿਸ਼ ਕਰੋ ਵਕਤ 'ਤੇ ਬੈਡ 'ਤੇ ਜਾਣ ਦੀ ਅਤੇ ਸਵੇਰੇ ਛੇਤੀ ਜਾਗਣ ਦੀ।
- ਆਪਣੇ ਕੰਮਕਾਜ ਦੇ ਰੁਟੀਨ ਮੁਤਾਬਿਕ ਰੋਜ਼ਾਨਾ ਵਰਕ-ਆਊਟ, ਤੇਜ਼ ਸੈਰ, ਜਾਗਿੰਗ, ਯੋਗਾ ਅਤੇ ਮੇਡੀਟੇਸ਼ਨ ਕਰਨ ਦੀ ਆਦਤ ਪਾ ਲਵੋ।
- ਸਰੀਰ ਨੂੰ ਖੁਰਾਕੀ ਤੱਤ ਦੇਣ ਅਤੇ ਫ੍ਰੈਸ਼ ਸਬਜ਼ੀਆਂ ਲਈ ਆਪਣੇ ਗਾਰਡਨ ਵਿਚ ਉਗਾਓ, ਖਾਓ ਤੇ ਤੰਦਰੁਸਤ ਬਣੋ। ਫਰੋਜ਼ਨ ਵਸਤਾਂ ਦਾ ਇਸਤੇਮਾਲ ਘੱਟ ਕਰੋ।
- ਸਰੀਰ ਨੂੰ ਖੁਰਾਕੀ ਤੱਤ ਦੇਣ ਅਤੇ ਫ੍ਰੈਸ਼ ਸਬਜ਼ੀਆਂ ਲਈ ਆਪਣੇ ਗਾਰਡਨ ਵਿਚ ਉਗਾਓ, ਖਾਓ ਤੇ ਤੰਦਰੁਸਤ ਬਣੋ। ਫਰੋਜ਼ਨ ਵਸਤਾਂ ਦਾ ਇਸਤੇਮਾਲ ਘੱਟ ਕਰੋ।
- ਭੁੱਖ ਲਗਣ 'ਤੇ ਹੀ ਕੁੱਝ ਖਾਓ, ਸੰਤੁਸ਼ਟੀ ਜੋ ਜਾਣ ਤੇ ਖਾਣਾ-ਪੀਣਾ ਬੰਦ ਕਰ ਦਿਓ। ਜ਼ਰੂਰਤ ਤੋਂ ਵੱਧ ਖਾਣਾ-ਪੀਣਾ ਬਿਮਾਰੀਆਂ ਨੂੰ ਸੱਦਾ ਦੇਣਾ ਹੈ। ਆਪਣੇ ਸਰੀਰ ਨਾਲ ਪਿਆਰ ਅਤੇ ਕੇਅਰ ਕਰੋ।

ਨੋਟ : ਵਿਸ਼ਵ ਭਰ 'ਚ ਹਰ ਆਦਮੀ ਨੂੰ ਆਪਣੇ ਸਿਹਤ ਨਾਲ ਜੁੜੇ ਹੱਕਾਂ ਬਾਰੇ ਅਤੇ ਆਮ ਤੋਂ ਖਾਸ ਬਿਮਾਰੀਆਂ ਤੋਂ ਬਚਣ ਲਈ ਜਾਗਰੂਕ ਹੋਣ ਦੀ ਲੋੜ ਹੈ।

# ਪੰਜਾਬ ਵਿਚ ਸਾਵਣ ਮਹੀਨੇ ਤੋਂ ਪਹਿਲਾਂ ਦਲ ਬਦਲੀਆਂ ਦੀ ਬਰਸਾਤ

ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਸਿਆਸਤ ਖਾਸ ਤੌਰ 'ਤੇ ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾਵਾਂ ਵਿਚ ਆਈ ਗਿਰਾਵਟ ਦੀ ਇਸ ਤੋਂ ਵੱਡੀ ਉਦਾਹਰਣ ਹੋਰ ਕੋਈ ਨਹੀਂ ਹੋ ਸਕਦੀ, ਜਦੋਂ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਆਪਣੀਆਂ ਹਾਰਾਂ ਦੀ ਮੂੰਹ ਬੋਲਦੀ ਤਸਵੀਰ ਵੇਖਣ ਤੋਂ ਬਾਅਦ, ਵਿਚਾਰਧਾਰਾ ਦੀ ਨੀਤੀ ਨੂੰ ਤਿਲਾਂਜਲੀ ਦੇ ਕੇ ਸਿਆਸਤਦਾਨਾਂ ਵੱਲੋਂ ਦਲ ਬਦਲੀਆਂ ਕੀਤੀਆਂ ਜਾ ਰਹੀਆਂ ਹਨ। ਐੱਨ.ਡੀ.ਏ. ਅਤੇ ਇੰਡੀਆ ਦੋਵੇਂ ਡਰੇ ਹੋਏ ਹਨ। ਦੋਹਾਂ ਧਿਰਾਂ ਦੀ ਸਿਰ ਧੜ ਦੀ ਬਾਜ਼ੀ ਲੱਗੀ ਹੋਈ ਹੈ। ਐੱਨ.ਡੀ.ਏ. ਨੇ ਹਰ ਹਾਲਤ ਵਿਚ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਦੀ ਰਣਨੀਤੀ ਬਣਾਈ ਹੋਈ। ਇੰਡੀਆ ਗੱਠਜੋੜ ਮਹਿਸੂਸ ਕਰਦਾ ਹੈ ਕਿ ਜੇਕਰ ਇਸ ਵਾਰ ਭਾਰਤੀ ਜਨਤਾ ਪਾਰਟੀ ਜਿੱਤ ਗਈ, ਤਾਂ ਮੁੜਕੇ ਭਾਰਤੀ ਜਨਤਾ ਪਾਰਟੀ ਨੇ ਸੰਵਿਧਾਨ ਵਿਚ ਤਬਦੀਲੀ ਕਰਕੇ ਰੂਸ ਦੇ ਰਾਸ਼ਟਰਪਤੀ ਪੁਤਿਨ ਦੀ ਤਰ੍ਹਾਂ ਚੋਣਾ ਹੋਣ ਹੀ ਨਹੀਂ ਦੇਣੀਆਂ, ਸਿਰਫ ਨਾਂ ਦਾ ਹੀ ਪਰਜਾਤੰਤਰ ਰਹਿ ਜਾਵੇਗਾ। ਹਾਲਾਂਕਿ ਇਹ ਸਭ ਕਿਆਸ ਅਰਾਈਆਂ ਹਨ ਪ੍ਰੰਤੂ ਇਹ ਕਿਆਸ ਅਰਾਈਆਂ ਹੀ ਦੋਹਾਂ ਧੜਿਆਂ ਦੀ ਧੜਕਣ ਵਧਾ ਰਹੀਆਂ ਹਨ, ਜਿਸ ਕਰਕੇ ਦਲ ਬਦਲੀਆਂ ਦਾ ਦੌਰ ਚੱਲ ਰਿਹਾ ਹੈ। ਪੰਜਾਬ ਵਿਚ ਭਾਵੇਂ ਇਹ ਵੋਟਾਂ ਭਾਰਤ ਦੇ ਬਾਕੀ ਸੂਬਿਆਂ ਤੋਂ ਬਾਅਦ ਵਿਚ 1 ਜੂਨ, 2024 ਨੂੰ ਪੈਣੀਆਂ ਹਨ ਪ੍ਰੰਤੂ ਪੰਜਾਬ ਵਿਚ ਸਾਉਣ ਦਾ ਮਹੀਨਾ ਆਉਣ ਤੋਂ 4 ਮਹੀਨੇ ਪਹਿਲਾਂ ਹੀ ਦਲ ਬਦਲੀਆਂ ਦੀ ਬਰਸਾਤ ਸ਼ੁਰੂ ਹੋ ਗਈ ਹੈ। ਜੇਕਰ ਇਹ ਕਹਿ ਲਈਏ ਕਿ ਦਲ ਬਦਲੀਆਂ ਦੀ ਬੇਮੌਸਮੀ ਝੜੀ ਹੀ ਲੱਗ ਗਈ ਹੈ, ਤਾਂ ਵੀ ਕੋਈ ਅਤਕਥਨੀ ਨਹੀਂ ਹੋਵੇਗੀ। ਅਜੇ ਵੀ ਸਿਆਸੀ ਦਲ ਬਦਲੀਆਂ ਦੇ ਬੱਦਲ ਗਰਜ ਰਹੇ ਹਨ ਤੇ ਕਾਲੀਆਂ ਘਟਾਵਾਂ ਸਿਆਸੀ ਅਸਮਾਨ ਵਿਚ ਚੜ੍ਹੀਆਂ ਹੋਈਆਂ ਲੁੱਕਣਮੀਟੀ ਖੇਡ ਰਹੀਆਂ ਹਨ, ਇਹ ਕਿਸੇ ਵੀ ਮੌਕੇ ਵਰਸ ਸਕਦੀਆਂ ਹਨ। ਇਹ ਵੀ ਦੋਸ਼ ਲੱਗ ਰਹੇ ਹਨ ਕਿ ਸਿਆਸਤਦਾਨਾਂ ਦੀਆਂ ਮੰਡੀਆਂ ਲੱਗੀਆਂ ਹੋਈਆਂ ਹਨ, ਵਧੇਰੇ ਬੋਲੀਆਂ ਦੇਣ ਵਾਲੇ ਖਰੀਦ ਰਹੇ ਹਨ। ਹਾਲਾਂਕਿ 2019 ਦੀਆਂ ਲੋਕ ਸਭਾ ਚੋਣਾਂ ਸਮੇਂ ਲਗਪਗ 80 ਨੇਤਾਵਾਂ ਨੇ ਦਲ ਬਦਲ ਕੇ ਚੋਣਾਂ ਲੜੀਆਂ ਸਨ, ਜਿਨ੍ਹਾਂ ਵਿਚੋਂ ਸਿਰਫ ਅੱਧੇ ਹੀ ਚੋਣ ਜਿੱਤ ਸਕੇ ਸਨ। ਪੰਜਾਬ ਵਿਚ ਸਿਆਸੀ ਭੰਬਲਭੂਸਾ ਪਿਆ ਹੋਇਆ ਹੈ, ਸਿਆਸਤਦਾਨਾਂ ਵਿਚ ਖਲਬਲੀ ਮੱਚੀ ਪਈ ਹੈ। ਦਲ ਬਦਲੀਆਂ ਵੀ ਪ੍ਰਮੁੱਖ ਸਿਆਸੀ ਪਾਰਟੀਆਂ ਕਾਂਗਰਸ ਅਤੇ ਰਾਜ ਚਲਾ ਰਹੀ ਆਮ ਆਦਮੀ ਪਾਰਟੀ ਦੇ ਵੱਡੇ ਨੇਤਾ ਕਰ ਰਹੇ ਹਨ। ਸਭ ਤੋਂ ਵੱਧ ਖ਼ੋਰਾ ਕਾਂਗਰਸ ਪਾਰਟੀ ਨੂੰ ਲੱਗ ਰਿਹਾ ਹੈ। ਦੂਜੇ ਨੰਬਰ 'ਤੇ ਆਮ ਆਦਮੀ ਪਾਰਟੀ ਆਉਂਦੀ ਹੈ, ਜਿਸ ਦੇ ਨੇਤਾ ਧੜਾਧੜ ਪਾਰਟੀ ਨੂੰ ਅਲਵਿਦਾ ਕਹਿ ਰਹੇ ਹਨ। ਹਾਲਾਂਕਿ ਰਾਜ ਕਰ ਰਹੀ ਪਾਰਟੀ ਵਿਚੋਂ ਆਮ ਤੌਰ 'ਤੇ ਦਲ ਬਦਲੀ ਨਹੀਂ ਹੋਣੀ ਚਾਹੀਦੀ, ਜਦੋਂਕਿ ਵਿਧਾਨ ਸਭਾ ਵਿਚ ਉਨ੍ਹਾਂ ਕੋਲ ਵੱਡਾ ਬਹੁਮਤ ਹੈ। ਪਟਿਆਲਾ ਤੋਂ ਕਾਂਗਰਸ ਪਾਰਟੀ ਦੀ ਲੋਕ ਸਭਾ ਮੈਂਬਰ ਮਹਾਰਾਣੀ ਪਰਨੀਤ ਕੌਰ ਸਾਬਕਾ ਮੁੱਖ ਮੰਤਰੀ ਪੰਜਾਬ ਕੈਪਟਨ






ਅਮਰਿੰਦਰ ਸਿੰਘ ਦੀ ਪਤਨੀ ਨੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਕੇ ਦਲ ਬਦਲੀਆਂ ਦਾ ਮਹੂਰਤ ਕੀਤਾ ਸੀ। ਪਰਨੀਤ ਕੌਰ 4 ਵਾਰ ਪਟਿਆਲਾ ਸੰਸਦੀ ਹਲਕੇ ਤੋਂ ਲੋਕ ਸਭਾ ਦੇ ਮੈਂਬਰ ਅਤੇ 2009 ਤੋਂ 2014 ਤੱਕ ਡਾ. ਮਨਮੋਹਨ ਸਿੰਘ ਦੀ ਸਰਕਾਰ ਵਿਚ ਕੇਂਦਰੀ ਵਿਦੇਸ਼ ਰਾਜ ਮੰਤਰੀ ਰਹੇ ਹਨ। ਉਨ੍ਹਾਂ ਤੋਂ ਬਾਅਦ ਪੰਜਾਬ ਪ੍ਰਦੇਸ਼ ਕਾਂਗਰਸ ਦੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਡਿਪਟੀ ਨੇਤਾ ਰਾਜ ਕੁਮਾਰ ਚੱਬੇਵਾਲ ਨੇ ਕਾਂਗਰਸ ਪਾਰਟੀ ਤੋਂ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜ੍ਹ ਲਿਆ ਹੈ। ਉਹ 2022 ਵਿਚ ਚੱਬੇਵਾਲ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੁਣੇ ਗਏ ਸਨ ਅਤੇ ਇਸ ਸਮੇਂ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਡਿਪਟੀ ਲੀਡਰ ਸਨ। ਉਸ ਤੋਂ ਬਾਅਦ ਬੱਸੀ ਪਠਾਣਾਂ ਤੋਂ ਕਾਂਗਰਸ ਪਾਰਟੀ ਦੇ 2017 ਵਿਚ ਚੁਣੇ ਗਏ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ.ਪੀ. ਨੇ ਵੀ ਪਾਰਟੀ ਤੋਂ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ ਵਿਚ ਚਲੇ ਗਏ ਹਨ। ਗੁਰਪ੍ਰੀਤ ਸਿੰਘ ਜੀ.ਪੀ. ਨੂੰ ਫਤਿਹਗੜ੍ਹ ਸਾਹਿਬ ਰਾਖਵੀਂ ਸੀਟ ਤੋਂ ਆਮ ਆਦਮੀ ਪਾਰਟੀ ਨੇ ਉਮੀਦਵਾਰ ਬਣਾਇਆ ਹੈ। ਲੁਧਿਆਣਾ ਤੋਂ ਕਾਂਗਰਸ ਪਾਰਟੀ ਦੇ ਤਿੰਨ ਵਾਰ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ। ਰਵਨੀਤ ਸਿੰਘ ਬਿੱਟੂ ਮਰਹੂਮ ਮੁੱਖ ਮੰਤਰੀ ਸ. ਬੇਅੰਤ ਸਿੰਘ ਦਾ ਪੋਤਰਾ ਹੈ। ਬਿੱਟੂ ਲੋਕ ਸਭਾ ਵਿਚ ਕਾਂਗਰਸ ਪਾਰਟੀ ਦੇ ਚੀਫ਼ ਅਤੇ ਵਿਰੋਧੀ ਧਿਰ ਦਾ ਨੇਤਾ ਵੀ ਰਿਹਾ ਹੈ। ਉਹ ਰਾਹੁਲ ਗਾਂਧੀ ਦਾ ਚਹੇਤਾ ਗਿਣਿਆਂ ਜਾਂਦਾ ਸੀ। ਸ. ਬੇਅੰਤ ਸਿੰਘ ਪੰਜਾਬ ਦੇ ਮਾੜੇ ਅਫ਼ਰਾ-ਤਫ਼ਰੀ ਵਾਲੇ ਦਿਨਾਂ ਵਿਚ ਸਾਢੇ 9 ਸਾਲ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਰਿਹਾ। 19 ਫਰਵਰੀ, 1992 ਨੂੰ ਉਨ੍ਹਾਂ ਦੀ ਅਗਵਾਈ ਵਿਚ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਨੇ 92 ਵਿਧਾਨ ਸਭਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਦੀਆਂ ਸੀਟਾਂ ਜਿੱਤੀਆਂ ਸਨ। 31 ਜਨਵਰੀ 1995 ਨੂੰ ਉਹ ਮੁੱਖ ਮੰਤਰੀ ਹੁੰਦਿਆਂ ਸਿਵਲ ਸਕੱਤਰੇਤ ਦੇ ਬਾਹਰ ਇਕ ਬੰਬ ਬਲਾਸਟ ਵਿਚ ਸਵਰਗਵਾਸ ਹੋ ਗਏ ਸਨ। ਰਵਨੀਤ ਸਿੰਘ ਬਿੱਟੂ ਪੰਜਾਬ ਯੂਥ ਕਾਂਗਰਸ ਦਾ ਪਹਿਲਾ ਚੁਣਿਆਂ ਹੋਇਆ ਪ੍ਰਧਾਨ ਸੀ। ਉਸ ਤੋਂ ਬਾਅਦ ਉਹ ਰੂਪ ਨਗਰ ਦੇ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ 2009, ਲੁਧਿਆਣਾ ਤੋਂ 2014 ਅਤੇ 2019 ਵਿਚ ਮੈਂਬਰ ਚੁਣੇ ਗਏ ਸਨ। ਆਮ ਆਦਮੀ ਪਾਰਟੀ ਦੇ ਜਲੰਧਰ ਤੋਂ ਲੋਕ ਸਭਾ ਦੇ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਸ਼ੀਤਲ ਅੰਗੁਰਾਲ ਵੀ ਅਸਤੀਫ਼ੇ ਦੇ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਸੁਸ਼ੀਲ ਕੁਮਾਰ ਰਿੰਕੂ 2017 ਵਿਚ ਜਲੰਧਰ ਪੱਛਮੀਂ ਤੋਂ ਸ਼ੀਤਲ ਅੰਗੁਰਾਲ ਨੂੰ ਹਰਾ ਕੇ ਕਾਂਗਰਸ ਪਾਰਟੀ ਦੇ ਵਿਧਾਇਕ ਚੁਣੇ ਗਏ ਸਨ। ਉਹ ਜਲੰਧਰ ਉਪ ਚੋਣ ਤੋਂ ਕੁਝ ਦਿਨ ਪਹਿਲਾਂ ਕਾਂਗਰਸ ਵਿਚੋਂ ਅਸਤੀਫਾ ਦੇ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਜਨਵਰੀ 2023 ਵਿਚ ਕਾਂਗਰਸ ਦੇ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦੌਰਾਨ ਦਿਲ ਦਾ ਦੌਰ ਪੈਣ ਕਰਕੇ ਅਚਾਨਕ ਸਵਰਗਵਾਸ ਹੋ ਜਾਣ ਤੋਂ ਬਾਅਦ ਉਹ 13 ਮਈ, 2023 ਨੂੰ ਹੋਈ ਉਪ ਚੋਣ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਤੌਰ 'ਤੇ ਲੋਕ ਸਭਾ ਲਈ ਚੁਣੇ ਗਏ ਸਨ। ਭਾਰਤੀ ਜਨਤਾ ਪਾਰਟੀ ਨੇ ਪਰਨੀਤ ਕੌਰ, ਰਵਨੀਤ ਸਿੰਘ ਬਿੱਟੂ, ਸੁਸ਼ੀਲ ਕੁਮਾਰ ਰਿੰਕੂ ਅਤੇ ਆਮ ਆਦਮੀ ਪਾਰਟੀ ਨੇ ਗੁਰਪ੍ਰੀਤ ਸਿੰਘ ਜੀ.ਪੀ. ਨੂੰ ਟਿਕਟਾਂ ਦੇ ਕੇ ਨਿਵਾਜਿਆ ਹੈ। ਤਰਨਜੀਤ ਸਿੰਘ ਸੰਧੂ ਦੇਸ਼ ਭਗਤ ਤੇਜਾ ਸਿੰਘ ਸਮੁੰਦਰੀ ਦਾ ਪੋਤਰੇ ਤੇ ਬਿਸ਼ਨ ਸਿੰਘ ਸਮੁੰਦਰੀ ਦੇ ਪੁੱਤਰ ਹਨ। ਉਹ ਵਿਦੇਸ਼ ਸੇਵਾ ਵਿਚੋਂ ਸੇਵਾਮੁਕਤ ਹੋਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੂੰ ਬੀ.ਜੇ.ਪੀ. ਨੇ ਅੰਮ੍ਰਿਤਸਰ ਤੋਂ ਟਿਕਟ ਦਿੱਤੀ ਹੈ। ਤੇਜਾ ਸਿੰਘ ਸਮੁੰਦਰੀ ਸਿਰਮੌਰ ਅਕਾਲੀ ਸਨ, ਜਿਨ੍ਹਾਂ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਚ ਤੇਜਾ ਸਿੰਘ ਸਮੁੰਦਰੀ ਹਾਲ ਬਣਿਆਂ ਹੋਇਆ ਹੈ। ਇਨ੍ਹਾਂ ਦਲ ਬਦਲੀਆਂ ਨੂੰ ਵੇਖਕੇ ਇਉਂ ਮਹਿਸੂਸ ਹੋ ਰਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਕੋਲ ਲੋਕ ਸਭਾ ਦੀਆਂ ਚੋਣਾਂ ਲੜਨ ਲਈ ਯੋਗ ਉਮੀਦਵਾਰ ਹੀ ਨਹੀਂ ਹਨ, ਜਿਸ ਕਰਕੇ ਉਹ ਦੂਜੀਆਂ ਪਾਰਟੀਆਂ 'ਚੋਂ ਦਲ ਬਦਲੀ ਕਰਵਾ ਰਹੇ ਹਨ। ਲੋਕਤੰਤਰ ਵਿਚ ਇਹ ਰੁਝਾਨ ਬੜਾ ਖ਼ਤਰਨਾਕ ਸਾਬਤ ਹੋ ਸਕਦਾ ਹੈ। ਪੰਜਾਬ ਦੇ ਲੋਕ ਮਹਿਸੂਸ ਕਰਦੇ ਹਨ ਕਿ ਭਾਰਤੀ ਜਨਤਾ ਪਾਰਟੀ ਸਰਕਾਰੀ ਤੰਤਰ ਈ.ਡੀ. ਅਤੇ ਸੀ.ਬੀ.ਆਈ. ਦੇ ਦਬਾਅ ਨਾਲ ਇਨ੍ਹਾਂ ਨੇਤਾਵਾਂ ਨੂੰ ਆਪਣੀ ਪਾਰਟੀ ਵਿਚ ਸ਼ਾਮਲ ਕਰ ਰਹੇ ਹਨ। ਪ੍ਰੰਤੂ ਸੋਚਣ ਵਾਲੀ ਗੱਲ ਹੈ ਕਿ ਜਦੋਂ ਆਪਣੇ ਸਿੱਕੇ ਹੀ ਖੋਟੇ ਹੋਣ, ਫਿਰ ਦੁਕਾਨਦਾਰ 'ਤੇ ਦੋਸ਼ ਕਿਵੇਂ ਦਿੱਤਾ ਜਾ ਸਕਦਾ ਹੈ। ਸਿਆਸਤਦਾਨ ਇਕ ਦੂਜੀ ਪਾਰਟੀ ਦੇ ਨੇਤਾਵਾਂ ਨੂੰ ਭ੍ਰਿਸ਼ਟਾਚਾਰ ਵਿਚ ਲਿਪਟੇ ਹੋਏ ਕਹਿੰਦੇ ਹਨ ਪ੍ਰੰਤੂ ਜਦੋਂ ਉਨ੍ਹਾਂ ਦੀਆਂ ਪਾਰਟੀਆਂ ਵਿਚ ਇਹ ਨੇਤਾ ਸ਼ਾਮਲ ਹੁੰਦੇ ਹਨ, ਤਾਂ ਉਹ ਇਮਾਨਦਾਰ ਕਿਵੇਂ ਹੋ ਜਾਂਦੇ ਹਨ? ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚੋਂ ਵੀ ਦਲ ਬਦਲੀਆਂ ਹੋ ਰਹੀਆਂ ਹਨ। ਸੁਖਦੇਵ ਸਿੰਘ ਢੀਂਡਸਾ ਨੇ ਆਪਣਾ ਸੰਯੁਕਤ ਅਕਾਲੀ ਦਲ, ਸ਼੍ਰੋਮਣੀ ਅਕਾਲੀ ਦਲ ਵਿਚ ਮਰਜ ਕਰਕੇ ਵਾਪਸ ਆ ਗਿਆ ਹੈ। ਏਸੇ ਤਰ੍ਹਾਂ ਬੀਬੀ ਜਾਗੀਰ ਕੌਰ ਨੇ ਵੀ ਮੁੜਕੇ ਅਕਾਲੀ ਦਲ ਦਾ ਪੱਲਾ ਫੜ੍ਹ ਲਿਆ ਹੈ। ਲਵ ਕੁਮਾਰ ਗੋਲਡੀ ਅਤੇ ਮਲਕੀਤ ਸਿੰਘ ਬੀਰਮੀ ਦੋਵੇਂ ਸਾਬਕਾ ਵਿਧਾਨਕਾਰਾਂ ਨੇ ਕਰਮਵਾਰ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਤੋਂ ਅਸਤੀਫ਼ਾ ਦੇ ਕੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਲਵ ਕੁਮਾਰ ਗੋਲਡੀ 2004 ਅਤੇ 2009 ਵਿਚ ਗੜ੍ਹਸ਼ੰਕਰ ਹਲਕੇ ਤੋਂ ਕਾਂਗਰਸ ਪਾਰਟੀ ਦੇ ਵਿਧਾਨਕਾਰ ਰਹੇ ਹਨ। 2022 ਵਿਚ ਕੈਪਟਨ ਅਮਰਿੰਦਰ ਸਿੰਘ ਨਾਲ ਕਾਂਗਰਸ ਛੱਡ ਗਏ ਸਨ, ਫਿਰ ਕੈਪਟਨ ਨਾਲ ਹੀ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਮਲਕੀਤ ਸਿੰਘ ਬੀਰਮੀ 1992 ਵਿਚ ਲੁਧਿਆਣਾ ਦਿਹਾਤੀ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਚੁਣੇ ਗਏ ਸਨ, ਉਹ ਹਰਚਰਨ ਸਿੰਘ ਬਰਾੜ ਦੇ ਮੰਤਰੀ ਮੰਡਲ ਵਿਚ ਮੰਤਰੀ ਰਹੇ ਹਨ। ਉਹ ਕਾਂਗਰਸ ਪਾਰਟੀ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ। ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚੋਂ ਵੀ ਛੋਟੇ-ਮੋਟੇ ਨੇਤਾ ਖਿਸਕ ਰਹੇ ਹਨ। ਪ੍ਰੇਮ ਸਿੰਘ ਚੰਦੂਮਾਜਰਾ ਦਾ ਭਾਣਜਾ ਹਰਵਿੰਦਰ ਸਿੰਘ ਹਰਪਾਲਪੁਰ ਅਤੇ ਪ੍ਰਿੰਸੀਪਲ ਡਾ. ਤੇਜਾ ਸਿੰਘ ਵੀ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਕੁਝ ਇਸ ਦਲ ਬਦਲੀ ਨੂੰ ਘਰ ਵਾਪਸੀ ਦਾ ਨਾਮ ਦੇ ਰਹੇ ਹਨ।

# ਛੁੱਟੜ

## ਕਹਾਣੀ

-ਜਨਮੇਜਾ ਸਿੰਘ ਜੌਹਲ
janmeja@gmail.com
(Punjab Mail USA)



ਜੱਸੀ ਇਕ ਸੋਹਣਾ-ਸੁਨੱਖਾ ਨੌਜਵਾਨ ਸੀ। ਉਸਦੀ ਹੁਣੇ ਹੀ ਵਿਸ਼ਵ ਵਿਦਿਆਲੇ ਵਿਚ ਨੌਕਰੀ ਲੱਗੀ ਸੀ। ਦਿਲ ਕੀਤਾ ਕਿ ਉਸਨੂੰ ਮਿਲ ਕੇ ਆਵਾਂ। ਕਮਰੇ ਵਿਚ ਉਸਦੇ ਕੋਲ ਇਕ ਲੜਕੀ ਬੈਠੀ ਸੀ। ਕੁਰਸੀ 'ਤੇ ਹਾਲੇ ਬੈਠ ਹੀ ਰਿਹਾ ਸੀ ਕਿ ਜੱਸੀ ਕਹਿੰਦਾ ਇਹ ਸ਼ਮੀਰੋ ਹੈ। ਆਪਣੇ ਇੱਥੇ ਹੀ ਪੜ੍ਹ ਰਹੀ ਹੈ। ਜੱਸੀ ਨੇ ਸੇਵਾਦਾਰ ਨੂੰ ਕਿਹਾ ਕਿ ਸਰ ਵਾਸਤੇ ਵੀ ਚਾਹ ਦਾ ਕੱਪ ਤੇ ਪਕੌੜੇ ਲੈ ਆ। ਥੋੜੀ ਦੇਰ ਬਾਅਦ ਸੇਵਾਦਾਰ ਕੱਲੀ ਚਾਹ ਲੈ ਆਇਆ ਤੇ ਕਹਿੰਦਾ

-ਜੀ ਪਕੌੜੇ ਮੁੱਕ ਗਏ, ਲੰਚ ਟਾਇਮ ਹੋ ਗਿਆ ਜੀ।

ਨਿੱਕੀਆਂ ਗੱਲਾਂ ਤੋਂ ਬਾਅਦ ਲੱਗਾ ਕਿ ਮੈਂ ਉਨ੍ਹਾਂ ਦਾ ਟਾਇਮ ਖਰਾਬ ਕਰ ਰਿਹਾਂ, ਸੋ ਉੱਥੋਂ ਕੰਮ ਦਾ ਬਹਾਨਾ ਲਾ ਕੇ ਉੱਠ ਆਇਆ।

ਮੇਰਾ ਇਕ ਦੋਸਤ ਕਿਸੇ ਵੱਡੀ ਕੰਪਨੀ ਦਾ ਖੇਤਰੀ ਅਫਸਰ ਸੀ, ਇਕ ਦਿਨ ਉਹ ਮੈਨੂੰ ਆਪਣੇ ਜ਼ਿਲ੍ਹੇ ਵਿਚ ਕਾਰਖਾਨੇ ਦਾ ਮੁਆਇਨਾ ਕਰਨ ਨਾਲ ਲੈ ਗਿਆ। ਵੱਡੇ ਅਫਸਰ ਨੂੰ ਵੇਖ ਸੇਵਾਦਾਰ ਸਾਨੂੰ ਸਿੱਧਾ ਮੈਨੇਜਰ ਕੋਲ ਲੈ ਗਿਆ। ਮੈਨੂੰ ਵੇਖ ਕੇ ਮੈਨੇਜਰ ਸਾਹਿਬਾ ਖੁਸ਼ ਹੋ ਗਈ। ਇਹ ਤਾਂ ਸ਼ਮੀਰੋ ਹੀ ਸੀ। ਉਨ੍ਹਾਂ ਦੋਨਾਂ ਨੇ ਕਾਫੀ ਦਫਤਰੀ ਗੱਲਾਂ ਕੀਤੀਆਂ। ਇੰਨੇ ਚਿਰ ਵਿਚ ਚਾਹ ਤੇ ਸਮੋਸੇ ਆ ਗਏ। ਮੈਡਮ ਨੇ ਸੇਵਾਦਾਰ ਨੂੰ ਕਿਹਾ,

-ਤੈਨੂੰ ਤਾਂ ਪਨੀਰ ਦੇ ਪਕੌੜੇ ਕਿਹਾ ਸੀ।

-ਜੀ ਮੈਡਮ ਪਰ ਪਨੀਰ ਮੁੱਕ ਗਿਆ ਸੀ, ਸੋ ਸਮੋਸੇ ਲੈ ਆਇਆ ਹਾਂ।

ਕੁਝ ਦੇਰ ਬਾਅਦ ਅਸੀਂ ਵਾਪਸ ਆ ਗਏ।

ਨਾਲ ਦੇ ਸ਼ਹਿਰ ਦੇ ਇਕ ਕਾਲਜ ਵਿਚ ਮੇਰਾ ਲੈਕਚਰ ਰੱਖਿਆ ਹੋਇਆ ਸੀ। ਉੱਥੇ ਹੋਰ ਵੀ ਲੋਕ ਆਏ ਹੋਏ ਸਨ। ਮੇਰੇ ਸਾਹਮਣੇ ਇਕ ਜੋੜਾ ਬੈਠਾ ਸੀ। ਪਹਿਲਾਂ ਤਾਂ ਮੈਂ ਧਿਆਨ ਨਾ ਦਿੱਤਾ, ਥੋੜੀ ਦੇਰ ਬਾਅਦ ਯਾਦ ਆਇਆ ਕਿ ਇਹ ਤਾਂ ਸ਼ਮੀਰੋ ਹੈ। ਸ਼ਾਇਦ ਨਾਲ ਘਰਵਾਲਾ ਹੋਵੇਗਾ। ਉਸਨੇ ਮੈਨੂੰ ਅੱਖੋਂ-ਪਰੋਖੇ ਕਰ ਦਿੱਤਾ। ਮੈਂ ਵੀ ਚੁੱਪ ਰਹਿਣ 'ਚ ਭਲਾਈ ਸਮਝੀ, ਥੋੜੀ ਦੇਰ 'ਚ ਚਾਹ, ਸਮੋਸੇ ਤੇ ਮਠਿਆਈ ਆ ਗਈ। ਪ੍ਰਿੰਸੀਪਲ ਨੇ ਦੱਸਿਆ ਕੇ ਸਾਡੇ ਇੱਥੇ ਪਨੀਰ ਦੇ ਪਕੌੜੇ ਬਣਦੇ ਹਨ, ਪਰ ਅੱਜ ਬੁੱਧਵਾਰ ਹਲਵਾਈ ਛੁੱਟੀ ਕਰਦਾ ਹੈ। ਸ਼ਮੀਰੋ ਦਾ ਹਾਸਾ ਨਿਕਲਣੋਂ ਮਸੀਂ ਬਚਿਆ, ਉਹ ਹਾਸਾ ਜੀਰ ਗਈ, ਪਰ ਮੇਰੀਆਂ ਨਜ਼ਰਾਂ ਤੋਂ ਬਚ ਨਾ ਸਕੀ। ਮੈਂ ਵੀ ਮੂੰਹ ਫੇਰ ਲਿਆ, ਜਿਵੇਂ ਮੈਨੂੰ ਵੀ ਕੁਝ ਯਾਦ ਨਾ ਆਇਆ ਹੋਵੇ।

ਕੁਝ ਦੋਸਤਾਂ ਦੇ ਸੱਦੇ 'ਤੇ ਆਸਟਰੇਲੀਆ ਆਇਆ ਸੀ। ਇੱਥੇ ਸਾਡੇ ਪੁਰਾਣੇ ਵਿਦਿਆਰਥੀਆਂ ਦੀ ਜੱਥੇਬੰਦੀ ਨੇ ਸਮਾਗਮ ਰੱਖਿਆ ਸੀ। ਸੰਗੀਤ ਚੱਲ ਰਿਹਾ ਸੀ ਤੇ ਲੋਕ ਖਾ ਪੀ ਰਹੇ ਸਨ। ਮੈਂ ਸੰਗਦਾ ਇਕ ਟੇਬਲ 'ਤੇ ਬੈਠਾ ਠੰਡਾ ਪੀ ਰਿਹਾ ਸੀ। ਡਾਂਸ ਕਰਨਾ ਮੇਰੇ ਵੱਸ ਦਾ ਰੋਗ ਨਹੀਂ ਸੀ। ਅਚਾਨਕ ਇਕ ਔਰਤ ਪਲੇਟ ਵਿਚ ਖਾਣ ਦਾ ਸਮਾਨ ਲੈ ਕੇ ਮੇਰੇ ਕੋਲ ਆਈ ਤੇ ਗੁੱਡ ਇਵਨਿੰਗ ਕਿਹਾ। ਮੈਂ ਜਵਾਬ ਦੇ ਕੇ ਜਦ ਦੇਖਿਆ, ਤਾਂ ਉਹ ਔਰਤ ਸ਼ਮੀਰੋ ਸੀ।

ਉਹ ਮੇਰੇ ਕੋਲ ਹੀ ਬਹਿ ਗਈ। ਉਸਨੇ ਦੱਸਿਆ ਕਿ ਪਹਿਲੋਂ ਜੱਸੀ ਨੇ ਵਿਆਹ ਤੋਂ ਨਾਂਹ ਕਰਤੀ, ਕਿਉਂਕਿ ਉਸਦੇ ਘਰਦੇ ਬਰਾਦਰੀ ਤੋਂ ਬਾਹਰ ਵਿਆਹ ਨੂੰ ਨਹੀਂ ਮੰਨੇ। ਫੇਰ ਉਸਨੇ ਕੰਪਨੀ 'ਚ ਨੌਕਰੀ ਕਰ ਲਈ। ਉੱਥੇ ਉਹ ਬੋਰ ਹੋ ਗਈ। ਉਸਤੋਂ ਬਾਅਦ ਇਕ ਕਾਲਜ 'ਚ ਲੱਗ ਗਈ। ਇੱਥੇ ਰੂਪੀ ਮਿਲ ਗਿਆ। ਕਈ ਸਾਲ ਉਸ ਨਾਲ ਕੱਟੇ। ਪਰ ਮੇਰੇ ਅੰਦਰ ਆਸਟਰੇਲੀਆ ਦਾ ਭੂਤ ਸਵਾਰ ਹੋ ਗਿਆ ਤੇ ਮੈਂ ਉਸਨੂੰ ਛੱਡ ਕਿਸੇ ਤਰੀਕੇ ਇੱਥੇ ਪਹੁੰਚ ਗਈ।

-ਮਤਲਬ ਪਨੀਰ ਦਾ ਪਕੌੜਾ ਤੈਨੂੰ ਵੀ ਨਹੀਂ ਮਿਲਿਆ?

-ਹਾਂ ਕਹਿ ਸਕਦੇ ਹਾਂ।

-ਚੱਲ ਕੋਈ ਨੀ ਇੱਥੇ ਕੋਸ਼ਿਸ਼ ਕਰ ਲਾ।

-ਹਾਂ ਮਿਲ ਤਾਂ ਜਾਊ ਕੋਈ ਪਰ ਹੁਣ ਮਿਲੂ ਕੋਈ ਛੁੱਟੜ ਹੀ। ਪਨੀਰ ਦੇ ਪਕੌੜੇ ਤਾਂ ਉਮਰ ਨਾਲ ਹੀ ਮਿਲਦੇ ਆ।


*ਕਿਤਾਬ ਸ਼ਮੀਰੋ ਵਿਚੋਂ*


# ਸੱਭਿਆਚਾਰ ਤਿੰਨ ਮਾਵਾਂ ਦਾ ਪਸਾਰਾ ਨਿਬੰਧ ਸੰਗ੍ਰਹਿ ਪ੍ਰਕ੍ਰਿਤੀ ਤੇ ਸੱਭਿਆਚਾਰ ਦੀ ਪ੍ਰਸ਼ੰਸਾ




-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)


ਅਮਰ ਗਰਗ ਕਲਮਦਾਨ ਅਤੇ ਪ੍ਰੇਮ ਲਤਾ (ਪ੍ਰਿੰਸੀਪਲ) ਆਪਣੇ ਸਾਂਝੇ ਨਿਬੰਧ ਸੰਗ੍ਰਹਿ 'ਸੱਭਿਆਚਾਰ ਤਿੰਨ ਮਾਵਾਂ ਦਾ ਪਸਾਰਾ' ਵਿਚ ਸੱਭਿਅਤਾ ਅਤੇ ਸੱਭਿਆਚਾਰ ਦਾ ਆਧਾਰ ਧਰਤੀ ਮਾਤਾ, ਜਨਮਦਾਤੀ ਮਾਂ ਅਤੇ ਗਊ ਨੂੰ ਮੰਨਦੇ ਹਨ। ਉਨ੍ਹਾਂ ਦੇ ਇਸ ਨਿਬੰਧ ਸੰਗ੍ਰਹਿ ਵਿਚ 29 ਲੇਖ ਹਨ, ਜਿਨ੍ਹਾਂ ਵਿਚੋਂ 21 ਲੇਖ ਪ੍ਰੇਮ ਲਤਾ (ਪ੍ਰਿੰਸੀਪਲ) ਦੇ ਅਤੇ ਬਾਕੀ ਅਮਰ ਗਰਗ ਕਲਮਦਾਨ ਦੇ ਹਨ। ਅਮਰ ਗਰਗ ਕਲਮਦਾਨ ਨੇ ਆਪਣੇ ਲੇਖਾਂ ਵਿਚ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਪ੍ਰਕ੍ਰਿਤੀ ਦੀਆਂ ਵਸਤੂਆਂ ਦੀ ਪੂਜਾ ਇਨਸਾਨ ਨੇ ਆਪਣੀਆਂ ਲੋੜਾਂ ਦੀ ਪੂਰਤੀ ਨੂੰ ਮੁੱਖ ਰੱਖਕੇ ਕਰਨੀ ਸ਼ੁਰੂ ਕੀਤੀ ਸੀ। ਉਸ ਸਮੇਂ ਅੱਗ, ਪਾਣੀ, ਹਵਾ ਦੀ ਜ਼ਰੂਰਤ ਪ੍ਰਕ੍ਰਿਤੀ ਵਿਚੋਂ ਹੀ ਪ੍ਰਾਪਤ ਹੁੰਦੀ ਸੀ। ਅੱਗ ਦੇ ਆਲੇ-ਦੁਆਲੇ ਫੇਰੇ ਲੈਣੇ 'ਤੇ ਖਵਾਜਾ (ਖੂਹ) ਦੀ ਪੂਜਾ ਦਾ ਵੀ ਇਹੋ ਕਾਰਨ ਹੈ। ਉਨ੍ਹਾਂ ਇਹ ਵੀ ਲਿਖਿਆ ਹੈ ਕਿ ਪੱਛਮ ਵਿਚ ਨਿਰਾਕਾਰ ਈਸ਼ਵਰ ਅਤੇ ਪੂਰਵ ਵਿਚ ਇਸ ਦੇ ਉਲਟ ਆਕਾਰ ਵਾਲੇ ਈਸ਼ਵਰ ਦੀ ਪੂਜਾ ਕੀਤੀ ਜਾਂਦੀ ਹੈ। ਭਾਵ ਭਾਰਤ ਵਿਚ ਆਕਾਰ ਵਾਲੇ ਈਸ਼ਵਰ ਦੀ ਪੂਜਾ ਕੀਤੀ ਜਾਂਦੀ ਹੈ, ਕਿਉਂਕਿ ਪ੍ਰਕਿਰਤੀ ਹੀ ਈਸ਼ਵਰ ਦਾ ਜੀਵੰਤ ਰੂਪ ਹੈ। ਇਸ ਸੰਗ੍ਰਹਿ ਵਿਚ ਲੇਖਕ ਨੇ ਨਿਰਾਕਾਰ ਪ੍ਰਤਾਤਮਾ ਨੂੰ ਨਕਾਰਿਆ ਅਤੇ ਸਥੂਲ ਵਸਤਾਂ ਦੀ ਪੂਜਾ ਦੀ ਪ੍ਰੋੜ੍ਹਤਾ ਕੀਤੀ ਹੈ। ਅਮਰ ਗਰਗ ਕਲਮਦਾਨ ਨੇ ਆਪਣੀ ਵਿਸ਼ੇਸ਼ ਵਿਚਾਰਧਾਰਾ ਦੀ ਪ੍ਰੋੜ੍ਹਤਾ ਕਰਨ ਲਈ ਇਤਿਹਾਸ ਅਤੇ ਮਿਥਿਹਾਸ ਵਿਚੋਂ ਉਦਾਹਰਨਾਂ ਦੇ ਕੇ ਆਪਣੇ ਲੇਖਾਂ ਨੂੰ ਸਾਰਥਿਕਤਾ ਦਿੱਤੀ ਹੈ। ਸਾਰੇ ਲੇਖਾਂ ਵਿਚ ਦੋਵੇਂ ਲੇਖਕਾਂ ਨੇ ਬਹੁਤ ਹੀ ਬਰੀਕੀ ਨਾਲ ਇਨਸਾਨੀ ਲੋੜਾਂ ਦੀ ਪੂਰਤੀ ਲਈ ਪੜਾਅ ਵਾਰ ਹੋਏ ਵਿਕਾਸ ਦਾ ਜ਼ਿਕਰ ਕੀਤਾ ਹੈ। ਨਿਬੰਧ ਸੰਗ੍ਰਹਿ ਵਿਚ ਲਿਖਿਆ ਹੈ ਕਿ ਸੱਭਿਅਤਾ ਅਤੇ ਸੱਭਿਆਚਾਰ ਨੂੰ ਵਰਤਮਾਨ ਰੂਪ ਦੇਣ ਵਿਚ ਤਿੰਨ ਮਾਵਾਂ ਧਰਤੀ ਮਾਂ, ਜਨਮਦਾਤੀ ਮਾਂ ਅਤੇ ਗਊ ਮਾਂ ਦਾ ਵਿਲੱਖਣ ਯੋਗਦਾਨ ਹੈ। ਧਰਤੀ ਮਾਤਾ ਇਨਸਾਨ ਦੀਆਂ ਪ੍ਰਾਚੀਨ ਸਮੇਂ ਤੋਂ ਹੀ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਦੀ ਆ ਰਹੀ ਹੈ, ਇਸ 'ਤੇ ਹੀ ਇਨਸਾਨ, ਅਨਾਜ, ਰੁੱਖ ਅਤੇ ਸਾਰੇ ਪਸਾਰੇ ਵਿਚਰਦੇ ਹਨ। ਜਨਮਦਾਤੀ ਮਾਂ ਸ੍ਰਿਸ਼ਟੀ ਦੀ ਸਿਰਜਕ ਹੈ। ਇਸ ਤੋਂ ਬਿਨਾ ਸ੍ਰਿਸ਼ਟੀ ਦੀ ਹੋਂਦ ਅਸੰਭਵ ਹੈ। ਤੀਜੀ ਗਊ ਮਾਂ ਇਨਸਾਨ ਨੂੰ ਦੁੱਧ ਅਤੇ ਇਥੋਂ ਤੱਕ ਆਪਣਾ ਚਮੜਾ ਜੁੱਤੇ ਬਗੈਰਾ ਬਣਾਉਣ ਲਈ ਦਿੰਦੀ ਹੈ। ਗਊ ਮਾਂ ਦੇ ਬੱਛੜੇ ਬਲਦਾਂ ਦੇ ਰੂਪ ਵਿਚ ਫ਼ਸਲਾਂ ਦੀ ਕਾਸ਼ਤ ਲਈ ਖੇਤੀਬਾੜੀ ਵਿਚ ਕੰਮ ਆਉਂਦੇ ਹਨ। ਇਸ ਨੂੰ ਕਿਰਤ ਨਾਲ ਵੀ ਜੋੜਿਆ ਜਾਂਦਾ ਹੈ। ਇਨ੍ਹਾਂ ਤਿੰਨਾਂ ਨਾਲ ਹੀ ਸੱਭਿਅਤਾ ਵਿਕਸਤ ਹੁੰਦੀ ਹੈ। ਰੀਤੀ ਰਿਵਾਜ਼, ਬੋਲੀ, ਸੰਗੀਤ ਸਾਡੇ ਸੱਭਿਆਚਾਰ ਦਾ ਹਿੱਸਾ ਹਨ। ਸੱਭਿਅਤਾ ਤੋਂ ਹੀ ਸੱਭਿਆਚਾਰ ਬਣਦਾ ਹੈ। ਸੱਭਿਆਚਾਰ ਸਿਰਜਣ ਵਿਚ ਇਨ੍ਹਾਂ ਤਿੰਨਾ ਦਾ ਯੋਗਦਾਨ ਹੈ। ਬੋਲੀ ਲਈ ਲਿਪੀ ਦੀ ਲੋੜ ਹੁੰਦੀ ਹੈ। ਪ੍ਰਮੁੱਖ ਸਾਹਿਤ ਰਿਗਵੇਦ, ਬਾਲਮੀਕ ਰਮਾਇਣ, ਮਹਾਂਭਾਰਤ, ਪਾਨਿਨੀ ਦੀ ਵਿਆਕਰਣ ਅਤੇ ਉਸ ਤੋਂ ਬਾਅਦ ਨਾਥ ਜੋਗੀਆਂ, ਭਗਤੀ ਲਹਿਰ ਅਤੇ ਪੰਦਰਵੀਂ ਸਦੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਦਸ ਗੁਰੂਆਂ ਨੇ ਬਾਣੀ ਦੀ ਰਚਨਾ ਕੀਤੀ। ਬਾਣੀ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਸ਼ੁਰੂ ਕੀਤੀ। ਸਾਂਝੇ ਪੰਜਾਬ ਵਿਚ ਈਸ਼ਵਰਵਾਦੀਆਂ ਨੇ ਪੰਜਾਬੀ 'ਤੇ ਹਮਲਾ ਕਰਦਿਆਂ ਪੰਜਾਬੀ ਨੂੰ ਸ਼ਾਹਮੁਖੀ ਵਿਚ




ਲਿਖਣਾ ਸ਼ੁਰੂ ਕੀਤਾ। ਉਰਦੂ ਬੋਲਣ ਦਾ ਚਲਣ ਚਲਾਇਆ। ਭਾਰਤੀ ਸੰਸਕ੍ਰਿਤੀ ਵਿਚ 22 ਭਾਸ਼ਾਵਾਂ ਗੁਲਾਬ ਦੇ ਫੁੱਲ ਦੀ ਤਰ੍ਹਾਂ ਹਨ। ਕਲਮਦਾਨ ਪੰਜਾਬੀ ਤੇ ਹਿੰਦੀ ਵਿਚ ਕੁਝ ਤੱਤਾਂ ਵੱਲੋਂ ਬਖੇੜਾ ਪਾਉਣ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਪੰਜਾਬੀ ਦੇ ਨਾਲ ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੀ ਵਕਾਲਤ ਕਰਦੇ ਹਨ। 'ਮਾਤਰੀ ਦੇਵੀ ਦੀ ਪੂਜਾ ਦਾ ਪੰਜਾਬੀ ਸੱਭਿਆਚਾਰ ਵਿਚ ਅਹਿਮ ਸਥਾਨ' ਲੇਖ ਵਿਚ ਕਲਮਦਾਨ ਨੇ ਸੀਤਲਾ ਮਾਤਾ ਦੀ ਪੂਜਾ ਨੂੰ ਵਿਗਿਆਨਕ ਤੌਰ 'ਤੇ ਸਹੀ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ।

ਨਿਬੰਧ ਸੰਗ੍ਰਹਿ ਵਿਚ ਪ੍ਰੇਮ ਲਤਾ (ਪ੍ਰਿੰਸੀਪਲ) ਨੇ ਆਪਣੇ ਲੇਖਾਂ ਵਿਚ ਮੁੱਖ ਤੌਰ 'ਤੇ ਪੰਜਾਬੀ ਸੱਭਿਆਚਾਰ ਦੀ ਤਸਵੀਰ ਪੇਸ਼ ਕੀਤੀ ਹੈ। ਕਲਮਦਾਨ ਦੇ ਵਿਸ਼ੇ ਨਾਲੋਂ ਉਨ੍ਹਾਂ ਦਾ ਵਿਸ਼ਾ ਬਿਲਕੁਲ ਵੱਖਰਾ ਹੈ। ਇਕ ਇਸਤਰੀ ਹੋਣ ਦੇ ਨਾਤੇ ਖਾਸ ਤੌਰ 'ਤੇ ਇਸਤਰੀਆਂ ਨਾਲ ਪੰਜਾਬੀ ਸੱਭਿਆਚਾਰ ਦੇ ਗੂੜ੍ਹੇ ਸੰਬੰਧਾਂ ਦਾ ਪ੍ਰਗਟਾਵਾ ਵਿਸਤਾਰ ਨਾਲ ਬਾਕਮਾਲ ਕੀਤਾ ਹੈ। ਤ੍ਰਿੰਝਣ ਨੂੰ ਕਿਰਤ ਤੇ ਕਲਾ ਦੀ ਸੰਗਮ ਤੇ ਚਰਖੇ ਨੂੰ ਪੰਜਾਬੀ ਸੱਭਿਆਚਾਰ ਦਾ ਸੂਤਰਧਾਰ ਕਿਹਾ ਹੈ। ਚਰਖਾ ਘਰੇਲੂ ਉਦਯੋਗ ਤੇ ਇਸਤਰੀਆਂ ਦੀਆਂ ਭਾਵਨਾਵਾਂ ਦਾ ਪ੍ਰਤੀਕ ਵੀ ਹੈ। ਇਕ ਗੀਤ ਦੇ ਬੋਲ ਹਨ: 'ਨੀ ਮੈਂ ਕੱਤਾਂ ਪ੍ਰੀਤਾਂ ਨਾਲ ਚਰਖਾ ਚੰਨਣ ਦਾ'। ਏਸੇ ਤਰ੍ਹਾਂ ਸਾਉਣ ਦਾ ਮਹੀਨਾ, ਤੀਆਂ ਤੇ ਪਿੱਪਲੀਂ ਪੀਂਘਾਂ, ਕਾਲਿਆਂ ਬਾਗਾਂ ਦੀ ਮਹਿੰਦੀ, ਸ਼ਿੰਗਾਰ ਰਸ ਅਤੇ ਵਣਜਾਰਾ ਵੀ ਇਸਤਰੀਆਂ ਦੇ ਦਿਲ ਦੀ ਹੂਕ ਹਨ। ਇਹ ਸੱਭਿਆਚਾਰ ਚਿਰ ਸਥਾਈ ਹੈ, ਮਹਿੰਦੀ, ਦੰਦਾਸਾ, ਝਾਂਜਰਾਂ, ਚੂੜੇ ਆਦਿ ਸ਼ਿੰਗਾਰ ਰਸ ਦਾ ਪ੍ਰਗਟਾਵਾ ਕਰਦੇ ਹਨ। ਸ਼ਿੰਗਾਰ ਰਸ ਸਾਰੇ ਰਸਾਂ ਦਾ ਮੁੱਖੀ ਤੇ ਪ੍ਰੇਮ ਮੁਹੱਬਤ ਦਾ ਪ੍ਰਤੀਕ ਹੈ। ਸ਼ਿੰਗਾਰ ਕਰਨਾ ਔਰਤ ਦੀ ਕਮਜ਼ੋਰੀ ਹੈ। ਵਣਜਾਰਿਆਂ ਦਾ ਆਉਣਾ ਇਸਤਰੀਆਂ ਦੇ ਚਾਵਾਂ ਮਲ੍ਹਾਰਾਂ ਵਿਚ ਚੁਲਬਲੀ ਛੇੜਦਾ ਹੈ। ਇਹ ਪੰਜਾਬੀ ਸੱਭਿਆਚਾਰ ਦੀ ਰੂਹ ਹਨ। ਪ੍ਰੇਮ ਲਤਾ (ਪ੍ਰਿੰਸੀਪਲ) ਨੇ ਔਰਤਾਂ ਦੇ ਹਾਰ ਸ਼ਿੰਗਾਰ ਨਾਲ ਸੰਬੰਧਤ ਕਿਸੇ ਵੀ ਗਹਿਣੇ ਅਤੇ ਜੀਵੰਤ ਤੇ ਨਿਰਜੀਵ ਵਸਤੂ ਦੀ ਮਹੱਤਤਾ ਨੂੰ ਅਣਡਿੱਠ ਨਹੀਂ ਕੀਤਾ, ਸਗੋਂ ਬਹੁਤ ਹੀ ਸੁਚੱਜੇ ਢੰਗ ਨਾਲ ਦ੍ਰਿਸ਼ਟਾਂਤਿਕ ਰੂਪ ਵਿਚ ਲਿਖਿਆ ਹੈ। ਕੰਨਾਂ ਦੇ ਗਹਿਣੇ ਪਿੱਪਲਪੱਤੀਆਂ, ਡੰਡੀਆਂ ਕਾਂਟੇ, ਸੱਗੀ ਫੁੱਲ, ਕਲਿਪ ਇਸ ਤੋਂ ਇਲਾਵਾ ਟਿੱਕਾ, ਗਾਨੀ, ਮਾਲਾ, ਰਾਣੀ ਹਾਰ, ਜੰਜ਼ੀਰੀ, ਲਾਕਟ, ਤੀਲ੍ਹੀ, ਲੌਂਗ, ਮੱਛਲੀ ਅਤੇ ਗਜਰੇ ਆਦਿ, ਕੋਈ ਗਹਿਣਾ ਨਹੀਂ ਛੱਡਿਆ ਜਿਹੜਾ ਔਰਤਾਂ ਪਹਿਨਦੀਆਂ ਹੋਣ ਤੇ ਉਨ੍ਹਾਂ ਬਾਰੇ ਜਾਣਕਾਰੀ ਨਹੀਂ ਦਿੱਤੀ। 'ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ' ਵੀ ਸਾਡੇ ਅਮੀਰ ਸੱਭਿਆਚਾਰ ਦਾ ਹਿੱਸਾ ਹੈ। ਫੁਲਕਾਰੀ ਸੁਹਜ ਤੇ ਸੁਹੱਪਣ ਦਾ ਪ੍ਰਗਟਾਵਾ ਕਰਦੀ ਹੈ। ਸੁਆਣੀਆਂ ਹੱਥਾਂ ਨਾਲ ਕ੍ਰਿਤ ਕਰਕੇ ਕੱਢਦੀਆਂ ਹਨ। ਇਹ ਵੀ ਔਰਤਾਂ ਦੀ ਸੁੰਦਰਤਾ ਵਿਚ ਵਾਧਾ ਕਰਦੀਆਂ ਹੋਈਆਂ ਉਨ੍ਹਾਂ ਦੇ ਸ਼ਿੰਗਾਰ ਦਾ ਹਿੱਸਾ ਬਣ ਗਈਆਂ ਹਨ। ਜਾਗੋ ਪੰਜਾਬੀ ਸੱਭਿਆਚਾਰ ਦਾ ਵਿਲੱਖਣ ਅੰਗ ਹੈ, ਇਸਤਰੀਆਂ ਵਿਆਹ ਤੋਂ ਪਹਿਲਾਂ ਜਾਗੋ ਲੈ ਕੇ ਗੁਆਂਢੀਆਂ ਤੇ ਨਜ਼ਦੀਕੀਆਂ ਦੇ ਘਰਾਂ ਵਿਚ ਜਾਂਦੀਆਂ ਹਨ। ਗੀਤ ਗਾ ਕੇ ਬੋਲੀਆਂ ਤੇ ਤਾਅਨੇ ਮਾਰਦੀਆਂ ਹਨ। ਛੱਜ ਭੰਨਿਆਂ ਜਾਂਦਾ ਹੈ। ਖੂਹ ਵੀ ਸਾਡੇ ਖੇਤੀਬਾੜੀ ਦੀ ਪੁਰਾਣੀ ਪ੍ਰਣਾਲੀ ਨਾਲ ਜੁੜਿਆ ਹੋਇਆ ਹੈ। ਔਰਤ ਨਾਲ ਖੂਹ ਦਾ ਸੰਬੰਧ ਇਸ ਕਰਕੇ ਹੈ ਕਿ ਪੁਰਾਣੇ ਸਮੇਂ ਵਿਚ ਖੂਹ ਤੋਂ ਹੀ ਪੀਣ ਵਾਲਾ ਪਾਣੀ ਭਰਿਆ ਜਾਂਦਾ ਸੀ। ਔਰਤਾਂ ਦੇ ਇਕੱਠੇ ਹੋ ਕੇ ਦੁੱਖ-ਸੁੱਖ ਸਾਂਝੇ ਕਰਨ ਦਾ ਸਥਾਨ ਹੁੰਦਾ ਸੀ। ਸੂਖਮ ਕਲਾਵਾਂ ਦਾ ਸੰਬੰਧ ਵੀ ਇਨਸਾਨ ਦੀ ਮਾਨਸਿਕਤਾ ਨਾਲ ਹੈ। ਦੇਵੀ ਦੇਵਤਿਆਂ, ਪਸ਼ੂ ਪੰਛੀਆਂ, ਜਾਨਵਰਾਂ, ਕੰਧ ਚਿੱਤਰਾਂ, ਦਰੀਆਂ, ਖੇਸ, ਫੁਲਕਾਰੀਆਂ ਆਦਿ ਤੇ ਕਲਾਤਮਿਕ ਢੰਗ ਨਾਲ ਚਿੱਤਰਕਾਰੀ ਕੀਤੀ ਜਾਂਦੀ ਸੀ। ਸਾਡੇ ਸੱਭਿਅਚਾਰ ਦੇ ਰੁੱਖ ਅਤੇ ਪੰਛੀ ਅਨਿੱਖੜ ਅੰਗ ਹਨ। ਪਿੱਪਲ, ਬੋਹੜ, ਨਿੰਮ, ਟਾਹਲੀ ਆਮ ਵੇਖੇ ਜਾ ਸਕਦੇ ਸਨ ਪ੍ਰੰਤੂ ਸਮੇਂ ਦੀ ਤਬਦੀਲੀ ਨਾਲ ਲੋਕ ਇਨ੍ਹਾਂ ਨੂੰ ਕੱਟਾਈ ਜਾ ਰਹੇ ਹਨ। ਪਹਿਲੇ ਸਮੇਂ ਪਿੰਡਾਂ ਵਿਚ ਤ੍ਰਿਵੈਣੀ ਜਿਸ ਵਿਚ ਪਿੱਪਲ, ਬਰੋਟਾ ਤੇ ਨਿੰਮ ਹੁੰਦੇ ਸਨ, ਹਰ ਪਿੰਡ ਵਿਚ ਲਗਾਏ ਜਾਂਦੇ ਸਨ। ਇਨ੍ਹਾਂ ਦੀ ਪੂਜਾ ਕੀਤੀ ਜਾਂਦੀ ਸੀ। ਵਾਤਾਵਰਨ ਲਈ ਲਾਭਦਾਇਕ ਹੁੰਦੇ ਹਨ। ਪੰਛੀਆਂ ਦੀ ਗਿਣਤੀ ਵੀ ਘੱਟ ਗਈ ਕਿਉਂਕਿ ਹਰਾ ਇਨਕਲਾਬ ਆਉਣ ਨਾਲ ਕੀਟਨਾਸ਼ਕ ਦੀ ਵਰਤੋਂ ਕਰਕੇ ਪੰਛੀ ਖਤਮ ਹੋ ਰਹੇ ਹਨ। ਪੰਛੀ ਸੰਗੀਤਮਈ ਬੋਲੀ ਬੋਲਦੇ ਹਨ, ਜੋ ਮਨੁੱਖੀ ਮਨਾਂ ਨੂੰ ਮੋਹਦੀ ਹੈ। ਭਾਰਤੀ ਸਸੰਕ੍ਰਿਤੀ ਵਿਚ ਅਨੇਕਾਂ ਤਿਓਹਾਰ ਜਿਨ੍ਹਾਂ ਵਿਚ ਕਰਵਾ ਚੌਥ ਦੇ ਸਮੇਂ ਅਰਘ ਦੇਣਾ, ਸਰਘੀ ਵੇਲਾ, ਮਿੱਟੀ ਦੇ ਕੁੱਜੇ ਆਦਿ ਮਹੱਤਵਪੂਰਨ ਹਨ। ਘੜੇ ਦਾ ਸਥਾਨ ਪੰਜਾਬੀ ਸਮਾਜ ਵਿਚ ਵਿਸ਼ੇਸ਼ ਹੈ। ਪੀਣ ਵਾਲਾ ਪਾਣੀ ਪਾ ਕੇ ਰੱਖਣਾ ਆਮ ਜਿਹੀ ਗੱਲ ਹੈ। ਘੜੇ ਦੀਆਂ ਕਿਸਮਾ ਵਿਚ ਤੌਲਾ, ਝੱਕਰਾ, ਚਾਟੀ, ਕੂੰਡਾ, ਚੂੰਗੜਾ ਅਤੇ ਸੁਰਾਹੀ ਆਦਿ ਆਉਂਦੇ ਹਨ। ਸੂਫੀ ਸਾਹਿਤ ਵਿਚ ਘੜਾ ਸ਼ਬਦ ਬਹੁਤ ਵਾਰੀ ਵਰਤਿਆ ਗਿਆ। ਔਰਤਾਂ ਖੂਹਾਂ ਤੋਂ ਘੜੇ ਵਿਚ ਪਾਣੀ ਲਿਆਉਂਦੀਆਂ ਹਨ। ਬੁਲ੍ਹੇ ਸ਼ਾਹ ਲਿਖਦੇ ਹਨ:

ਨੇਕ ਨਸੀਬ ਤੇਰੇ ਓ ਘੜਿਆ, ਚੜ੍ਹਿਆ ਜਾਨਾ ਢਾਕ ਪਰਾਈ।

ਚੂੜੇ ਵਾਲੀ ਬਾਂਹ ਸੱਜਣਾ ਦੀ, ਜਾਨਾ ਗਲ ਵਿੱਚ ਪਾਈ।

'ਗਿੱਦੜ ਗਿੱਦੜੀ ਦਾ ਵਿਆਹ' ਲੇਖ ਸਾਵਣ ਭਾਦੋਂ ਮਹੀਨਿਆਂ ਦੀ ਮਹੱਤਤਾ ਦਰਸਾਉਂਦਾ ਹੈ। ਸਾਵਣ ਹਰਿਆਵਲ, ਪ੍ਰਕ੍ਰਿਤੀ ਤੇ ਸੁੰਦਰਤਾ ਦਾ ਪ੍ਰਤੀਕ ਹੈ। ਭਾਦੋਂ ਵਿਚ ਸਾਵਣ ਦੀ ਪ੍ਰਕ੍ਰਿਤੀ ਦੇ ਹੁਸਨ ਦਾ ਸਿਖ਼ਰ ਹੁੰਦਾ ਹੈ। ਭਾਦੋਂ ਵਿਚ ਕੜਕਦੀ ਧੁੱਪ ਤੋਂ ਤੁਰੰਤ ਬਾਅਦ ਮੀਂਹ ਦੀ ਬੋਛਾੜ ਆ ਜਾਂਦੀ ਹੈ, ਇਸ ਕਰਕੇ ਅਜਿਹੇ ਮੌਸਮ ਨੂੰ ਗਿੱਦੜ ਗਿੱਦੜੀ ਦਾ ਵਿਆਹ ਕਿਹਾ ਜਾਂਦਾ ਹੈ। ਅਜਿਹੇ ਲੇਖ ਇਸ ਕਰਕੇ ਵੀ ਜ਼ਰੂਰੀ ਹਨ ਕਿਉਂਕਿ ਮੌਸਮ ਬਦਲ ਰਹੇ ਹਨ, ਜਿਨ੍ਹਾਂ ਬਾਰੇ ਆਉਣ ਵਾਲੀਆਂ ਨਸਲਾਂ ਨੂੰ ਪਤਾ ਹੀ ਨਹੀਂ ਹੋਵੇਗਾ। ਸਵੱਛ ਵਾਤਾਵਰਨ ਲਈ ਲੇਖਕਾ ਨੇ ਨੌਂ ਨੁਕਤੇ ਦਿੱਤੇ ਹਨ, ਜਿਨ੍ਹਾਂ ਨਾਲ ਵਾਤਾਵਰਨ ਸਾਫ-ਸੁਥਰਾ ਰਹਿ ਸਕਦਾ ਹੈ। ਕਸ਼ਮੀਰ ਦੀਆਂ ਚਾਰ ਮਹੱਤਵਪੂਰਨ ਔਰਤਾਂ ਰਾਣੀ ਦੀਦਾ, ਲਲਦੇਦ, ਹੱਬਾ ਖਾਤੂਨ ਅਤੇ ਕੋਟਾ ਰਾਣੀ ਦੀ ਕਾਬਲੀਅਤ ਬਾਰੇ ਜਾਣਕਾਰੀ ਦਿੱਤੀ ਹੈ। ਨੌਜਵਾਨ ਪੀੜ੍ਹੀ ਵਿਚੋਂ ਭਗਤ ਸਿੰਘ ਦੀ ਬਹਾਦਰੀ ਨੂੰ ਅਣਡਿੱਠ ਕਰਨ ਬਾਰੇ ਚਿੰਤਾ ਪ੍ਰਗਟ ਕੀਤੀ ਹੈ। ਅਖੀਰ ਵਿਚ ਦੀਵਾਲੀ ਦੇ ਤਿਓਹਾਰ ਦੀ ਭਾਰਤੀ ਸਮਾਜ ਵਿਚ ਮਹੱਤਤਾ ਨੂੰ ਵਰਣਨ ਕੀਤਾ ਹੈ। ਉਨ੍ਹਾਂ ਪੰਜਾਬੀ ਦੇ ਗੀਤ-ਸੰਗੀਤ ਸੱਭਿਆਚਾਰ ਵਿਚ ਆਈ ਗਿਰਾਵਟ 'ਤੇ ਚਿੰਤਾ ਪ੍ਰਗਟ ਕੀਤੀ ਹੈ। ਔਰਤਾਂ ਸੰਬੰਧੀ ਅਸੱਭਿਅਕ ਸ਼ਬਦਾਵਲੀ ਦੀ ਨਿੰਦਿਆ ਕੀਤੀ ਹੈ। 'ਡੱਕ ਕਹੇ ਸੁਣ ਭੱਡਲੀ' ਲੇਖ ਵਿਚ ਦੇਵਕਲੀ ਦੂਬੇ ਸਾਹਿਤਕ ਨਾਮ ਘਾਗ ਦੀਆਂ ਅਖੌਤਾਂ ਬਾਰੇ ਲਿਖਿਆ ਗਿਆ ਹੈ ਕਿ ਉਸ ਨੇ ਖੇਤੀ ਨਾਲ ਸੰਬੰਧਤ ਘਟਨਾਵਾਂ ਨੂੰ ਅਖੌਤਾਂ ਰਾਹੀਂ ਦਰਸਾਇਆ ਜਿਵੇਂ :

'ਪੱਛੋਂ ਉੱਠੇ ਬਦਲੀ, ਵਗੇ ਪੁਰੇ ਦੀ ਵਾ,
ਡੱਕ ਕਹੇ ਸੁਣ ਭੱਡਲੀ, ਮੰਜੀ ਅੰਦਰ ਡਾਹ।'

ਇਸ ਤੋਂ ਇਲਾਵਾ ਭਗਤੀ ਲਹਿਰ ਦੇ ਇਤਿਹਾਸ ਦੀ ਮਹੱਤਤਾ ਛੂਤ-ਛਾਤ, ਊਚ-ਨੀਚ ਵਿਰੁੱਧ ਉਠਾਈ ਆਵਾਜ਼ ਅਤੇ ਸੰਸਕ੍ਰਿਤ ਏਕੀਕਰਨ 'ਤੇ ਦਿੱਤੇ ਜ਼ੋਰ ਬਾਰੇ ਲਿਖਿਆ ਹੈ। ਏਸੇ ਤਰ੍ਹਾਂ ਡਾਰਵਿਨ ਦੇ ਸਿਧਾਂਤ ਨੂੰ ਏਂਜਲ ਦੇ ਸਿਧਾਂਤ ਤੋਂ ਬਿਨਾ ਖੋਖਲਾ ਕਿਹਾ ਹੈ। ਰਿਗਵੇਦ ਵਿਚ 30 ਰਿਸ਼ੀਕਾਵਾਂ ਦੇ ਯੋਗਦਾਨ ਬਾਰੇ ਦੱਸਿਆ ਹੈ।

144 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਨਿਬੰਧ ਸੰਗ੍ਰਹਿ ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਨੇ ਪ੍ਰਕਾਸ਼ਤ ਕੀਤਾ ਹੈ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic



Dental Care & Hair Transplant
COSMETIC - IMPLANT - RESTORATIVE

ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M



Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil



Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬੀ ਦੇ ਪ੍ਰਸਿੱਧ ਗ਼ਜ਼ਲਗੋ, ਨਾਮਵਰ ਸਾਹਿਤਕਾਰ ਸੁਲੱਖਣ ਸਰਹੱਦੀ ਨਾਲ ਦਿਲਜੀਤ ਸਿੰਘ ਬੇਦੀ ਵੱਲੋਂ ਕੀਤੀ ਵਿਸਥਾਰਤ ਸਾਹਿਤਕ ਮੁਲਾਕਾਤ


-ਦਿਲਜੀਤ ਸਿੰਘ ਬੇਦੀ
(Punjab Mail USA)



■ ਪਿਛਲੇ ਅੰਕ ਦਾ ਬਾਕੀ








**7. ਨੈਸ਼ਨਲ ਬੁੱਕ ਟਰੱਸਟ ਨਵੀਂ ਦਿੱਲੀ ਵੱਲੋਂ ਪੰਜਾਬ ਦੇ ਪਿੰਡਾਂ ਸੰਬੰਧੀ ਛਾਪੇ ਗ੍ਰੰਥ ਦਾ ਵਿਸ਼ਾ-ਵਸਤੂ ਅਤੇ ਮੰਤਵ?**

-ਪੰਜਾਬ ਦੇ ਪਿੰਡਾਂ ਵਿਚ ਬਹੁਤ ਕੁਝ ਬਦਲ ਰਿਹਾ ਹੈ ਅਤੇ ਬਹੁਤ ਕੁਝ ਬਦਲ ਚੁੱਕਾ ਹੈ। ਪਿਛਲੇ 50 ਸਾਲਾਂ ਵਿਚ ਪੰਜਾਬ ਦੇ ਪਿੰਡਾਂ ਦੀ ਕਾਇਆ ਕਲਪ ਹੋ ਗਈ ਹੈ। ਖੂਹ ਖਤਮ ਹੋ ਗਏ ਹਨ। ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਖੂਹ ਦੀ ਗਾਧੀ' ਦਾ ਪ੍ਰਤੀਕ ਗੁਆਚ ਗਿਆ ਹੈ। ਸ਼ਿਵ ਕੁਮਾਰ ਦੇ ਬਿੰਬ ਤੇ ਚਿਹਨ ਖਤਮ ਹੋ ਚੁੱਕੇ ਹਨ। ਸੁਰਜੀਤ ਪਾਤਰ ਦਾ ਸ਼ਿਆਰ ਕਿ 'ਪਿੰਡ 'ਚ ਜਿਸ ਦੇ ਗੱਡੇ ਚੱਲਦੇ ਹੋਰ ਬੜੀ ਸਰਦਾਰੀ...' ਆਪਣੇ ਮੁੱਢਲੇ ਪ੍ਰਵਚਨੀ ਸੰਚਾਰ ਗੱਡੇ ਤੋਂ ਵਿਰਵਾ ਹੋ ਗਿਆ ਹੈ। ਪਿੰਡਾਂ ਦਾ ਸੱਭਿਆਚਾਰ, ਧਰਮ, ਰਾਜਨੀਤੀ ਅਤੇ ਆਰਥਿਕਤਾ ਦੇ ਦਿਸਹੱਦੇ ਬਦਲ ਗਏ ਹਨ। ਅੱਜ ਪਿੰਡਾਂ ਵਿਚ ਹਜ਼ਾਰਾਂ ਮੋਬਾਇਲ ਹਨ, ਇੰਟਰਨੈੱਟ ਹੈ, ਕੇਬਲ ਨੈੱਟਵਰਕ ਹੈ, ਵੱਡੇ-ਵੱਡੇ ਸਕੂਲ ਹਨ। ਜਿੱਥੇ ਪਿੰਡਾਂ ਨੇ ਚੰਗੇ ਪਾਸੇ ਨੂੰ ਭੌਤਿਕ ਤਰੱਕੀ ਕੀਤੀ ਹੈ, ਉਥੇ ਇਸਦੀ ਆਤਮਾ ਵਿਚਲੇ ਸਰੋਕਾਰ ਵੀ ਬਦਲੇ ਹਨ। ਧਰਮ-ਮਜ਼ਹਬ, ਤਕੀਏ, ਪੰਜ-ਪੀਰ, ਗੁਰਦੁਆਰੇ, ਮੰਦਰ ਅਤੇ ਹੋਰ ਧਾਰਮਿਕ ਅਕੀਦਿਆਂ ਵਿਚ ਸਿਫਤੀ ਤਬਦੀਲੀ ਵਾਪਰ ਚੁੱਕੀ ਹੈ। ਪੰਜਾਬ ਦੇ ਸਾਰੇ ਪਿੰਡਾਂ ਨੂੰ ਪੱਕੀਆਂ ਸੜਕਾਂ ਹਨ। ਮੈਂ ਕਾਹਨੂੰਵਾਨ ਦੇ ਨੇੜੇ ਰਹਿੰਦਾ ਹਾਂ, ਜਿਥੇ ਕਦੇ ਛੋਟਾ ਘੱਲੂਘਾਰਾ ਵਾਪਰਿਆ ਸੀ ਅਤੇ ਇਹ ਇਲਾਕਾ ਪੱਛੜਿਆ ਹੋਇਆ ਜੰਗਲੀ ਸੀ। ਅੱਜ ਮੈਂ ਸਵੇਰੇ ਘਰੋਂ ਰੋਟੀ ਖਾ ਕੇ ਬੱਸ ਰਾਹੀਂ ਚੰਡੀਗੜ੍ਹੋਂ 3-4 ਘੰਟੇ ਦਫਤਰੀ ਕੰਮ ਕਰਕੇ ਵਾਪਸ ਘਰ ਰਾਤ ਨੂੰ ਰੋਟੀ ਆਣ ਖਾਂਦਾ ਹਾਂ। ਪਿੰਡਾਂ ਦੀ ਆਤਮਾ ਅਤੇ ਸਰੀਰ ਇਨ੍ਹੀਂ ਤੇਜ਼ੀ ਨਾਲ ਤਬਦੀਲ ਹੋ ਰਹੇ ਹਨ ਕਿ ਅਸਾਡੀ ਅਗਲੀ ਪੀੜ੍ਹੀ ਨੂੰ ਗੌਰਵ ਕਰਨ ਲਈ ਸਬੂਲ ਵੀ ਨਹੀਂ ਬਚਣੇ। ਕੱਲ੍ਹ ਵਿਚ ਅੱਜ ਅਤੇ ਅੱਜ ਵਿਚ ਭਲਕ ਦਾ ਰੰਗ ਹੁੰਦਾ ਹੈ। ਪਿੰਡ ਬਦਲ ਰਹੇ ਹਨ ਪਰ ਕਿੱਧਰ ਨੂੰ ਬਦਲ ਰਹੇ ਹਨ? ਅਤੇ ਕੀ ਵਾਪਰਨ ਨੂੰ ਜਾ ਰਿਹਾ ਹੈ? ਇਹ ਅੱਗੇ ਉਕਤ ਪੁਸਤਕ ਦਾ ਵਿਸ਼ਾ ਹੈ ਅਤੇ ਵਿਸ਼ੇ ਵਿਚ ਹੀ ਮੰਤਵ ਹੈ। ਮੇਰਾ ਇਹ ਗ੍ਰੰਥ 80 ਚੈਪਟਰਾਂ ਵਿਚ ਹੈ। 80 ਹੀ ਵਿਸ਼ੇ ਮੈਂ ਛੋਹੇ ਹਨ। ਜਦ ਵੀ ਪਿੰਡਾਂ ਬਾਰੇ ਕਿਸੇ ਕਿਤਾਬ ਦੀ ਗੱਲ ਕੀਤੀ ਜਾਂਦੀ ਹੈ, ਗਿਆਨੀ ਗੁਰਦਿੱਤ ਸਿੰਘ ਦੀ ਪੁਸਤਕ 'ਮੇਰਾ ਪਿੰਡ' ਦੀ ਚਰਚਾ ਹੁੰਦੀ ਹੈ। ਪਰ ਉਹ ਪੁਸਤਕ ਬਹੁਤ ਪੁਰਾਣੀ ਹੋ ਗਈ। ਹੁਣ ਪਿੰਡ ਉਸ ਪੁਸਤਕ ਤੋਂ ਕਿਤੇ ਅਗਾਂਹ ਚਲੇ ਗਏ ਹਨ। ਮੈਂ ਗਿਆਨੀ ਗੁਰਦਿੱਤ ਸਿੰਘ ਦੇ 'ਮੇਰਾ ਪਿੰਡ' ਤੋਂ ਅਗਾਂਹ ਦੀ ਗੱਲ ਕੀਤੀ ਹੈ, ਜੋ ਮੇਰੇ ਸਰੋਕਾਰ ਹਨ, ਉਹ ਗਿਆਨੀ ਗੁਰਦਿੱਤ ਸਿੰਘ ਵੇਲੇ ਹੈ ਹੀ ਨਹੀਂ।

ਪਿੰਡਾਂ ਵਿਚ ਜਿੱਥੇ ਬੜਾ ਕੁਝ ਚੰਗਾ ਵਾਪਰਿਆ ਹੈ, ਉਥੇ ਬੜਾ ਕੁਝ ਮਾੜਾ ਵੀ ਵਾਪਰਨ ਜਾ ਰਿਹਾ ਹੈ। ਹਰੀ ਕ੍ਰਾਂਤੀ ਨੇ ਕਿਸਾਨਾਂ ਨੂੰ ਸੁਕਾ ਦਿੱਤਾ ਹੈ ਤੇ ਉਹ ਪੀਲੇ ਹੋ ਰਹੇ ਹਨ। ਬੇਰੁਜ਼ਗਾਰੀ ਹੱਦਾਂ ਬੰਨ੍ਹੇ ਟੱਪ ਰਹੀ ਹੈ। ਪਿੰਡਾਂ ਦੇ ਨੌਜਵਾਨ ਮਸਾਂ ਰੋ-ਧੋ ਕੇ ਦਸਵੀਂ ਜਾਂ +2 ਕਰਦੇ ਹਨ। ਕਾਲਜ ਕੋਈ ਨਹੀਂ ਜਾਂਦਾ। ਬੇਰੁਜ਼ਗਾਰੀ ਨੇ ਨਸ਼ਿਆਂ ਦੀ ਚਾਦਰ ਓੜ ਲਈ ਹੈ। ਨਿੱਕੀ ਕਿਸਾਨੀ ਨੂੰ ਵੱਡੀ ਕਿਸਾਨੀ ਨੇ ਖਾ ਲਿਆ ਹੈ। ਨਿੱਕੇ ਕਿਸਾਨ ਸ਼ਹਿਰ ਦੇ ਲੇਬਰ ਚੌਕਾਂ ਵਿਚ ਜਾ ਖਲੋਤੇ ਹਨ। ਸਾਡੇ ਪਿੰਡਾਂ ਵਿਚੋਂ ਸਿਆਣੇ ਲੋਕ ਸ਼ਹਿਰੀਂ ਜਾ ਵੱਸੇ ਹਨ। ਸਾਰੇ ਹੀ ਭੂਤਨੇ ਪਿੰਡਾਂ ਵਿਚ ਵੀ ਹਨ।

ਮੈਂ ਜੰਮਿਆਂ ਵੀ ਪਿੰਡ ਸਾਂ ਤੇ ਮਰਨ ਦਾ ਇਰਾਦਾ ਵੀ ਪਿੰਡ ਦਾ ਹੀ ਹੈ। ਮੈਂ ਪਿੰਡ ਦੀ ਰੂਹ ਨੂੰ ਜਾਣਦਾ ਹਾਂ। ਮੇਰੀ ਦਿਲੀ ਇੱਛਾ ਸੀ ਕਿ ਮੈਂ ਪਿੰਡਾਂ ਬਾਰੇ ਇਕ ਪੁਸਤਕ ਲਿਖਾਂ। ਇਹ ਰੀਝ ਨੈਸ਼ਨਲ ਬੁੱਕ ਟਰੱਸਟ ਦੇ ਸੰਪਾਦਕ/ਸਹਾਇਕ ਡਾਇਰੈਕਟਰ ਸ. ਬਲਦੇਵ ਸਿੰਘ ਬੱਦਣ ਨੇ ਪੂਰੀ ਕੀਤੀ। ਕਈਆਂ ਹੋਰਨਾਂ ਨੇ ਵੀ ਪਿੰਡਾਂ ਬਾਰੇ ਖਰੜੇ ਉਨ੍ਹਾਂ ਨੂੰ ਭੇਜੇ ਸਨ ਪਰ ਉਨ੍ਹਾਂ ਮੇਰੇ ਖਰੜੇ ਨੂੰ ਹੀ ਪ੍ਰਵਾਨਗੀ ਦਿੱਤੀ। ਇਹ ਪੁਸਤਕ ਮੇਰੀ ਇਤਿਹਾਸਕ ਪੁਸਤਕ ਹੈ ਅਤੇ ਕਈ ਭਾਸ਼ਾਵਾਂ ਵਿਚ ਛਪੇਗੀ। ਪੰਜਾਬ ਦੇ ਪਿੰਡਾਂ ਬਾਰੇ ਸਮੁੱਚਤਾ ਨਾਲ ਜੋ ਲੋਕ ਜਾਣਕਾਰੀ ਚਾਹੁੰਦੇ ਹਨ, ਉਨ੍ਹਾਂ ਲਈ ਇਹ ਪੁਸਤਕ ਬੇਸ਼ਕਮੀਤੀ ਹੈ।

**8. 'ਆਸਟ੍ਰੇਲੀਆ ਦੇ ਸਫ਼ਰਨਾਮੇ' ਅਤੇ 'ਪਾਕਿਸਤਾਨ ਦੇ ਸਫ਼ਰਨਾਮੇ' ਵਿਚ ਬੁਨਿਆਦੀ ਫਰਕ ਜਾਂ ਵਿਸ਼ੇਸ਼ ਮਹੱਤਵ ਕਿਸ ਗੱਲ ਦਾ ਹੈ? ਦੋਨੋਂ ਸਫ਼ਰਨਾਮਿਆਂ ਦਾ ਸਾਹਿਤਕ ਹੁੰਗਾਰਾ ਕਿਹੋ ਜਿਹਾ ਰਿਹਾ?**

-ਹਿੰਦੂ ਮਿਥਿਹਾਸ ਪਰ ਗੌਰਵਸ਼ਾਲੀ ਮਾਨਤਾਵਾਂ ਵਿਚ ਇਕ ਤੱਥ ਨੈਤਿਕਤਾ ਦੇ ਤੌਰ ਉੱਤੇ ਸਸ਼ਕਤ ਤੌਰ 'ਤੇ ਸ਼ਾਮਲ ਹੈ ਕਿ ਗਿਆਨ ਹੀ ਕਲਿਆਣ ਹੈ। ਭਾਵ ਕਿ ਗਿਆਨ ਗਤੀਸ਼ੀਲਤਾ ਦਾ ਧੁਰਾ ਹੈ। ਗਿਆਨ ਬਿਨਾਂ ਆਦਮੀ ਖੂਹ ਦਾ ਡੱਡੂ ਹੈ। ਆਸਟ੍ਰੇਲੀਆ ਬਾਰੇ ਗਿਆਨ ਦੀਆਂ ਸ਼ੁੱਧ ਸੂਚਨਾਵਾਂ ਹਨ। ਉਸ ਦੇਸ਼ ਵਿਚ ਮੇਰੀਆਂ ਦੋ ਧੀਆਂ ਤੇ ਇਕ ਪੁੱਤਰ ਤੇ ਉਨ੍ਹਾਂ ਦੇ ਪਰਿਵਾਰ ਜਾ ਵੱਸੇ ਹਨ। ਮੈਂ ਕਿਸੇ ਦੀ ਸ਼ਾਦੀ 'ਤੇ ਨਹੀਂ ਸਾਂ ਗਿਆ। ਜਿਵੇਂ ਕਿ ਅਮਰੀਕਾ ਤੇ ਕੈਨੇਡਾ ਵਿਚ ਹੁੰਦਾ ਹੈ। ਸਪਾਂਸਰ ਕਰਨ ਵਾਲਾ ਖਰਚ ਕਰਦਾ ਹੈ ਤੇ ਸਫਰਨਾਮਾ ਲਿਖਣ ਵਾਲਾ ਉਸ ਦਾ ਮਿਰਾਸੀ ਹੋ ਜਾਂਦਾ ਹੈ। ਦੋ-ਚਾਰ ਘੋੜੀਆਂ ਗਾਉਂਦਾ ਹੈ ਤੇ ਫਿਰ ਬੱਸ। ਪਰ ਮੈਂ ਆਸਟ੍ਰੇਲੀਆ ਦੇ ਸਫ਼ਰਨਾਮੇ ਵਿਚ ਉਥੋਂ ਦੀ ਧਰਾਤਲ, ਰਹਿਤਲ, ਸੱਭਿਆਚਾਰ, ਬਾਜ਼ਾਰ, ਸਰਮਾਏਦਾਰੀ ਦੀ ਕਿਸਮ, ਰਹਿਣ-ਸਹਿਣ, ਪਸ਼ੂ-ਪੰਛੀ, ਉਥੋਂ ਦਾ ਇਤਿਹਾਸ, ਰੁੱਤਾਂ, ਮੌਸਮ ਅਤੇ ਪੰਜਾਬੀਆਂ ਦਾ ਭਵਿੱਖ ਬੜੀ ਬਰੀਕੀ ਨਾਲ ਉਲੀਕੇ ਹਨ। ਮੈਂ ਉਸ ਦੇਸ਼ ਦੇ ਪਿੰਡਾਂ ਵਿਚ ਵੀ ਗਿਆ ਤੇ ਕੈਪੀਟਲ ਸ਼ਹਿਰੀ ਵੀ। ਮੈਂ ਲੋਕਾਂ ਦੇ ਵਿਆਹਾਂ-ਸ਼ਾਦੀਆਂ 'ਤੇ ਵੀ ਗਿਆ। ਉਥੋਂ ਦੇ ਸਰਕਾਰੀ ਜਸ਼ਨਾਂ ਤੇ ਹੜਤਾਲਾਂ 'ਚ ਸ਼ਾਮਲ ਹੋਇਆ। ਉਥੋਂ ਦੇ ਵਿਦਿਅਕ ਢਾਂਚੇ ਦੀ ਅੰਤ੍ਰੀਵਤਾ 'ਤੇ ਝਾਤ ਪਾਈ। ਉਥੋਂ ਦੀ ਰਾਜਨੀਤਿਕ ਪ੍ਰਣਾਲੀ ਅਤੇ ਚੋਣ ਪ੍ਰਕ੍ਰਿਆ ਬਾਰੇ ਘੋਖ ਕੇ ਲਿਖਿਆ। ਲੋਕ ਕਿਵੇਂ ਜੀਂਦੇ ਤੇ ਥੀਂਦੇ ਹਨ? ਸਾਡੇ ਅਤੇ ਉਥੋਂ ਦੇ ਸਨਾਤਨੀ ਵਾਸੀਆਂ ਦੇ ਜੀਵਨ ਵਿਚ ਕੀ ਅੰਤਰ ਹੈ? ਇਹ ਸਭ ਮੈਂ ਸਹੀ ਵੇਰਵੇ ਦਿੱਤੇ। ਇਹ ਸਫਰਨਾਮਾ ਏਨਾ ਦਿਲਚਸਪ ਬਣਿਆ ਹੈ ਕਿ ਮੈਂ ਖੁਦ ਇਸ ਨੂੰ ਉਦਾਸ ਪਲਾਂ ਵਿਚ ਪੜ੍ਹਦਾ ਹਾਂ।

ਇਸ ਸਫਰਨਾਮੇ ਦੀ ਪਹਿਲੀ ਐਡੀਸ਼ਨ ਪਾਠਕਾਂ ਨੇ ਦੋ ਕੁ ਸਾਲਾਂ ਵਿਚ ਖਰੀਦ ਲਈ। ਪ੍ਰਕਾਸ਼ਕ ਦਾ ਕਹਿਣਾ ਹੈ ਕਿ ਇਸ ਸਫਰਨਾਮੇ ਨੇ ਪੰਜਾਬੀ ਦੇ ਸਫਰਨਾਮਾ ਸਾਹਿਤ ਨੂੰ ਨਵੇਂ ਆਯਾਮ ਦੇ ਕੇ ਖੜੋਤ ਤੋੜੀ ਹੈ। ਮੇਰਾ 'ਪਾਕਿਸਤਾਨੀ ਸਫਰਨਾਮਾ' ਉਕਤ ਸਫਰਨਾਮੇ ਤੋਂ ਵੱਖਰੀ ਭਾਂਤ ਦਾ ਹੈ। ਮੈਂ ਦੋ ਵਾਰ ਪਾਕਿਸਤਾਨ ਗਿਆ ਹਾਂ। ਪਹਿਲੀ ਵਾਰ ਪਾਕਿਸਤਾਨੀ ਸਰਕਾਰ ਨੇ ਕੁਝ ਸਾਹਿਤਕਾਰਾਂ ਨੂੰ ਸ. ਭਗਤ ਸਿੰਘ ਸ਼ਹੀਦ ਦੇ ਸ਼ਤਾਬਦੀ ਜਸ਼ਨਾਂ ਮੌਕੇ ਲਾਹੌਰ ਬੁਲਾਇਆ ਸੀ। ਮੈਂ ਵੀ ਉਸ ਵਫਦ ਵਿਚ ਸਾਂ। ਭਗਤ ਸਿੰਘ ਦੇ ਸ਼ਤਾਬਦੀ ਜਸ਼ਨਾਂ ਵਿਚ ਮੈਨੂੰ ਪ੍ਰਧਾਨਗੀ ਪਦ ਦੇ ਕੇ ਸਨਮਾਨਿਤ ਕੀਤਾ ਗਿਆ। ਮੈਨੂੰ ਤੇ ਹੋਰ ਲੇਖਕਾਂ ਨੂੰ ਸ਼ਹੀਦ ਭਗਤ ਸਿੰਘ ਹੈ। ਮੈਂ ਭਗਤ ਸਿੰਘ ਦੇ ਜੱਦੀ ਪਿੰਡ ਚੱਕ ਨੰ: 105 ਬੰਗਾ ਜ਼ਿਲ੍ਹਾ ਫੈਸਲਾਬਾਦ ਜਾਣ ਦਾ ਮੌਕਾ ਮਿਲਿਆ। ਇਹ ਮੇਰੇ ਲਈ ਮੱਕੇ ਜਿਹੀ ਜ਼ਿਆਰਤ ਸੀ, ਦਾ ਜਨਮ ਕਮਰਾ ਵੇਖਿਆ। ਉਸ ਦਾ ਸਕੂਲ ਵੇਖਿਆ ਅਤੇ ਉਹ ਵੇਖਿਆ ਜਿਥੇ ਉਹ ਹਰ ਸਾਲ ਕਾਮਰੇਡਾਂ ਦਾ ਜਲਸਾ ਕਰਵਾਉਂਦਾ ਸੀ। ਇਹ ਸਾਰੇ ਵੇਰਵੇ ਮੈਂ ਆਪਣੇ ਸਫਰਨਾਮੇ ਵਿਚ ਲਿਖੇ ਹਨ। ਦੋਹਾਂ ਦੇਖੋ ਦੀ ਜਜ਼ਬਾਤੀ ਦੋਸਤੀ ਨੂੰ ਹਕੀਕਤ ਵਿਚ ਬਦਲਣ ਲਈ ਮੈਂ ਪੰਜਾਬੀ ਦੇ ਦੋ ਸੌ ਦੇ ਕਰੀਬ ਸਾਹਿਤਕਾਰਾਂ ਨੂੰ ਮਿਲਿਆ। ਉਨ੍ਹਾਂ ਨਾਲ ਸਾਹਿਬ ਪ੍ਰੋਗਰਾਮ ਕੀਤੇ। ਕਵੀ ਦਰਬਾਰ ਕੀਤੇ। ਅਖ਼ਬਾਰਾਂ ਨੂੰ ਇੰਟਰਵਿਊ ਦਿੱਤੇ ਰੇਡੀਓ ਅਤੇ ਟੀ.ਵੀ. ਉੱਤੇ ਦੋਹਾਂ ਦੇਸ਼ਾਂ ਦੇ ਸਾਹਿਤਕਾਰਾਂ ਨੂੰ ਸੰਬੋਧਨ ਹੋਇਆ।

ਦੂਜੀ ਵਾਰ ਮੈਂ ਅਟਕ ਦਰਿਆ ਤੋਂ ਪਾਰ ਜਮਰੌਦ ਵੱਲ ਗਿਆ। ਡੋਗ ਇਸਮਾਈਲ ਖਾਂ ਤੋਂ ਪਾਰ ਗਿਆ ਅਤੇ ਪਠਾਣਾਂ ਦੇ ਰਹਿਣ-ਸਹਿਣ ਬਾਰੇ ਸੂਚਨਾਵਾਂ ਇਕੱਠੀਆਂ ਕੀਤੀਆਂ। ਤਾਲਿਬਾਨਾਂ ਬਾਰੇ ਜਾਣਿਆ। ਮੈਂ ਉਥੇ ਗਿਆ ਜਿੱਥੇ ਹਰ ਆਦਮੀ ਕੋਲ ਅਸਾਲਟਾਂ ਨੇ। ਜਿੱਥੇ ਅੱਜਕਲ੍ਹ ਜੰਗ ਚੱਲ ਰਿਹਾ ਹੈ। ਮੈਂ ਪਾਕਿਸਤਾਨ ਦੇ ਇਸ ਸਫਰਨਾਮੇ ਨੂੰ ਵੀ ਬਾਕੀ ਰਵਾਇਤੀ ਸਫਰਨਾਮਿਆਂ ਤੋਂ ਵੱਖਰੀ ਕਿਸਮ ਦੀ ਬੁਨਿਆਦ ਵਿਚ ਪੇਸ਼ ਕੀਤਾ ਹੈ।

**9. ਤੁਸੀਂ 'ਚਿਰਾਗ' (ਤ੍ਰੈ-ਮਾਸਿਕ) ਸਾਹਿਤਕ ਮੈਗਜ਼ੀਨ ਤੇ ਪਾਕਿਸਤਾਨੀ ਪੰਜਾਬ ਸਰਕਾਰ ਦੇ ਸਰਕਾਰੀ ਪੰਜਾਬੀ ਪੇਪਰ 'ਪੰਜਾਬ ਰੰਗ' ਦੇ ਉਪ ਸੰਪਾਦਕ ਹੋ। ਸੰਪਾਦਨਾ ਦੇ ਕੁੱਝ ਯਾਦਗਾਰੀ ਅਨੁਭਵ ਸਾਂਝੇ ਕਰੋ?**

- 'ਚਿਰਾਗ' ਸਾਹਿਤਕ ਤ੍ਰੈਮਾਸਿਕ ਇਕ ਮਿਆਰੀ ਰਸਾਲਾ ਹੈ। ਜਿਸਨੇ ਪਿਛਲੇ ਸਮੇਂ ਤੋਂ ਪੰਜਾਬੀ ਸਾਹਿਤ ਵਿਚ ਨਰੋਈਆਂ ਪਿਰਤਾਂ ਪਾਈਆਂ ਹਨ। ਅੱਜਕੱਲ੍ਹ ਪੰਜਾਬੀ ਦੇ ਮਿਆਰੀ ਸਾਹਿਤਕ ਰਸਾਲੇ ਨੂੰ ਚਲਾਉਣਾ ਸੌਖਾ ਨਹੀਂ ਹੈ। ਅਸੀਂ ਚਿਰਾਗ ਦੇ ਦੁਆਲੇ ਅਗਾਂਹਵਧੂ ਅਤੇ ਪਵਿੱਤਰ ਨਿਸ਼ਠਾ ਵਾਲੇ ਲੋਕਾਂ ਨੂੰ ਜੋੜਨ ਵਿਚ ਸਫਲ ਰਹੇ ਹਾਂ। ਇਹ ਤ੍ਰੈਮਾਸਿਕ ਨਿਰੋਲ ਪਾਠਕਾਂ ਦੇ ਚੰਦਿਆਂ ਦੇ ਹੀ ਸਿਰ 'ਤੇ ਚੱਲਦਾ ਹੈ। ਇਸ ਦੀ ਪਿੱਠ ਉੱਤੇ ਕੋਈ ਡਾਲਰੀ ਸ਼ਹਿਨਸ਼ਾਹ ਜਾਂ ਪੌਂਡਧਾਰੀ ਸੂਤਰਧਾਰ ਨਹੀਂ। ਅਸੀਂ ਉਨ੍ਹਾਂ ਕਦਰਾਂ-ਕੀਮਤਾਂ ਨੂੰ ਤ੍ਰੈਮਾਸਿਕ ਭਾਗ ਤਰ ਰੱਖਣ ਦਾ ਯਤਨ ਕਰ ਰਹੇ ਹਾਂ ਜਿਨ੍ਹਾਂ ਨਾਲ ਪੰਜਾਬੀ ਸਾਹਿਤ ਵਿਚੋਂ ਪ੍ਰਦੂਸ਼ਣ ਘੱਟ ਕੀਤਾ ਜਾ ਸਕੇ। ਅੱਜ ਰੁਪਈਆ ਆਪਣਾ ਕੱਦ ਹੋਰ ਨੀਵਾਂ ਕਰ ਗਿਆ ਤੇ ਪੌਂਡਾਂ ਵਾਲੇ ਧੜਾਧੜ ਰਸਾਲੇ ਕੱਢ ਰਹੇ ਹਨ ਅਤੇ ਖੇਹ-ਸੁਆਹ ਛਾਪ ਕੇ ਉਸ ਉੱਤੇ ਸਾਹਿਤ ਦੀ ਛਾਪ ਲਾ ਰਹੇ ਹਨ। ਇਹ ਸਰਮਾਇਆ ਲਾਉਣ ਵਾਲਿਆਂ ਦੇ ਰਿਮੋਟ ਹਨ। ਅੱਜ 80% ਪੰਜਾਬੀ ਪੁਸਤਕਾਂ ਤੇ ਰਸਾਲੇ ਪਿੰਡਾਂ ਤੇ ਡਾਲਰਾਂ ਦੀ ਮਾਰ ਹੇਠ ਹਨ:

ਪਹੁੰਚੇ ਆਣ ਵਲਾਇਤ ਵਿਚ ਵੱਜਾ ਪੌਂਡੀ ਦਾਅ
ਆਪਣਾ ਪਰਚਾ ਕੱਢੀਏ ਬਣ ਬਰਨਾਰਡ ਸ਼ਾਹ
ਆਪਣਾ ਪਰਚਾ ਕੱਢੀਏ ਛਾਪੀਏ ਖੇਹ ਸੁਆਹ
ਆਪਣੇ ਮਰਸੀਏ ਛਾਪੀਏ ਮਾਰੀਏ ਹੋਰ ਵਗਾਹ...

ਐਸੀ ਅਵਸਥਾ ਵਿਚ ਨਵੀਆਂ ਪੈੜਾਂ ਪਾਉਣ ਦੀ ਦੂਰ ਦੀ ਗੱਲ ਹੈ। ਹਾਂ, ਅਸੀਂ ਕੁਝ ਮਿੱਤਰ ਰਲ ਕੇ 'ਚਿਰਾਗ' ਰਾਹੀਂ ਪੰਜਾਬੀ ਸਾਹਿਤ ਦੀਆਂ ਸ਼ਾਨਦਾਰ ਤੇ ਜਾਨਦਾਰ ਅਮੀਰ ਰਵਾਇਤਾਂ ਨੂੰ ਸਾਂਭਣ ਦੇ ਆਹਰ ਵਿਚ ਹਾਂ।

ਮੈਂ ਜਦ ਪਾਕਿਸਤਾਨ ਗਿਆ ਸਾਂ, ਤਦ ਆਪਣੀਆਂ ਪੁਸਤਕਾਂ ਸ. ਦਿਆਲ ਸਿੰਘ ਮਜੀਠੀਆ ਲਾਇਬ੍ਰੇਰੀ ਨੂੰ ਭੇਟ ਕੀਤੀਆਂ। ਡਾ. ਜਫਰ ਚੀਮਾ ਇਸ ਸੰਸਥਾ (ਦਿਆਲ ਸਿੰਘ ਰੀਸਰਚ ਐਂਡ ਕਲਚਰਲ ਫੋਰਮ ਲਾਹੌਰ) ਦੇ ਡਾਇਰੈਕਟਰ ਨੇ ਜਦ ਇਹ ਪੁਸਤਕਾਂ ਵੇਖੀਆਂ ਤਾਂ ਉਹ ਮੁਤਾਸਰ ਹੋਏ। ਉਨ੍ਹਾਂ ਏਸੇ ਸਰਕਾਰੀ ਸੰਸਥਾ ਵੱਲੋਂ ਕੱਢੇ ਜਾਂਦੇ ਸਰਕਾਰੀ ਤਿਮਾਹੀ 'ਪੰਜਾਬ ਰੰਗ' ਦੀ ਮੈਨੂੰ ਸਹਾਇਕ ਐਡੀਟਰੀ ਦੀ ਪੇਸ਼ਕਸ਼ ਕੀਤੀ, ਜੋ ਮੈਂ ਸਵੀਕਾਰ ਕਰ ਲਈ। ਮੈਂ ਇਨ੍ਹਾਂ ਦੋਹਾਂ ਪਰਚਿਆਂ ਵਿਚ ਹੀ ਆਪਣੀ ਸ਼ਕਤੀ ਮੁਜ਼ਬ ਸਾਹਿਤਕ ਹਿੱਸਾ ਪਾਉਣ ਦੇ ਆਹਰ ਵਿਚ ਰਹਿੰਦਾ ਹਾਂ।

ਮੈਨੂੰ ਹੁਣੇ-ਹੁਣੇ ਕੈਨੇਡਾ ਤੋਂ ਨਵ ਪ੍ਰਕਾਸ਼ਤ ਸਾਹਿਤਕ ਮਹੀਨਾਵਾਰ 'ਨਵੀਂ ਦੁਨੀਆਂ' ਦਾ ਵੀ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ ਅਤੇ ਇਕ ਵੱਡਾ ਕਾਲਮ ਵੀ ਲਿਖਣ ਦੀ ਪੇਸ਼ਕਸ਼ ਹੈ। ਮੈਂ ਇਹ ਕਾਲਮ ਸ਼ੁਰੂ ਕਰ ਰਿਹਾ ਹਾਂ। ਮੈਂ ਚਾਹੁੰਦਾ ਹਾਂ ਕਿ ਪੰਜਾਬੀ ਗ਼ਜ਼ਲ ਵਿਚ ਬਿਹਤਰ ਲਿਖਣ ਵਾਲੇ ਗ਼ਜ਼ਲਕਾਰਾਂ ਸਬੰਧੀ ਮੈਂ ਇਸ ਕਾਲਮ ਵਿਚ ਲਿਖਾਂ।

ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਤਿੰਨਾਂ ਰਸਾਲਿਆਂ ਦੇ ਹੀ ਮੈਂ ਵਿਸ਼ੇਸ਼ ਗ਼ਜ਼ਲ ਅੰਕ ਸੰਪਾਦਤ ਕਰਾਂ। ਕਿਸੇ ਵੀ ਸੰਪਾਦਕ ਦੀ ਬੜੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਇਸ ਲਈ ਸੰਪਾਦਨਾ ਸੰਬੰਧੀ ਸਾਡੇ ਲੇਖਕਾਂ ਨੂੰ ਵੀ ਸੰਪਾਦਕਾਂ ਦੀਆਂ ਮਜ਼ਬੂਰੀਆਂ ਨੂੰ ਸਮਝਣਾ ਚਾਹੀਦਾ ਹੈ।

**10. 'ਸੁੱਚੇ ਤਿੱਲੇ ਦੀਆਂ ਤਾਰਾਂ' (ਪੰਜਾਬੀ ਗ਼ਜ਼ਲਕਾਰਾਂ) ਦੀ ਸੰਪਾਦਨਾ ਦਾ ਵਿਚਾਰ ਕਿਉਂ ਅਤੇ ਕਿਸ ਤਰ੍ਹਾਂ ਆਇਆ?**

-ਮੈਂ ਪਾਕਿਸਤਾਨ ਗਿਆ ਤਾਂ ਉਥੇ ਮੈਨੂੰ ਇਕ ਸਾਹਿਤਕਾਰ ਨੇ ਇਕ ਸੰਪਾਦਤ ਪੁਸਤਕ ਭੇਟ ਕੀਤੀ, ਜਿਹੜੀ ਉਰਦੂ ਅੱਖਰਾਂ ਵਿਚਲੀ ਪੰਜਾਬੀ ਵਿਚ ਸੀ। ਇਸ ਪੁਸਤਕ ਵਿਚ ਦੋਹਾਂ ਪੰਜਾਬਾਂ ਦੀਆਂ ਪੁਰਾਣੀਆਂ ਅਤੇ ਦੇਸ਼ ਵੰਡ ਤੱਕ ਦੀਆਂ ਨਵੀਆਂ ਕਵਿੱਤਰੀਆਂ ਦੀਆਂ ਸੰਖੇਪ ਜੀਵਣੀਆਂ ਅਤੇ ਚੋਣਵੀਆਂ ਰਚਨਾਵਾਂ ਸਨ। ਇਸ ਪੁਸਤਕ ਨੇ ਮੈਨੂੰ ਬੜਾ ਮੁਤਾਸਰ ਕੀਤਾ। ਇਸ ਤੋਂ ਪਹਿਲਾਂ ਮੈਂ 'ਪੰਜਾਬੀ ਦੇ ਚੋਣਵੇਂ ਸ਼ਿਆਰ' ਨਾਮੀ ਸੰਪਾਦਕ ਪੁਸਤਕ 'ਚ 1800 ਸ਼ਿਅਰਾਂ ਦੀਆਂ ਗ਼ਜ਼ਲਾਂ 'ਚੋਂ ਸ਼ਿਆਰ ਚੁਣੇ ਸਨ। 'ਸੰਪੂਰਨ ਪਿੰਗਲ ਅਤੇ ਅਰੂਜ਼' ਗ੍ਰੰਥ ਸਮੇਂ ਵੀ ਮੈਂ ਹਵਾਲਾ ਦੇਣ ਹਿੱਤ ਪੁਸਤਕਾਂ ਫੋਲੀਆਂ ਸਨ। ਮੈਂ ਵੇਖਿਆ ਕਿ ਪੰਜਾਬੀ ਗ਼ਜ਼ਲਕਾਰਾਂ ਦੀਆਂ ਕਈ ਸਮਿਲਤ ਸੰਪਾਦਤ ਪੁਸਤਕਾਂ ਸਨ ਪਰੰਤੂ ਕੋਈ ਵੀ ਐਸੀ ਪੁਸਤਕ ਪੰਜਾਬੀ ਵਿਚ ਨਹੀਂ ਸੀ, ਜੋ ਸੰਸਾਰ ਭਰ ਦੀਆਂ ਨਾਰੀ ਗ਼ਜ਼ਲਕਾਰਾਂ ਉੱਤੇ ਆਧਾਰਿਤ ਹੋਵੇ। ਸੁਖਵਿੰਦਰ ਅੰਮ੍ਰਿਤ ਨੇ ਇਕ ਰਸਾਲੇ ਰਾਹੀਂ ਐਸਾ ਕਾਰਜ ਕੀਤਾ ਸੀ ਪਰ ਉਹ ਕੇਵਲ 7-8 ਨਾਰੀ ਗ਼ਜ਼ਲਕਾਰਾਂ ਤੱਕ ਸੀਮਤ ਹੋ ਗਈ। ਇਹ ਸੰਸਥਾਗਤ ਕਾਰਜ ਸੀ। ਮੇਰੇ ਕੋਲ ਨਾਰੀ ਗ਼ਜ਼ਲਕਾਰਾਂ ਨਾਲ ਰਾਬਤਾ ਸੀ ਪਰ ਆਰਥਿਕਤਾ ਦਾ ਮਸਲਾ ਸੀ। ਗਿੱਲ ਮੋਰਾਂਵਾਲੀ ਕੈਨੇਡਾ ਨੇ ਅਮਰੀਕਾ, ਕੈਨੇਡਾ ਆਦਿ ਦੀਆਂ ਨਾਰੀ ਗ਼ਜ਼ਲਕਾਰਾਂ ਦੀਆਂ 10-10 ਗ਼ਜ਼ਲਾਂ ਅਤੇ ਜੀਵਨ ਬਿਓਰਾ ਭੇਜਿਆ। ਮੈਂ ਭਾਰਤ ਅਤੇ ਪਾਕਿਸਤਾਨ ਦੀਆਂ ਨਾਰੀ ਗ਼ਜ਼ਲਕਾਰਾਂ ਦੇ ਖਰੜੇ ਇਕੱਠੇ ਕੀਤੇ। ਨਵਾਂ ਜ਼ਮਾਨਾ ਅਤੇ ਅਜੀਤ ਵਿਚ ਖ਼ਬਰ ਦਿੱਤੀ। ਖੁਸ਼ੀ ਦੀ ਗੱਲ ਇਹ ਕਿ ਇਕ ਮਹੀਨੇ ਵਿਚ ਹੀ ਦੁਨੀਆਂ ਭਰ ਤੋਂ ਮੈਨੂੰ ਨਾਰੀ ਗ਼ਜ਼ਲਕਾਰਾਂ ਨੇ ਸਾਰਾ ਸਾਹਿਤਕ ਮਸਾਲਾ ਭੇਜ ਦਿੱਤਾ। ਇਸ ਤਰ੍ਹਾਂ ਜਦ ਮੈਂ ਪਾਕਿਸਤਾਨ ਦੂਜੀ ਵਾਰ ਗਿਆ, ਤਾਂ ਉਥੋਂ ਵੀ ਨਾਰੀ ਗ਼ਜ਼ਲਕਾਰਾਂ ਦੀਆਂ ਰਚਨਾਵਾਂ ਲੈ ਕੇ ਆਇਆ। ਇਹ ਪੁਸਤਕ 300 ਸਫਿਆਂ 'ਚ ਫੈਲੀ ਹੋਈ ਹੈ ਅਤੇ ਇਸ ਵਿਚ 36 ਪੰਜਾਬੀ ਗ਼ਜ਼ਲਕਾਰਾਂ ਦੇ ਜੀਵਨ ਬਿਓਰੇ ਫੋਟੋਆਂ ਅਤੇ ਚੋਣਵੀਆਂ 10-10 ਗ਼ਜ਼ਲਾਂ ਹਨ। ਇਹ ਪੁਸਤਕ ਬੜੀ ਸਫਲ ਰਹੀ ਅਤੇ ਪਾਠਕਾਂ ਨੇ ਪਸੰਦ ਕੀਤੀ।

**11. 'ਬੇੜੀਆਂ ਦੇ ਪੁੱਲ ਆਪਣੀਆਂ ਬਾਕੀ ਕਾਵਿ-ਰਚਨਾਵਾਂ ਤੋਂ ਜੋ ਨਿਖੇੜਕੇ ਗੱਲ ਕਹਿਣੀ ਹੋਵੇ, ਤਾਂ ਕੀ ਕਹੋਗੇ? ਤੁਹਾਡੀ ਮੁੱਖ ਵਿਚਾਰਧਾਰਾ ਕੀ ਹੈ?**

-ਭਾਵੇਂ ਮੈਂ ਘੋਰ ਰੂਪਵਾਦੀ ਨਹੀਂ, ਸਗੋਂ ਆਤਮਵਾਦੀ ਹਾਂ। ਸੂਰਤ ਵੱਲੋਂ ਰਚਨਾ ਦੀ ਸੀਰਤ ਨੂੰ ਮਹੱਤਵ ਦਿੰਦਾ ਹਾਂ। ਪਰ 'ਬੇੜੀਆਂ ਦਾ ਪੁੱਲ' ਰਾਹੀਂ ਮੈਂ ਪੰਜਾਬੀ ਗ਼ਜ਼ਲ ਦੇ ਦਿੱਗ ਦਰਸ਼ਨ ਕਰਵਾਏ ਹਨ। ਗ਼ਜ਼ਲ ਦੀਆਂ ਅਸੀਮ ਸ਼ਕਤੀਆਂ ਬਾਰੇ ਪ੍ਰਦਰਸ਼ਨ ਕੀਤਾ ਹੈ। ਮੈਂ ਇਕ ਹੀ ਜ਼ਮੀਨ (ਇਕੋ ਬਹਿਰ, ਕਾਫੀਆ ਤੇ ਰਦੀਫ) ਵਿਚ 160 ਗ਼ਜ਼ਲਾਂ (1262 ਸ਼ਿਆਰ) ਲਿਖ ਕੇ ਪੰਜਾਬੀ ਗ਼ਜ਼ਲ ਦੇ ਇਤਿਹਾਸ ਵਿਚ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਜਿਸ ਨੂੰ ਨੈਸ਼ਨਲ ਬੁੱਕ ਟਰੱਸਟ ਨਵੀਂ ਦਿੱਲੀ ਨੇ ਵੱਡੀ ਰਾਇਲਟੀ ਦੇ ਕੇ ਛਾਪਿਆ ਹੈ। 1262 ਸ਼ਿਅਰਾਂ ਵਿਚੋਂ ਇਕ ਵੀ ਸ਼ਿਆਰ ਵਿਚ ਵਿਸ਼ੇ ਦਾ ਦੁਹਰਾਉ ਨਹੀਂ। 160 ਗ਼ਜ਼ਲਾਂ ਦੇ ਬਕਾਇਦਾ ਮਤਲੇ ਅਤੇ ਮਕਤੇ ਹਨ। ਗਜ਼ਲ ਜੇਕਰ ਆਪਣੇ ਪਾਸਾਰ ਨਹੀਂ ਕਰਦੀ ਅਤੇ ਪੁਰਾਣੀ ਕੁੰਜ ਝਾੜ ਕੇ ਨਵੀਂ ਨਕੋਰ ਤੇ ਦੁਲਹਨ ਵਾਂਗ ਪੇਸ਼ ਨਹੀਂ ਹੁੰਦੀ, ਤਾਂ ਇਹਦਾ ਵੀ ਖੁੱਲ੍ਹੀ ਕਵਿਤਾ ਵਾਲਾ ਹਸ਼ਰ ਹੋਵੇਗਾ। 'ਬੇੜੀਆਂ ਦਾ ਪੁੱਲ' ਜਿਵੇਂ ਇਕ-ਇਕ ਬੇੜੀ ਦਾ ਵਖਰੇਵਾਂ ਵੀ ਹੁੰਦਾ ਹੈ ਅਤੇ ਸਮੁੱਚੀਆਂ ਬੇੜੀਆਂ ਦੀ ਸਮੁੱਚਤਾ ਵੀ ਹੁੰਦਾ ਹੈ। ਇਸੇ ਤਰ੍ਹਾਂ ਮੇਰੀ ਇਹ ਸ਼ਾਨਦਾਰ ਤੇ ਵਿਕਲੋਤਰੀ ਗ਼ਜ਼ਲ ਪੁਸਤਕ ਹੈ।

■ ਬਾਕੀ ਅਗਲੇ ਅੰਕ 'ਚ

## 6 ਅਪ੍ਰੈਲ ਜਨਮ ਦਿਨ ’ਤੇ ਵਿਸ਼ੇਸ਼ ਲੇਖ

# ਗਾਇਕੀ ਅਤੇ ਕਮੇਡੀ ਦੀ ਮਹਾਨ ਕਲਾਕਾਰ ਜਗਮੋਹਣ ਕੌਰ

ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)



ਹਰ ਤਰ੍ਹਾਂ ਦੀ ਗਾਇਕੀ ਦੇ ਖੇਤਰ ਵਿਚ ਨਾਮ ਬਣਾਉਣ ਵਾਲੀ ਨਾਮਵਰ ਗਾਇਕਾ ਜਗਮੋਹਣ ਕੌਰ ਦਾ ਜਨਮ 6 ਅਪ੍ਰੈਲ, 1948 ਨੂੰ ਪਠਾਨਕੋਟ ਵਿਚ ਹੋਇਆ ਪਰ ਉਸ ਦਾ ਪਿੰਡ ਬੂਰ ਮਾਜਰਾ ਜ਼ਿਲ੍ਹਾ ਰੋਪੜ ਸੀ। ਉਸ ਦੇ ਪਿਤਾ ਦਾ ਨਾਮ ਗੁਰਬਚਨ ਸਿੰਘ ਕੰਗ ਅਤੇ ਮਾਤਾ ਦਾ ਨਾਮ ਪ੍ਰਕਾਸ਼ ਕੌਰ ਸੀ। ਇਸ ਨੇ ਪੜ੍ਹਾਈ ਬੂਰ ਮਾਜਰੇ ਪਿੰਡ ਵਿਚ ਰਹਿ ਕੇ ਕੀਤੀ। ਪੜ੍ਹਾਈ ਪੂਰੀ ਕਰਕੇ ਉਹ ਚੰਡੀਗੜ੍ਹ ਦੇ ਨੇੜੇ ਇਕ ਸਕੂਲ ਵਿਚ ਅਧਿਆਪਕਾ ਲੱਗ ਗਈ। ਉਸ ਦੇ ਪਿਤਾ ਸਾਹਿਤਕਾਰ ਸਨ, ਉਥੋਂ ਉਸ ਨੂੰ ਗਾਉਣ ਦੀ ਚੇਟਕ ਲੱਗ ਗਈ।

ਕੇ-ਦੀਪ ਇਕ ਵਧੀਆ ਗਾਇਕ ਸੀ। ਉਸ ਨੂੰ ਇਕ ਵਧੀਆ ਸਹਿ-ਗਾਇਕਾ ਦੀ ਲੋੜ ਸੀ। ਕਿਸੇ ਨੇ ਕੇ-ਦੀਪ ਨੂੰ ਸਲਾਹ ਦਿੱਤੀ ਇਕ ਜਗਮੋਹਣ ਕੌਰ ਨਾਂ ਦੀ ਕੁੜੀ ਹੈ, ਉਹ ਬਹੁਤ ਵਧੀਆ ਗਾ ਲੈਂਦੀ ਹੈ। ਜੇਕਰ ਤੂੰ ਉਸ ਨਾਲ ਤਾਲਮੇਲ ਕਰਨਾ ਹੈ, ਤਾਂ ਕਲਕੱਤੇ ਜਾ ਕੇ ਕਰ ਲਵੀਂ, ਉਹ ਕਲਕੱਤੇ ਪ੍ਰੋਗਰਾਮ ਪੇਸ਼ ਕਰਨ ਜਾ ਰਹੀ ਹੈ। ਜਗਮੋਹਣ ਕੌਰ ਨੂੰ ਕਲਕੱਤੇ ਪਹੁੰਚਣ ਸਮੇਂ ਦੇਖਣ ਵਾਲਿਆਂ ਅਤੇ ਸੁਣਨ ਵਾਲਿਆਂ ਦੀ ਭੀੜ ਲੱਗ ਗਈ। ਕੇ-ਦੀਪ ਨੇ ਵੀ ਕਲਕੱਤੇ ਜਾ ਕੇ ਆਪਣਾ ਪ੍ਰੋਗਰਾਮ ਪੇਸ਼ ਕੀਤਾ ਅਤੇ ਜਗਮੋਹਣ ਕੌਰ ਨਾਲ ਤਾਲਮੇਲ ਵੀ ਕੀਤਾ। ਜਦ ਕੇ-ਦੀਪ ਨੂੰ ਗੱਲਬਾਤ ਸਿਰੇ ਲੱਗਦੀ ਦਿੱਸੀ, ਤਾਂ ਉਸ ਨੇ ਵਿਆਹ ਦੀ ਪੇਸ਼ਕਸ਼ ਰੱਖ ਦਿੱਤੀ। ਜਗਮੋਹਣ ਕੌਰ ਦੀ ਪਹਿਲਾਂ ਮੰਗਣੀ ਹੋਈ ਹੋਈ ਸੀ। ਜਗਮੋਹਣ ਕੌਰ ਨੇ ਪਰਿਵਾਰ ਨੂੰ ਰਾਜ਼ੀ ਕਰਕੇ ਉੱਧਰ ਜਵਾਬ ਦੇ ਕੇ ਕੇ-ਦੀਪ ਨਾਲ ਵਿਆਹ ਕਰਵਾ ਲਿਆ।

ਜਗਮੋਹਨ ਕੌਰ ਨੇ ਵਿਆਹ ਪਿੱਛੋਂ ਨੌਕਰੀ ਛੱਡ ਕੇ ਪੱਕੇ ਤੌਰ ’ਤੇ ਕੇ-ਦੀਪ ਨਾਲ ਗਾਇਕੀ ਦੇ ਖੇਤਰ ਨੂੰ ਅਪਣਾ ਲਿਆ। ਉਨ੍ਹਾਂ ਦੇ ਇਕ ਲੜਕੀ ਬਿੱਲੀ ਮਾਦਾ ਤੇ ਲੜਕਾ ਰਾਜਾ ਨੇ ਜਨਮ ਲਿਆ।

ਜਗਮੋਹਨ ਕੌਰ ਨੇ ਬਹੁਤ ਸਾਰੇ ਸੋਹਲੇ ਗੀਤ ਗਾਏ, ਜੋ ਸਾਰੇ ਹੀ ਲੋਕਾਂ ਨੇ ਪਸੰਦ ਕੀਤੇ। ਉਸ ਦਾ ਸਭ ਤੋਂ ਪਹਿਲਾ ਗੀਤ ਜਿਸ ਨੂੰ ਲੋਕ ਅਕਾਸ਼ਵਾਣੀ ਜਲੰਧਰ ਤੋਂ ਬਹੁਤ ਪਿਆਰ ਨਾਲ ਸੁਣਦੇ ਸਨ ‘ਬਾਪੂ ਵੇ ਅੱਡ ਹੁੰਨੀ ਆਂ, ਇਕ ਗਾਂ ਲੈਂਦੇ, ਇਕ ਮੈਂਹ ਲੈਂਦੇ, ਦੋ ਬਲਦ ਟੱਲੀਆਂ ਵਾਲੇ, ਇਕ ਬੋਤੀ ਝਾਂਜਰਾਂ ਵਾਲੀ ਵੇ, ਅੱਡ ਹੁੰਨੀ ਆਂ’

ਉਸ ਦੇ ਗਾਏ ਲੋਕ ਤੱਥ ਵੀ ਬਹੁਤ ਮਸ਼ਹੂਰ ਹੋਏ

--ਡੁੱਬੇ ਨਾਂ ਕੋਈ ਸੰਤਾਂ ਦਾ ਤਾਰਿਆ
ਬਚੇ ਨਾ ਧੁਰੋ ਕੋਈ ਸਾਧਾਂ ਦਾ ਮਾਰਿਆ
ਪੁੱਤਰ ਅਜ਼ਾਦ ਬੁਰਾ ਗੁੱਸੇ ਵਿਚ ਸਾਧ ਬੁਰਾ
ਉਸ ਵੇਲੇ ਸਾਧ ਕੋਲੋਂ ਰੱਬ ਡਰਦਾ
ਪਰ ਸਭ ਤੋਂ ਬੁਰਾ ਜੋ ਯਾਰ ਮਾਰ ਕਰਦਾ...

--ਮੱਲ ਅਤੇ ਵੱਲ ਲੰਮੇ ਪਏ ਨੇ ਵੱਧਦੇ
ਜੱਟ ਅਤੇ ਝੋਟਾ ਨਹੀਓਂ ਖਾਰ ਛੱਡਦੇ
ਝੂਠਿਆਂ ਨੂੰ ਸੱਚੀ ਗੱਲ ਮਾੜੀ ਲੱਗਦੀ
ਮਾੜੇ ਦੀ ਜਨਾਨੀ ਹੁੰਦੀ ਭਾਬੀ ਸਭ ਦੀ

ਇਨ੍ਹਾਂ ਨੇ ਆਪਣੀ ਗਇਕੀ ਦੇ ਦਮ ’ਤੇ ਕੈਨੇਡਾ, ਅਮਰੀਕਾ, ਇੰਗਲੈਂਡ, ਨਾਰਵੇ ਆਦਿ ਬਹੁਤ ਹੀ ਵਿਦੇਸ਼ੀ ਟੂਰ ਲਾਏ।

1974 ਵਿਚ ਬੀ.ਬੀ.ਸੀ. ਲੰਡਨ ਵਾਲਿਆਂ ਨੇ ਆਪਣੇ ਸਟੂਡੀਓ ਵਿਚ ਬੁਲਾ ਕੇ ਜਗਮੋਹਣ ਕੌਰ ਦੇ ਗੀਤਾਂ ਦੀ ਵੀਡੀਓ ਰਿਕਾਡਿੰਗ ਕੀਤੀ, ਉਹ ਗੀਤ ਸਨ:

-ਹਾਜੀ ਲੋਕ ਮੱਕੇ ਵੱਲ ਜਾਂਦੇ ਤੇ ਮੇਰਾ ਰਾਂਝਾ ਮੇਰਾ ਮੱਕਾ
ਮੈਂ ਤੇ ਮੰਗ ਰਾਂਝਣ ਦੀ ਹੋਈ
ਮੇਰਾ ਬਾਬਲ ਕਰਦਾ ਧੱਕਾ
ਨੀ ਮੈਂ ਕਮਲੀ ਆਂ ਨੀ ਮੈਂ ਕਮਲੀ ਆਂ
ਮੈਂ ਰਾਂਝਣ ਨੂੰ ਢੂੰਢਣ ਚੱਲੀ
ਤੇ ਮੈਨੂੰ ਰਾਂਝਣ ਮਿਲਿਆ ਨਾਹੀ
ਜੰਗਲ ਜੂਹਾਂ ਤੇ ਮੈਂ ਬੇਲੇ ਤੱਕੇ
ਤੇ ਮੈਨੂੰ ਰਾਂਝਣ ਦਿਸਿਆ ਨਾਹੀ
ਰੱਬ ਮਿਲਿਆ ਮੈਨੂੰ ਹਰ ਥਾਂ ਲੋਕੋ ਰੱਬ ਰਾਂਝਣ ਜੇਹਾ ਨਾਹੀ

--ਮੇਰਾ ਰੁਠੜਾ ਯਾਰ ਨੀ ਮੰਨਦਾ ,
ਨੀ ਮੈਂ ਕੀਹਨੂੰ ਆਖਾ।

ਜਗਮੋਹਣ ਕੌਰ ਤੇ ਕੇ-ਦੀਪ ਦੀ ਜੋੜੀ ਕਹੀ ਜਾ ਸਕਦੀ ਹੈ, ਨਾ ਕਿ ਕੇ-ਦੀਪ ਤੇ ਜਗਮੋਹਣ ਕੌਰ ਦੀ। ਜਗਮੋਹਣ ਕੌਰ ਦਾ ਮਿਰਜ਼ਾ ਲੋਕ ਬੜੇ ਧਿਆਨ ਨਾਲ ਸੁਣਦੇ ਸਨ। ਇਕ ਵਾਰ ਕੇ-ਦੀਪ ਤੇ ਜਗਮੋਹਣ ਕੌਰ ਸਾਡੇ ਪਿੰਡ ਮੁੱਲਾਂਪੁਰ (ਦਾਖਾ) ਵਿਖੇ ਪ੍ਰੋਗਰਾਮ ਪੇਸ਼ ਕਰਨ ਆਏ। ਕਿਸੇ ਨੇ ਜਗਮੋਹਣ ਕੌਰ ਕੋਲੋਂ ਹੀਰ-ਰਾਂਝੇ ਦਾ ਗੀਤ ਸੁਣਨ ਦੀ ਫਰਮਾਇਸ਼ ਕਰ ਦਿੱਤੀ। ਜਗਮੋਹਣ ਕੌਰ ਨੇ ਜਵਾਬ ਦੇ ਦਿੱਤਾ ਕਿ ਉਹ ਤਾਂ ਵਿਚਾਰਾ ਬਾਰ੍ਹਾਂ ਸਾਲ ਮੱਝੀਆਂ ਚਾਰਦਾ ਰਿਹਾ, ਫਿਰ ਵੀ ਘਾਟਾ ਖਾ ਗਿਆ। ਇਸ ਕਰਕੇ ਮੈਂ ਉਸ ਦਾ ਗੀਤ ਕਦੇ ਸਟੇਜ ’ਤੇ ਨਹੀਂ ਗਾਇਆ, ਸਿਰਫ਼ ਮਿਰਜ਼ਾ ਹੀ ਗਾਉਂਦੀ ਹਾਂ, ਜਿਸ ਨੇ ਦਲੇਰੀ ਦਾ ਕੰਮ ਕੀਤਾ। ਉਸ ਨੇ ਮਿਰਜ਼ਾ ਗਾਉਣਾ ਸ਼ੁਰੂ ਕਰ ਦਿੱਤਾ। ਲੋਕ ਝੂਮਣ ਲੱਗ ਪਏ।

1994 ਵਿਚ ਪੰਜਾਬੀ ਭਵਨ ਲੁਧਿਆਣਾ ਵਿਖੇ ਮਿਸ ਪੰਜਾਬਣ 94 ਮਲਕਾ-ਏ-ਤਰੰਨਮ ਗੀਤਾਂ ਦੀ ਮਲਿਕਾ ਦਾ ਖ਼ਿਤਾਬ ਮਿਲਿਆ। ਉੱਥੇ ਇਸ ਨੇ ਇਹ ਗੀਤ ਗਾਇਆ

-ਵੇ ਮੈਂ ਅੱਖੀਆਂ ’ਚ ਪਾਵਾਂ ਕਿਵੇਂ ਕੱਜਲਾ
ਵੇ ਅੱਖੀਆਂ ’ਚ ਤੂੰ ਵੱਸਦਾ

ਕਾਮੇਡੀ ਕਲਾਕਾਰੀ ਨੂੰ ਜਨਮ ਦੇਣ ਵਾਲੇ ਵੀ ਕੇ- ਦੀਪ ਤੇ ਜਗਮੋਹਣ ਕੌਰ ਹੀ ਹਨ। ਪੋਸਤੀ ਤੇ ਮਾਈ ਮੋਹਣੋਂ ਦੇ ਨਾਮ ਨਾਲ ਜਾਣੇਂ ਜਾਂਦੇ ਹਨ। ਇਨ੍ਹਾਂ ਦੀਆਂ ਕਾਮੇਡੀ ਕਲਾਕਾਰੀ ਦੀਆਂ ਬਹੁਤ ਰਿਕਾਰਡਿੰਗਾਂ ਆਈਆਂ, ਜਿਵੇ ਪੋਸਤੀ ਦੁਬਈ ਵਿਚ, ਪੋਸਤੀ ਲੰਡਨ ਵਿਚ, ਪੋਸਤੀ ਕਨੇਡਾ ਵਿਚ ਆਦਿ।

ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਨੂੰ ਗਾਉਣ ਦਾ ਸਿਹਰਾ ਵੀ ਸਭ ਤੋਂ ਪਹਿਲਾਂ ਇਨ੍ਹਾਂ ਦੋਹਾਂ ਨੂੰ ਹੀ ਆਉਂਦਾ ਹੈ।

ਇਹ ਜੋੜੀ ਨੇ ਬਹੁਤ ਸਾਰੇ ਦੋਗਾਣੇ ਗੀਤ ਗਾਏ। ਉਨ੍ਹਾਂ ਵਿਚੋਂ ਗੁਰਦੇਵ ਮਾਨ ਦਾ ਲਿਖਿਆ ਗੀਤ ‘ਪੂਦਨਾ’ ਬਹੁਤ ਮਕਬੂਲ ਹੋਇਆ। ਸਭ ਤੋਂ ਪਹਿਲਾ ਦੋਗਾਣਾ ਗੀਤ ਜੋ 1972 ਵਿਚ ਆਇਆ:

-ਮੇਰੀ ਗੱਲ ਸੁਣੋ ਸਰਦਾਰ ਜੀ
ਮੈਨੂੰ ਸਾੜੀ ਇਕ ਲਿਆ ਦਿਓ
ਨਖਰੇ ਵਾਲੀ ਨਾਰ ਦਾ ਤੁਸੀਂ
ਜਲਵਾ ਹੋਰ ਵਧਾ ਦਿਓ

ਫੇਰ ਇਹ ਜੋੜੀ ਨੇ ਬਹੁਤ ਹੀ ਮਕਬੂਲ ਗੀਤ ਗਾਏ, ਜਿਨ੍ਹਾਂ ਨੂੰ ਲੋਕ ਅੱਜ ਵੀ ਸੁਣਦੇ ਹਨ:-

-ਅੱਡੀ ਤਾਂ ਮੇਰੀ ਕੌਲ ਕੱਚ ਦੀ ਗੂਠੇ ਤੇ ਸਿਰਨਾਵਾਂ
ਲਿਖ ਲਿਖ ਚਿੱਠੀਆਂ ਡਾਕ ’ਚ ਪਾਵਾਂ ਵੇ ਧੁਰ ਦੇ ਪਤੇ ਮੰਗਾਵਾਂ
ਰੱਖ ਲਿਆ ਮੇਮਾਂ ਨੇ ਵਿਹੁ ਖਾ ਕੇ ਮਰ ਜਾਵਾਂ।

-ਸਿਖਰ ਦੁਪਹਿਰੇ ਚੰਨਾ ਧੁੱਪੇ ਗੇੜਾ ਮਾਰਦੀ ਦਾ
ਜਾਂਦਾ ਸੁੱਕਦਾ ਸਰੀਰ ਵਿਚੋਂ ਖ਼ੂਨ ਹਾਣੀਆ
ਖੇਤੋਂ ਘਰ ਨੂੰ ਲਵਾਦੇ ਵੇ ਟੈਲੀਫ਼ੋਨ ਹਾਣੀਆਂ

ਕੇ-ਦੀਪ ਜਗਮੋਹਣ ਨੇ ਬਹੁਤ ਸਾਰੇ ਗੀਤਕਾਰਾਂ ਦੇ ਗੀਤ ਗਾਏ, ਜਿਵੇਂ ਬਲਦੇਵ ਸਿੰਘ ਸਾਬਰ, ਬਾਬੂ ਸਿਘ ਮਾਨ, ਇੰਦਰਜੀਤ ਹਸਨਪੁਰੀ, ਜਸਵੰਤ ਸੰਦੀਲਾ, ਗਰਦੇਵ ਸਿੰਘ ਮਾਨ, ਸ਼ੰਕਰ ਵਾਲਾ ਸ਼ੌਂਕੀ, ਕਰਮ ਸਿੰਘ ਯੋਗੀ, ਸਨਮੁੱਖ ਆਜ਼ਾਦ, ਨਾਜ ਗੋਪਾਲ ਪੁਰੀ, ਸਾਜਨ ਰਾਏਕੋਟੀ, ਅਭੀਨਾਸ਼ ਭਾਖੜੀ, ਢਿੱਲੋਂ ਮਹਿਰਾਜ ਵਾਲਾ, ਚਰਨ ਸਿੰਘ ਸਫ਼ਰੀ ਆਦਿ।

ਜਗਮੋਹਨ ਕੌਰ ਨੇ ਬਹੁਤ ਸਾਰੇ ਧਾਰਮਿਕ ਗੀਤ ਵੀ ਗਾਏ:-

-ਅੱਜ ਤੱਕ ਸਰਹੰਦ ਦੀਆਂ ਕੰਧਾਂ ਨੂੰ ਪਈ ਗੁਜਰੀ ਚੇਤੇ ਆਉਂਦੀ ਏ
ਅੱਜ ਧਰਤੀ ਮਾਛੀਵਾੜੇ ਦੀ ਪਈ ਗੁਜਰੀ ਗੁਜਰੀ ਗਾਉਂਦੀ ਏ

-ਚੰਨਾਂ ’ਚੋਂ ਚੰਨ ਗੁਜਰੀ ਦਾ ਚੰਨ ਚਮਕੀਲਾ ਏ
ਕਲਗੀਧਰ ਪ੍ਰੀਤਮ ਪਿਆਰੇ ਅੱਜ ਯਾਦ ਜ਼ਮਾਨਾ ਕਰਦਾ ਏ
ਪੁੱਤਰ ਦੇਸ਼ ਲਈ ਹੱਸ ਹੱਸ ਦੇਣੇ
ਇਹ ਜਿਗਰਾ ਕਲਗੀਧਰ ਦਾ ਏ

ਇਸ ਕਲਾਕਾਰ ਗਾਇਕਾ ਦਾ ਐਕਸੀਡੈਂਟ ਹੋ ਗਿਆ ਸੀ। ਠੀਕ ਹੋ ਕੇ ਕੁਝ ਚਿਰ ਪ੍ਰੋਗਰਾਮ ਵੀ ਕੀਤੇ ਪਰ ਸਿਰ ਵਿਚ ਸੱਟ ਲੱਗਣ ਕਰਕੇ ਮੌਤ ਨੇ ਉਸ ਦਾ ਖਹਿੜਾ ਨਾ ਛੱਡਿਆ। 6 ਦਸੰਬਰ, 1997 ਨੂੰ 49 ਸਾਲ ਦੀ ਉਮਰ ਵਿਚ ਲੋਕ ਗਾਇਕੀ ਦੀ ਸੇਵਾ ਕਰਦੀ-ਕਰਦੀ ਪਰਿਵਾਰ ਅਤੇ ਸਰੋਤਿਆਂ ਕੋਲੋਂ ਸਦਾ ਲਈ ਵਿਛੜ ਗਈ।



---

# ਬਾਪੂ ਦੀ ਸੰਭਾਲ

-ਅੰਗਰੇਜ ਸਿੰਘ ਹੁੰਦਲ
98767-85672
(Punjab Mail USA)





ਜ਼ਮੀਨ-ਜਾਇਦਾਦ ਦਾ ਮਾਲਕ ਅਤੇ ਚਾਰ ਪੁੱਤਰਾਂ ਦਾ ਪਿਤਾ, ਜਿਸ ਨੇ ਕਦੇ ਜਵਾਨੀ ਵਿਚ ਕਈ ਸੁਪਨੇ ਦੇਖੇ ਹੋਣਗੇ ਕਿ ਮੇਰੇ ਬਜ਼ੁਰਗ ਹੋਣ ਤੇ ਮੇਰੇ ਚਾਰ ਪੁੱਤਰ ਮੇਰੀ ਸੇਵਾ ਸੰਭਾਲ ਕਰਨਗੇ। ਵੈਸੇ ਪੁੱਤਰਾਂ ਨਾਲ ਘਰ ਦੀ ਰੌਣਕ ਵੀ ਵੱਧਦੀ ਹੈ ਅਤੇ ਧੀਆਂ ਨੂੰ ਬੇਗਾਨਾ ਧੰਨ ਕਿਹਾ ਜਾਂਦਾ ਹੈ ਕਿ ਉਹ ਵਿਆਹ ਹੋਣ ਉਪਰੰਤ ਆਪਣੇ ਸੁਹਰੇ ਘਰਾਂ ਵਿਚ ਜਾਣਗੀਆਂ। ਪੁੱਤਰ ਜਾਂ ਧੀ ਇਹ ਤਾਂ ਪ੍ਰਮਾਤਮਾ ਵਲੋਂ ਬਖਸ਼ੀ ਹੋਈ ਦਾਤ ਹੈ, ਜਿਵੇਂ ਉਸਦੀ ਰਜ਼ਾ। ਚਲੋ ਜੀ ਸਾਡੇ ਗੁਆਢੀਆਂ ਦਾ ਬਾਪੂ ਸੀ, ਜਿਸ ਦੇ ਚਾਰ ਪੁੱਤਰ ਸਨ। ਤਿੰਨ ਖੇਤੀਬਾੜੀ ਕਰਦੇ ਸਨ ਅਤੇ ਇੱਕ ਫੌਜ ਵਿਚੋਂ ਨੌਕਰੀ ਕਰਕੇ ਆਇਆ ਸੀ। ਬਾਪੂ ਕੋਲ ਗੁਜ਼ਾਰੇ ਜੋਗੀ ਜ਼ਮੀਨ ਵੀ ਸੀ। ਬਾਪੂ ਨੇ ਆਪਣੇ ਚਾਰਾਂ ਪੁੱਤਰਾਂ ਦੇ ਵਿਆਹ ਕਰ ਦਿੱਤੇ ਅਤੇ ਸਾਰਿਆਂ ਨੂੰ ਹਿੱਸੇ ਆਉਂਦੇ ਅਨੁਸਾਰ ਜ਼ਮੀਨ ਜਾਇਦਾਦ ਵੰਡ ਦਿੱਤੀ ਅਤੇ ਆਪਣੇ ਹਿੱਸੇ ਵਾਸਤੇ ਵੀ ਕੁਝ ਜ਼ਮੀਨ ਰੱਖ ਲਈ। ਬਾਪੂ ਬੇਬੇ ਨਾਲ ਵੱਖਰਾ ਆਪਣੀ ਰੋਟੀ ਪਕਾਉਣ ਲੱਗਾ ਅਤੇ ਆਪਣਾ ਇੱਕ ਕਮਰਾ ਵੀ ਰੱਖ ਲਿਆ। ਵਡੇਰੀ ਉਮਰ ਹੋਣ ਦੇ ਚੱਲਦਿਆਂ ਬੇਬੇ ਦਾ ਦੇਹਾਂਤ ਹੋ ਗਿਆ। ਬਜ਼ੁਰਗ ਬਾਪੂ ਰਿਹਾ ਗਿਆ ਇਕੱਲਾ। ਜਦੋਂ ਬਾਪੂ ਨੂੰ ਰੋਟੀ ਦੇਣ, ਦਵਾਈ, ਲੀੜਾ ਕੱਪੜਾ ਦੇਣ ਅਤੇ ਧੋਤੇ ਹੋਏ ਕੱਪੜੇ ਦੇਣ ਦੀ ਗੱਲ ਆਈ, ਤਾਂ ਚਾਰਾਂ ਭਰਾਵਾਂ ਵਿਚੋਂ ਪਹਿਲਾਂ ਇੱਕ ਨੇ ਕੁਝ ਸਮਾਂ ਆਪਣੇ ਨਾਲ ਬਾਪੂ ਨੂੰ ਰੱਖਿਆ। ਥੋੜੇ ਸਮੇਂ ਦੇ ਬਾਅਦ ਫਿਰ ਉਹ ਵੀ ਕਹਿਣ ਲੱਗਾ ਕਿ ਬਾਪੂ ਮੇਰਾ ਕਿਹੜਾ ਇਕੱਲੇ ਦਾ ਹੈ, ਬਾਕੀ ਵੀ ਇਸ ਦੀ ਦੇਖਭਾਲ ਕਰਨ। ਫਿਰ ਚਾਰਾਂ ਭਰਾਵਾਂ ਨੇ ਬਾਪੂ ਨੂੰ ਸੰਭਾਲਣ ਵਾਸਤੇ ਮਹੀਨੇ-ਮਹੀਨੇ ਦੀ ਵੰਡ ਕਰਕੇ ਰੋਟੀ, ਦਵਾਈ, ਕੱਪੜੇ ਆਦਿ ਦੀ ਜ਼ਿੰਮੇਵਾਰੀ ਲੈ ਲਈ। ਬਾਪੂ ਉਸੇ ਕਮਰੇ ਵਿਚ ਰਹਿੰਦਾ ਸੀ, ਜਿਹੜਾ ਉਸ ਨੇ ਪਹਿਲਾਂ ਤੋਂ ਆਪਣੇ ਕੋਲ ਰੱਖਿਆ ਸੀ। ਇੱਕ ਮਹੀਨਾ ਸੰਭਾਲਣ ਤੋਂ ਬਾਅਦ ਦੂਜੇ ਭਰਾ ਦੀ ਵਾਰੀ ਆਉਂਦੀ ਸੀ। ਜਦੋਂ ਦੂਜੇ ਭਰਾ ਵੱਲ ਜਾਣ ਦੀ ਤਾਰੀਖ ਆਉਂਦੀ ਸੀ, ਤਾਂ ਉਹ ਸਾਫ ਸੁਥਰੇ ਕੱਪੜੇ ਧੋ ਕੇ ਦੂਜੇ ਘਰ ਉਸ ਦੀ ਜ਼ਿੰਮੇਵਾਰੀ ਦੇ ਦਿੰਦੇ ਸਨ। ਉਮਰ ਦੇ ਆਖਰੀ ਪੜਾਅ ਤੱਕ ਬਾਪੂ ਦਾ ਇਸੇ ਤਰ੍ਹਾਂ ਚੱਲਦਾ ਰਿਹਾ ਹੈ।

ਇਥੇ ਦੂਜਾ ਪੱਖ ਇਹ ਵੀ ਆਉਂਦਾ ਹੈ, ਜਿਸ ਪਿਤਾ ਨੇ ਚਾਰੇ ਨੂੰ ਪੁੱਤਰਾਂ ਨੂੰ ਪੜ੍ਹਾਇਆ, ਲਿਖਾਇਆ, ਵਿਆਹ ਕੀਤੇ, ਆਪਣੀ ਜ਼ਮੀਨ-ਜਾਇਦਾਦ ਵਿਚੋਂ ਹਿੱਸੇ ਦਿੱਤੇ। ਉਨ੍ਹਾਂ ਦੇ ਰਹਿਣ-ਸਹਿਣ ਲਈ ਸਾਰੀ ਜ਼ਿੰਦਗੀ ਖੇਤੀਬਾੜੀ ਆਦਿ ਦੇ ਕੰਮ ਕੀਤੇ। ਉਹ ਬਾਪੂ ਨੂੰ ਸਾਰੇ ਇਕੱਠੇ ਵੀ ਸਾਂਭ ਸਕਦੇ ਸੀ। ਜਿਵੇਂ ਕੋਈ ਉਸ ਨੂੰ ਕੋਈ ਇੱਕ ਪੁੱਤਰ ਸਵੇਰੇ ਰੋਟੀ ਦੇ ਦਿੰਦਾ, ਸ਼ਾਮ ਨੂੰ ਦੂਜਾ ਪੁੱਤਰ, ਦਵਾਈ ਆਦਿ ਹੋਰ ਸਾਰੇ ਰਲ-ਮਿਲ ਕੇ ਕਰ ਸਕਦੇ ਸਨ। ਉਹ ਬਾਪੂ ਸਾਨੂੰ ਦੱਸਦਾ ਹੁੰਦਾ ਸੀ ਕਿ ਇਸ ਮਹੀਨੇ ਮੈਨੂੰ ਆਹ ਮੁੰਡਾ ਸਾਂਭਦਾ ਹੈ ਅਤੇ ਅਗਲੇ ਮਹੀਨੇ ਦੂਜੇ ਵੱਲ ਜਾਣਾ ਹੈ। ਬਜ਼ੁਰਗ ਅਵਸਥਾ ਵਿਚ ਘਰ ਦੇ ਮੋਢੀ ਨੂੰ ਇੱਕ ਘਰੋਂ ਲਗਾਤਾਰ ਰੋਟੀ ਵੀ ਮਿਲਦੀ, ਇਹ ਕਿਹੋਂ ਜਿਹਾ ਪਿਆਰ, ਪੁੱਤਰਾਂ ਦੀ ਕਿਹੋ ਜਿਹੀ ਮਾਪਿਆਂ ਪ੍ਰਤੀ ਜ਼ਿੰਮੇਵਾਰੀ ਹੈ। ਜੇਕਰ ਕੋਈ ਬਜ਼ੁਰਗ ਨੌਕਰੀ ਆਦਿ ਕਰਕੇ ਕਿਸੇ ਮਹਿਕਮੇ ਤੋਂ ਰਿਟਾਇਰ ਹੋਇਆਂ ਹੁੰਦਾ, ਉਸਦੀ ਪੈਨਸ਼ਨ ਆਉਂਦੀ ਹੁੰਦੀ, ਤਾਂ ਸਾਰੇ ਪੁੱਤਰਾਂ ਨੇ ਬਾਪੂ ਨੂੰ ਆਪਣੇ ਘਰ ਰੱਖ ਕੇ ਉਸਦੀ ਚੰਗੀ ਸੇਵਾ ਕਰਨੀ ਸੀ ਕਿ ਪੈਨਸ਼ਨ ਸਾਨੂੰ ਮਿਲਦੀ ਰਹੇ। ਜਦੋਂ ਬਜ਼ੁਰਗ ਵਡੇਰੀ ਉਮਰ ਦਾ ਹੋ ਜਾਂਦਾ ਹੈ, ਤਾਂ ਕੰਮ ਆਦਿ ਕਰਨਾ ਛੱਡ ਦਿੰਦਾ ਹੈ, ਤਾਂ ਉਸ ਨੂੰ ਸੰਭਾਲਣਾ ਔਖਾ ਜਿਹਾ ਪੁੱਤਰਾਂ ਨੂੰ ਮਹਿਸੂਸ ਹੋਣਾ ਸ਼ੁਰੂ ਹੋ ਜਾਂਦਾ ਹੈ ਇਹ ਕਿਉਂ? ਕੀ ਪੁੱਤਰਾਂ ਨੇ ਕੱਲ੍ਹ ਨੂੰ ਬਜ਼ੁਰਗ ਨਹੀਂ ਹੋਣਾ? ਜੈਸਾ ਕਰੋਗੇ ਵੈਸਾ ਭਰੋਗੇ ਤਾਂ ਸਾਰੇ ਕਹਿ ਦਿੰਦੇ ਹਨ ਪਰ ਇਸ ਦਾ ਅਸਰ ਆਪਣੇ ’ਤੇ ਲਾਗੂ ਕਿਉਂ ਨਹੀਂ ਕਰਦੇ। ਜੇਕਰ ਅਸੀਂ ਆਪਣੇ ਮਾਪਿਆਂ ਦੀ ਸੇਵਾ ਕਰਾਂਗੇ, ਤਾਂ ਫਿਰ ਅਸੀਂ ਵੀ ਆਪਣੇ ਧੀਆਂ ਪੁੱਤਰਾਂ ਕੋਲੋਂ ਆਪਣੇ ਬੁਢਾਪੇ ਵਿਚ ਸੇਵਾ ਭਾਵਨਾ ਦੀ ਆਸ ਰੱਖ ਸਕਦੇ ਹਾਂ। ਮਾਪੇ ਤਾਂ ਹਮੇਸ਼ਾਂ ਆਪਣੇ ਧੀਆਂ-ਪੁੱਤਰਾਂ ਦੀ ਸੁੱਖ ਮੰਗਦੇ ਹਨ, ਜੋ ਸਾਨੂੰ ਕਦੇ ਦੁਬਾਰਾ ਨਹੀਂ ਮਿਲਣੇ, ਉਨ੍ਹਾਂ ਦੀਆਂ ਅਸੀਸਾਂ ਰੱਬ ਦੀ ਦਿੱਤੀ ਦਾਤ ਵਾਂਗ ਹੁੰਦੀਆਂ ਹਨ। ਇਨ੍ਹਾਂ ਮਾਪਿਆਂ ਕਰਕੇ ਹੀ ਅਸੀਂ ਸਮਾਜ ਵਿਚ ਆਉਂਦੇ ਹਾਂ। ਜਿਨ੍ਹਾਂ ਦੇ ਮਾਪੇ ਨਹੀਂ ਹੁੰਦੇ, ਕਦੇ ਉਨ੍ਹਾਂ ਨੂੰ ਵੀ ਪੁੱਛ ਕੇ ਦੇਖੋ, ਕੀ ਹਾਲ ਹੁੰਦਾ ਹੈ ਜ਼ਿੰਦਗੀ ਵਿਚ। ਮਾਪਿਆਂ ਦੀ ਸੇਵਾ ਕਰਨੀ ਚਾਹੀਦੀ ਹੈ। ਮਾਪੇ ਹਮੇਸ਼ਾ ਆਪਣਿਆਂ ਲਈ ਤਰੱਕੀ ਮੰਗਦੇ ਹਨ।

# ਦੇਸ਼ ਦੀ ਤਰੱਕੀ ਲਈ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਓ

ਨੌਜਵਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹੁਦੇ ਹਨ, ਅੱਜ ਨਸ਼ਾਖੋਰੀ ਦੇ ਵਧਦੇ ਰੁਝਾਨ ਵੱਲ ਨਿਗਾਹ ਮਾਰੀ ਜਾਵੇ, ਤਾਂ ਨੌਜਵਾਨ ਨਸ਼ਾਖੋਰੀ ਦੀ ਭਿਆਨਕ ਬੁਰਾਈ ਤੋਂ ਗ੍ਰਸਤ ਹਨ। ਪੁਰਾਣੀਆਂ ਕਹਾਣੀਆਂ ਅਨੁਸਾਰ ਨਸ਼ੇ ਸ਼ੈਤਾਨ ਦੀ ਦੇਣ ਹਨ। ਚਿੱਟੇ 'ਤੇ ਹੋਰ ਸਾਰੇ ਤਰ੍ਹਾਂ ਦੇ ਨਸ਼ਿਆਂ ਖਿਲਾਫ ਛੇੜੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਸ਼ਰਾਬ, ਬੀਅਰ ਤੋਂ ਇਲਾਵਾ ਚਿੱਟੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਵਧਦਾ ਰੁਝਾਨ ਚਿੰਤਾ ਦਾ ਵਿਸ਼ਾ ਹੈ। ਅੱਜ ਦੀ ਜਵਾਨੀ ਜਿਵੇਂ ਕਿਵੇਂ ਕਹਿ ਲਵੋ, ਚਿੱਟੇ ਦੀ ਲਪੇਟ ਵਿਚ ਆ ਰਹੀ ਹੈ। ਇਸ ਚਿੱਟੇ ਨੇ ਪਿਛਲੇ ਕਈ ਵਰ੍ਹਿਆਂ ਤੋਂ ਪੰਜਾਬ ਵਿਚ ਵੀ ਆਪਣੇ ਪੈਰ ਪਸਾਰ ਲਏ ਹਨ। ਇਸ ਚਿੱਟੇ ਨੇ ਕਈ ਮਾਵਾਂ ਤੇ ਪੁੱਤ ਖੋ ਲਏ ਹਨ। ਬੜਾ ਦੁੱਖ ਹੁੰਦਾ ਹੈ ਸੁਣ ਕੇ ਕਿ ਅੱਜਕੱਲ੍ਹ ਕਈ ਕੁੜੀਆਂ ਵੀ ਨਸ਼ੇ ਦੀਆਂ ਆਦਿ ਬਣ ਚੁੱਕੀਆਂ ਹਨ। ਪੁਰਾਣਿਆਂ ਸਮਿਆਂ ਵਿਚ ਕੋਈ ਬੇਈਮਾਨ ਆਦਮੀ ਆਪਣੇ ਵਿਰੋਧੀ ਨੂੰ ਕਮਜ਼ੋਰ ਕਰਨ ਲਈ ਉਸ ਦੇ ਬੱਚਿਆਂ ਨੂੰ ਧੋਖੇ ਨਾਲ ਅਫੀਮ ਦੇ ਕੇ ਅਮਲੀ ਬਣਾ ਕੇ ਵੈਰ ਕਮਾਉਂਦਾ ਸੀ, ਅੱਜਕੱਲ੍ਹ ਦੀ ਨੌਜਵਾਨ ਪੀੜ੍ਹੀ ਖੁਦ ਹੀ ਮਾੜੀ ਸੰਗਤ ਸਦਕਾ ਨਸ਼ਿਆਂ ਦੀ ਆਦਿ ਬਣਦੀ ਜਾ ਰਹੀ ਹੈ। ਕਈ ਤਾਂ ਚਿੱਟਾ, ਮਹਿੰਗੀ ਸ਼ਰਾਬ, ਨਸ਼ੇ ਦੀਆਂ ਦਵਾਈਆਂ, ਚਰਸ, ਹੀਰੋਇਨ, ਸਿਗਰਟਾਂ ਆਦਿ ਨਾਲ ਨਸ਼ੇ ਕਰਨਾ ਆਪਣਾ ਉੱਚਾ ਸਟੇਟਸ ਮੰਨਣ ਲੱਗ ਪਏ ਹਨ।

ਮੇਰੀ ਦੇਸ਼ ਦੇ ਨੌਜਵਾਨ ਵੀਰਾਂ ਤੇ ਭੈਣਾਂ ਨੂੰ ਅਪੀਲ ਹੈ ਕਿ ਸੰਭਲ ਜਾਓ ਇਸ ਨਾਲ ਨਸ਼ਾ ਵੇਚਣ ਵਾਲਿਆਂ ਦਾ, ਨਸ਼ਾ ਵਿਕਾਉਣ ਵਾਲਿਆਂ ਦਾ ਤੇ ਸਮੇਂ ਦੇ ਹਾਕਮਾ ਦਾ ਕੋਈ ਨੁਕਸਾਨ ਨਹੀਂ। ਸਗੋਂ ਪੂਰਾ ਨੁਕਸਾਨ ਤੁਹਾਡਾ ਅਤੇ ਤੁਹਾਡੇ ਪਰਿਵਾਰ ਦਾ ਹੈ। ਨਸ਼ਾ ਤੁਹਾਡੀ ਪ੍ਰਾਪਰਟੀ ਵਿਕਾ ਦਿੰਦਾ ਹੈ। ਤੁਹਾਡੀ ਜ਼ਿੰਦਗੀ ਖਰਾਬ ਕਰਦਾ ਹੈ ਤੇ ਨਾਲ-ਨਾਲ ਤੁਹਾਡੀ ਬਣੀ ਬਣਾਈ ਇੱਜ਼ਤ ਵੀ ਮਿੱਟੀ ਵਿਚ ਮਿਲਾ ਦਿੰਦਾ ਹੈ ਤੇ ਫਿਰ ਇੱਕ ਐਸਾ ਦਿਨ ਆ ਜਾਂਦਾ ਹੈ ਕਿ ਇਹੀ ਨਸ਼ਾ ਬੰਦੇ ਨੂੰ ਮੌਤ ਦੇ ਮੂੰਹ ਵਿਚ ਲੈ ਜਾਂਦਾ ਹੈ।



ਭਾਰਤ ਦੇ ਗੁਜਰਾਤ ਰਾਜ ਵਾਂਗ ਸਾਰੇ ਰਾਜਾਂ ਵਿਚ ਸ਼ਰਾਬ, ਚਿੱਟਾ ਆਦਿ ਨਸ਼ੇ ਬੰਦ ਹੋਣੇ ਚਾਹੀਦੇ ਹਨ। ਸਾਡੀ ਜੀਵਨਸ਼ੈਲੀ ਤੇ ਬੱਚਿਆਂ ਦੇ ਪਾਲਣ-ਪੋਸ਼ਣ 'ਚ ਹੀ ਕੁਝ ਅਜਿਹੀਆਂ ਕਮੀਆਂ ਹਨ, ਜੋ ਉਨ੍ਹਾਂ 'ਚ ਨਸ਼ਾਖੋਰੀ ਦੇ ਰੁਝਾਨ ਵਧਣ ਦੀ ਵਜ੍ਹਾ ਬਣ ਰਹੀਆਂ ਹਨ। ਜਿਵੇਂ ਸਾਡੇ ਸਮਾਜ 'ਚ ਪ੍ਰਾਹੁਣਿਆਂ ਦਾ ਆਦਰ-ਸਤਿਕਾਰ ਹੁੰਦਾ ਹੈ ਅਤੇ ਜ਼ਿਆਦਾਤਰ ਲੋਕ ਪ੍ਰਹੁਣਿਆਂ ਦੀ ਸਭ ਤੋਂ ਵੱਡੀ ਸੇਵਾ ਸ਼ਰਾਬ ਆਦਿ ਪਿਆਉਣ ਨੂੰ ਮੰਨਦੇ ਹਨ। ਘਰ ਵਿਚ ਕੋਈ ਵੀ ਖੁਸ਼ੀ ਦਾ ਮੌਕਾ ਹੋਵੇ, ਤਾਂ ਵੀ ਸ਼ਰਾਬ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ, ਹੌਲੀ-ਹੌਲੀ ਬੱਚੇ ਦੇ ਦਿਮਾਗ 'ਚ ਇਹ ਗੱਲ ਘਰ ਕਰ ਜਾਂਦੀ ਹੈ ਕਿ ਸ਼ਰਾਬ ਖਾਸ ਰਿਸ਼ਤੇਦਾਰਾਂ ਦੀ ਸੇਵਾ ਲਈ ਹੀ ਵਰਤੀ ਜਾਣ ਕਰਕੇ ਖਾਸ ਚੀਜ਼ ਹੈ ਤੇ ਉਹ ਸ਼ਰਾਬ ਪੀਣ ਦੀ ਇੱਛਾ ਤੇ ਆਦਤ ਪਾਲ ਲੈਂਦੇ ਹਨ ਜਾਂ ਕਈ ਲੋਕ ਮਜ਼ਾਕ 'ਚ ਹੀ ਬੱਚਿਆਂ ਨੂੰ ਨਸ਼ਾ ਕਰਵਾ ਦਿੰਦੇ ਹਨ ਤੇ ਇਹ ਮਜ਼ਾਕ ਹੌਲੀ-ਹੌਲੀ ਬੱਚੇ ਦਾ ਸ਼ੌਕ ਤੇ ਆਦਤ ਬਣ ਜਾਂਦਾ ਹੈ। ਬੱਚੇ ਨਸ਼ਾ ਕਰਨਾ ਘਰੋਂ ਹੀ ਸਿੱਖ ਜਾਂਦੇ ਹਨ, ਜੋ ਕਿ ਸਮਾਜ ਲਈ ਬਹੁਤ ਹੀ ਨੁਕਸਾਨਦੇਹ ਹੈ। ਜਿਸਦਾ ਨਤੀਜਾ ਅੱਜ ਅਸੀਂ ਅਜੋਕੇ ਸਮਾਜ ਵਿਚ ਭਲੀ-ਭਾਂਤ ਦੇਖ ਸਕਦੇ ਹਾਂ। ਦਿੱਲੀ ਦੇ ਏਮਜ਼ ਹਸਪਤਾਲ ਦੇ ਇਕ ਐੱਨ.ਜੀ.ਓ. 'ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਜ਼' ਦੇ ਸਹਿਯੋਗ ਨਾਲ ਪੰਜਾਬ ਵਿਚ ਨਸ਼ਿਆਂ ਬਾਰੇ ਇਕ ਸਰਵੇਖਣ ਕਰਵਾਇਆ, ਜਿਸ ਦੀ ਰਿਪੋਰਟ ਅਨੁਸਾਰ ਪੰਜਾਬ ਵਿਚ ਹਰ ਸਾਲ 7500 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਵਿਕਦੇ ਹਨ। ਪ੍ਰਮੁੱਖ ਉਦਯੋਗਿਕ ਦੇਸ਼ਾਂ ਦੇ ਆਰਥਕ ਸਹਿਯੋਗ ਅਤੇ ਵਿਕਾਸ ਸੰਗਠਨ ਦੀ ਰਿਪੋਰਟ ਅਨੁਸਾਰ ਦੁਨੀਆਂ ਵਿਚ ਟੀ.ਬੀ., ਹਿੰਸਾ ਅਤੇ ਏਡਜ਼ ਨਾਲ ਹੋਣ ਵਾਲੀਆਂ ਮੌਤਾਂ ਤੋਂ ਵੀ ਜ਼ਿਆਦਾ ਮੌਤਾਂ ਸ਼ਰਾਬ ਕਰਕੇ ਹੁੰਦੀਆਂ ਹਨ, ਦੁਨੀਆਂ ਵਿਚ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਦੇ ਕਾਰਨਾਂ ਵਿਚ ਸ਼ਰਾਬ 5ਵਾਂ ਸਭ ਤੋਂ ਵੱਡਾ ਕਾਰਨ ਹੈ। ਸੰਨ 2000 ਤੋਂ ਬਾਅਦ ਪੂਰੀ ਦੁਨੀਆਂ ਵਿਚ ਮੁੰਡਿਆਂ-ਕੁੜੀਆਂ ਵਿਚ ਸ਼ਰਾਬ ਪੀਣ ਦਾ ਰੁਝਾਨ ਜ਼ਿਆਦਾ ਵਧਿਆ ਹੈ। ਨਸ਼ਿਆਂ ਕਰਕੇ ਲੱਖਾਂ ਘਰ ਉੱਜੜ ਗਏ, ਨਸ਼ੱਈਆਂ ਨੇ ਪਤਨੀਆਂ ਅਤੇ ਮਾਪਿਆਂ ਦੇ ਕਤਲ ਕਰ ਦਿੱਤੇ, ਨਸ਼ਿਆਂ ਕਾਰਨ ਬਹੁਤੇ ਲੜਕੇ ਗ੍ਰਹਿਸਥ ਜੀਵਨ ਦੇ ਕਾਬਲ ਨਹੀਂ ਰਹੇ, ਤਲਾਕ ਹੋ ਰਹੇ ਹਨ, ਬਹੁਤੀਆਂ ਲੜਾਈਆਂ, ਬਲਾਤਕਾਰ ਅਤੇ ਹਾਦਸੇ ਨਸ਼ਿਆਂ ਕਰਕੇ ਹੀ ਹੁੰਦੇ ਹਨ। ਪੀ.ਜੀ.ਆਈ. ਚੰਡੀਗੜ੍ਹ ਵਿਚ ਸੈਕਸ ਸਮਰੱਥਾ ਦੀ ਕਮੀ ਤੋਂ ਪੀੜਤ ਰੋਗੀਆਂ ਉਤੇ ਡਾਕਟਰਾਂ ਵਲੋਂ ਕੀਤੇ ਅਧਿਐਨ ਵਿਚ 58.4 ਫੀਸਦੀ ਲੋਕਾਂ ਦੀ ਇਹ ਕਮਜ਼ੋਰੀ ਸ਼ਰਾਬ ਦੇ ਸੇਵਨ ਨਾਲ ਹੋਈ ਦੱਸੀ ਗਈ ਹੈ।


ਪ੍ਰਮੋਦ ਧੀਰ
ਜੈਤੋ ਮੰਡੀ
ਫੋਨ: 98550-31081
(ਜੈਤੋ ਮੰਡੀ, ਜ਼ਿਲ੍ਹਾ ਫਰੀਦਕੋਟ-151202)
(Punjab Mail USA)




ਭਾਵੇਂ ਸਰਕਾਰ ਤੇ ਕਈ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੇ ਨੌਜਵਾਨ ਪੀੜ੍ਹੀ ਨੂੰ ਸਮਝਾ ਕੇ ਚਿੱਟੇ ਦੇ ਖਿਲਾਫ ਨਸ਼ਾ ਛਡਾਊ ਮੁਹਿੰਮਾਂ ਵਿੱਢੀਆਂ ਹੋਈਆਂ। ਕਿੰਨੇ ਹੀ ਲੋਕ ਨੌਜਵਾਨ ਪੀੜ੍ਹੀ ਅਤੇ ਸੂਬੇ ਤੇ ਦੇਸ਼ ਦਾ ਭਵਿੱਖ ਬਚਾਉਣ ਲਈ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿਚੋਂ ਕੱਢ ਕੇ ਮੁੜ ਆਪਣੀ ਪਹਿਲਾਂ ਵਰਗੀ ਜ਼ਿੰਦਗੀ ਜਿਉਣ ਤੇ ਆਪਣੀਆਂ ਪਰਿਵਾਰਕ ਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਣਯੋਗ ਬਣਾਉਣ ਲਈ ਯਤਨਸ਼ੀਲ ਹਨ। ਪਰ ਫਿਰ ਵੀ ਸਮਾਜ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਪਰਵਰਿਸ਼ ਦਾ ਖਾਸ ਧਿਆਨ ਰੱਖਣ, ਉਨ੍ਹਾਂ ਨੂੰ ਵੱਧ ਤੋਂ ਵੱਧ ਸਮਾਂ ਦੇਣ, ਉਨ੍ਹਾਂ ਦੇ ਦੋਸਤਾਂ ਮਿੱਤਰਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਰੱਖਣ, ਹੋਸਟਲਾਂ ਵਿਚ ਰਹਿੰਦੇ ਲੜਕੇ ਲੜਕੀਆਂ ਦੀ ਨਿਗਰਾਨੀ ਹੋਵੇ, ਖੁਦ ਨਸ਼ਿਆਂ ਦੀ ਆਦਤ ਦਾ ਤਿਆਗ ਕਰਨ, ਬੱਚਿਆਂ ਦੇ ਖਰਚੇ ਬਾਰੇ ਜਾਣਕਾਰੀ ਰੱਖਣ। ਨਸ਼ਿਆਂ ਦੇ ਹੜ੍ਹ ਨੂੰ ਰੋਕਣ ਲਈ ਸਾਨੂੰ ਆਪਣੇ ਪੱਧਰ 'ਤੇ ਸ਼ੁਰੂਆਤ ਕਰਨੀ ਪਵੇਗੀ, ਸਿਰਫ ਸਰਕਾਰਾਂ ਤੇ ਡਾਕਟਰੀ ਇਲਾਜ 'ਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ। ਆਉ ਅੱਜ ਤੋਂ ਹੀ ਇਸ ਕੰਮ ਦੀ ਸ਼ੁਰੂਆਤ ਕਰੀਏ, ਨੇਕ ਕੰਮ ਵਿਚ ਦੇਰੀ ਕਿਉਂ। ਇਸ ਤਰ੍ਹਾਂ ਕਰਨ ਨਾਲ ਕਦੇ ਕੋਈ ਮਾਂ ਨਹੀਂ ਕਹੇਗੀ ਕਿ ਚਿੱਟੇ ਨੇ ਪੁੱਤ ਖੋ ਲਏ ਮਾਂਵਾਂ ਦੇ।

ਗਾਣਿਆਂ ਅਤੇ ਫਿਲਮਾਂ ਵਿਚ ਨਸ਼ੇ ਅਤੇ ਬੰਦੂਕਾਂ ਦੀ ਪ੍ਰਦਰਸ਼ਨੀ ਬੰਦ ਹੋਣੀ ਚਾਹੀਦੀ ਹੈ। ਹੁਣ ਚੌੜੀਆਂ ਹਿੱਕਾਂ ਵਾਲੇ 6 ਫੁੱਟੇ ਗੱਭਰੂ ਨਹੀਂ ਮਿਲਣੇ, ਜੇ ਹੁਣ ਸਮਾਜ ਸੁਧਾਰ ਜਥੇਬੰਦੀਆਂ, ਬੁੱਧੀਮਾਨ ਅਤੇ ਫਿਕਰਮੰਦ ਲੋਕਾਂ ਨੇ ਇਕੱਠੇ ਹੋ ਕੇ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਨਸ਼ੇ ਦੇ ਸੌਦਾਗਰਾਂ ਵਿਰੁੱਧ ਹੰਭਲਾ ਨਾ ਮਾਰਿਆ, ਤਾਂ ਆਉਣ ਵਾਲੀ ਪੀੜ੍ਹੀ ਬੇਹੱਦ ਕਮਜ਼ੋਰ, ਆਲਸੀ ਅਤੇ ਮਨੋਰੋਗੀ ਹੋਵੇਗੀ। ਦੇਸ਼ ਦੀ ਤਰੱਕੀ ਅਗਰ ਚਾਹੁੰਦੇ ਹਾਂ, ਤਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉ। ਆਓ ਅਸੀਂ ਵਾਅਦਾ ਕਰੀਏ ਕਿ ਅਸੀਂ ਖੁਦ ਤਾਂ ਚਿੱਟੇ ਆਦਿ ਨਸ਼ਿਆਂ ਤੋਂ ਬਚਾਂਗੇ ਹੀ ਨਾਲ ਹੀ ਆਉਣ ਵਾਲੀ ਪੀੜ੍ਹੀ ਤੇ ਹੋਰਾਂ ਨੂੰ ਵੀ ਇਸ ਤੋਂ ਬਚਾਉਣ ਤੇ ਯਤਨ ਕਰਾਂਗੇ।

# ਮਨਪ੍ਰੀਤ ਸੋਹਲ : ਸੰਗੀਤ ਦੀ ਦੁਨੀਆਂ ਵਿਚ ਦਸਤਕ ਦੇਣ ਵਾਲੀ ਨਵੀਂ ਆਵਾਜ਼

ਸੰਗੀਤ ਗਾਇਨ, ਵਾਦਨ ਅਤੇ ਨ੍ਰਿਤ ਤਿੰਨ ਕਲਾਵਾਂ ਦੇ ਮੇਲ ਤੋਂ ਬਣਦਾ ਹੈ। ਇਨ੍ਹਾਂ ਤਿੰਨਾਂ ਕਲਾਵਾਂ ਵਿਚ ਮਾਹਿਰ ਫ਼ਨਕਾਰ ਗਾਇਕ, ਵਾਦਕ ਅਤੇ ਨ੍ਰਿਤਕ ਬਣਦੇ ਹਨ। ਸਮੇਂ-ਸਮੇਂ 'ਤੇ ਅਨੇਕਾਂ ਸੰਗੀਤਕਾਰਾਂ, ਗਾਇਕਾਂ ਅਤੇ ਵਾਦਕਾਂ ਨੇ ਸੰਗੀਤ ਦੀ ਦੁਨੀਆਂ ਵਿਚ ਆਪਣੀ ਮਿਹਨਤ, ਲਗਨ ਅਤੇ ਹੁਨਰ ਦੇ ਬਲਬੂਤੇ ਉੱਚਾ ਮੁਕਾਮ ਹਾਸਿਲ ਕੀਤਾ। ਗਾਇਕੀ ਸੰਗੀਤ ਦੀ ਇੱਕ ਐਸੀ ਕਲਾ ਹੈ, ਜਿਸ ਨੂੰ ਬਾਕੀ ਕਲਾਵਾਂ ਨਾਲੋਂ ਸਰਵ ਸ੍ਰੇਸ਼ਟ ਮੰਨਿਆ ਗਿਆ ਹੈ। ਇੱਕ ਸੁਰੀਲਾ ਗਾਇਕ ਆਪਣੇ ਕੋਮਲ ਸੁਰਾਂ ਰਾਹੀਂ ਇਨਸਾਨ ਦੇ ਅੰਦਰਲੇ ਅਤੇ ਬਾਹਰਲੇ ਸੰਸਾਰ ਨੂੰ ਇੱਕਮਿੱਕ ਕਰ ਦਿੰਦਾ ਹੈ। ਭਾਰਤੀ ਸੰਗੀਤ ਜਗਤ ਵਿਚ ਹਮੇਸ਼ਾਂ ਹੀ ਨਵੇਂ ਗਾਇਕ ਅਤੇ ਗਾਇਕਾਵਾਂ ਦੀ ਆਮਦ ਰਹੀ ਹੈ। ਮਨਪ੍ਰੀਤ ਸੋਹਲ ਵੀ ਐਸੀ ਹੀ ਇੱਕ ਨਵੀਂ ਗਾਇਕਾ ਹੈ, ਜਿਸ ਨੇ ਸੰਗੀਤ ਦੀ ਦੁਨੀਆਂ ਵਿਚ ਆਪਣੀ ਸੁਰੀਲੀ ਅਤੇ ਦਮਦਾਰ ਆਵਾਜ਼ ਨਾਲ ਦਸਤਕ ਦਿੱਤੀ ਹੈ।

ਮਨਪ੍ਰੀਤ ਸੋਹਲ ਦਾ ਜਨਮ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਗੀਤ ਅਤੇ ਥੀਏਟਰ ਦੀ ਜਾਣੀ-ਪਛਾਣੀ ਸ਼ਖਸੀਅਤ ਹਰਿੰਦਰ ਸੋਹਲ ਦੇ ਘਰ ਹੋਇਆ। ਮਾਤਾ ਬਲਰਾਜ ਕੌਰ ਦੀਆਂ ਅੱਖਾਂ ਦਾ ਨੂਰ ਮਨਪ੍ਰੀਤ ਸੋਹਲ ਦੋ ਭੈਣ-ਭਰਾ ਹਨ, ਛੋਟਾ ਭਰਾ ਜਸਕਰਨ ਸੋਹਲ ਵੀ ਛੋਟੀ ਉਮਰੇ ਹੀ ਸੰਗੀਤ ਜਗਤ ਵਿਚ ਨਵੀਆਂ ਪੁਲਾਂਘਾ ਪੁੱਟ ਰਿਹਾ ਹੈ। ਬਤੌਰ ਸੰਗੀਤਕਾਰ ਜਸਕਰਨ ਵਧੀਆ ਕੰਮ ਕਰ ਰਿਹਾ ਹੈ। ਘਰ ਵਿਚ ਸੰਗੀਤਕ ਮਹੌਲ ਹੋਣ ਕਰਕੇ ਮਨਪ੍ਰੀਤ ਨੂੰ ਬਚਪਨ ਤੋਂ ਹੀ ਸੰਗੀਤ ਨਾਲ ਲਗਾਵ ਰਿਹਾ। ਘਰ ਵਿਚ ਵੱਜਦੇ ਮੁਹੰਮਦ ਰਫ਼ੀ, ਲਤਾ ਮੰਗੇਸ਼ਕਰ, ਸੁਰਿੰਦਰ ਕੌਰ ਅਤੇ ਆਸ਼ਾ ਭੌਂਸਲੇ ਦੇ ਗੀਤਾਂ ਨੂੰ ਸੁਣਦਿਆਂ ਮਨਪ੍ਰੀਤ ਛੋਟੇ ਹੁੰਦਿਆਂ ਤੋਂ ਹੀ ਇਨ੍ਹਾਂ ਮਹਾਨ ਗੁਲੂਕਾਰਾਂ ਦੇ ਗੀਤ ਗੁਣਗੁਣਾਉਣ ਲੱਗ ਪਈ। ਸੰਗੀਤ ਦੀ ਮੁੱਢਲੀ ਤਾਲੀਮ ਮਨਪ੍ਰੀਤ ਨੇ ਆਪਣੇ ਪਿਤਾ ਹਰਿੰਦਰ ਸੋਹਲ ਜੀ ਤੋਂ ਹਾਸਲ ਕੀਤੀ। ਮਨਪ੍ਰੀਤ ਦੇ ਪਿਤਾ ਜੀ ਵੱਲੋਂ ਅੰਮ੍ਰਿਤਸਰ ਵਿਖੇ ਹਰ ਸਾਲ ਕਰਵਾਏ ਜਾਂਦੇ ਰਫ਼ੀ ਯਾਦਗਾਰੀ ਸੰਗੀਤ ਸਮਾਗਮ ਵਿਚ ਮਨਪ੍ਰੀਤ ਨੇ ਪਹਿਲੀ ਵਾਰ ਆਸ਼ਾ ਭੌਂਸਲੇ ਦਾ ਇੱਕ ਦੋਗਾਣਾ ਗੀਤ ਗਾ ਕੇ ਆਪਣੇ ਗਾਇਕੀ ਦੇ ਸਫ਼ਰ ਦਾ ਆਗਾਜ਼ ਕੀਤਾ।



ਮਨਪ੍ਰੀਤ ਨੇ ਆਪਣੀ ਮੁੱਢਲੀ ਸਿੱਖਿਆ ਸ਼ਹਿਰ ਦੇ ਰੈੱਡ ਰੋਜ਼ ਪਬਲਿਕ ਸਕੂਲ ਮਹਾਂ ਸਿੰਘ ਗੇਟ ਤੋਂ ਹਾਸਿਲ ਕੀਤੀ। ਉਸ ਤੋਂ ਬਾਅਦ ਸੀਡਰ ਸਪਰਿੰਗ ਹਾਈ ਸਕੂਲ ਰਣਜੀਤ ਐਵੀਨਿਊ ਤੋਂ ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਮਨਪ੍ਰੀਤ ਨੇ ਸ਼ਹਿਰ ਦੀ ਨਾਮੀ ਵਿਦਿਅਕ ਸੰਸਥਾ ਬੀ.ਬੀ.ਕੇ. ਡੀ.ਏ.ਵੀ. ਕਾਲਜ ਵਿਖੇ ਦਾਖਲਾ ਲੈ ਲਿਆ, ਜਿੱਥੋਂ ਆਰਟਸ ਵਿਸ਼ੇ ਵਿਚ ਬਾਰ੍ਹਵੀਂ ਕਰਨ ਉਪਰੰਤ ਸੰਗੀਤ ਵਿਚ ਬੀ.ਏ. ਦੀ ਡਿਗਰੀ ਹਾਸਲ ਕੀਤੀ। ਇਸੇ ਸੰਸਥਾ ਵਿਚ ਪੜ੍ਹਦਿਆਂ ਮਨਪ੍ਰੀਤ ਨੇ ਮੈਡਮ ਰਿਤੂ ਸ਼ਰਮਾਂ ਜੀ ਤੋਂ ਸੰਗੀਤ ਦੀ ਹਰ ਵੰਨਗੀ ਸਿੱਖੀ। ਪਿਤਾ ਹਰਿੰਦਰ ਸੋਹਲ ਦੀ ਯੋਗ ਅਗਵਾਈ ਵਿਚ ਮਨਪ੍ਰੀਤ ਨੇ ਪੰਜਾਬੀ ਲੋਕ ਸਾਜ਼ਾਂ ਜਿਵੇਂ ਢੋਲ, ਨਗਾਰਾ, ਤੂੰਬੀ, ਘੜਾ ਆਦਿ ਨੂੰ ਵਜਾਉਣ ਵਿਚ ਵੀ ਮੁਹਾਰਤ ਹਾਸਿਲ ਕੀਤੀ। ਕਾਲਜ ਪੜ੍ਹਦਿਆਂ ਮਨਪ੍ਰੀਤ ਨੇ ਯੂਨੀਵਰਸਿਟੀ ਯੂਥ ਫੈਸਟੀਵਲਾਂ ਵਿਚ ਫ਼ੋਕ, ਆਰਕੈਸਟਰਾ, ਵਾਰ, ਕਵੀਸ਼ਰੀ, ਸ਼ਬਦ ਗਾਇਨ ਦੇ ਮੁਕਾਬਲਿਆਂ ਵਿਚ ਭਾਗ ਲਿਆ ਅਤੇ ਆਪਣੀ ਪ੍ਰਤਿਭਾ ਦੇ ਦਮ 'ਤੇ ਸਟੇਟ ਦੀਆਂ ਯੂਨੀਵਰਸਿਟੀਆਂ ਦੇ ਯੂਥ ਫ਼ੈਸਟੀਵਲ ਮੁਕਾਬਲਿਆਂ ਵਿਚੋਂ ਜੇਤੂ ਰਹਿ ਕੇ ਨੈਸ਼ਨਲ ਯੂਥ ਫ਼ੈਸਟੀਵਲ, ਜੋ ਉਸ ਸਮੇਂ ਮਹਾਂਰਿਸ਼ੀ ਦਿਆਨੰਦ ਯੂਨੀਵਰਸਿਟੀ ਰੋਹਤਕ ਵਿਖੇ ਆਯੋਜਿਤ ਹੋਇਆ ਵਿਚ ਹਿੱਸਾ ਲਿਆ। ਸੰਗੀਤ ਵਿਚ ਗ੍ਰੈਜੂਏਸ਼ਨ ਦੀ ਡਿਗਰੀ ਕਰਨ ਉਪਰੰਤ ਮਨਪ੍ਰੀਤ ਨੇ ਪੋਸਟ ਗ੍ਰੈਜੂਏਸ਼ਨ ਇੰਨ ਵੋਕਲ ਮਿਊਜ਼ਿਕ ਦੀ ਡਿਗਰੀ ਸਰੂਪ ਰਾਣੀ ਗੌਰਮਿੰਟ ਕਾਲਜ ਅੰਮ੍ਰਿਤਸਰ ਤੋਂ ਹਾਸਲ ਕੀਤੀ।


-ਅੰਗਰੇਜ ਸਿੰਘ ਵਿਰਦੀ
ਪਤਾ:- ਮਕਾਨ ਨੰ 63, ਗੰਡਾ ਸਿੰਘ ਕਲੌਨੀ, ਤਰਨਤਾਰਨ ਰੋਡ ,ਅੰਮ੍ਰਿਤਸਰ
ਮੋਬਾਇਲ :- 94646-28857
(Punjab Mail USA)




ਇਸੇ ਕਾਲਜ ਵਿਚ ਪੜ੍ਹਦਿਆਂ ਸੰਗੀਤ ਦੇ ਪ੍ਰੋਫ਼ੈਸਰ ਮੈਡਮ ਵੀਨਸ ਚੱਡਾ ਨੇ ਮਨਪ੍ਰੀਤ ਦੀ ਗਾਇਕੀ ਨੂੰ ਨਿਖਾਰਨ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ, ਇਸ ਦੇ ਨਾਲ ਹੀ ਉਨ੍ਹਾਂ ਮਨਪ੍ਰੀਤ ਨੂੰ ਗਾਇਕੀ ਦੇ ਖੇਤਰ ਵਿਚ ਆਪਣਾ ਕੈਰੀਅਰ ਬਣਾਉਣ ਲਈ ਵੀ ਪ੍ਰੇਰਿਤ ਕੀਤਾ। ਇਸੇ ਦੌਰਾਨ ਗਾਇਕੀ ਵਿਚ ਆਪਣੇ ਆਪ ਨੂੰ ਹੋਰ ਪਰਿਪੱਕ ਕਰਨ ਲਈ ਮਨਪ੍ਰੀਤ ਨੇ ਉਸਤਾਦ ਨੰਦ ਕਿਸ਼ੋਰ ਜੀ ਤੋਂ ਕਲਾਸੀਕਲ ਸੰਗੀਤ ਦੀ ਤਾਲੀਮ ਹਾਸਿਲ ਕੀਤੀ ਅਤੇ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ।

ਸੰਗੀਤ ਦੇ ਸ਼ੌਂਕ ਦੇ ਨਾਲ-ਨਾਲ ਜਰਨਲਿਜ਼ਮ ਇੰਨ ਮਾਸ ਕਮਿਊਨੀਕੇਸ਼ਨ ਦਾ ਕੋਰਸ ਕਰ ਪੱਤਰਕਾਰ ਬਣਨ ਦੀ ਖਾਹਿਸ਼ਮੰਦ ਮਨਪ੍ਰੀਤ ਦੀ ਅਦਾਕਾਰੀ ਅਤੇ ਨਿਰਦੇਸ਼ਨ ਵਿਚ ਵੀ ਰੁਚੀ ਹੋਣ ਕਰਕੇ ਉਸ ਨੇ ਬਹੁਤ ਸਾਰੇ ਥੀਏਟਰ ਦੇ ਨਾਟਕਾਂ ਵਿਚ ਹਿੱਸਾ ਲਿਆ। ਪ੍ਰਸਿੱਧ ਨਾਟਕਕਾਰ ਜਗਦੀਸ਼ ਸਚਦੇਵਾ ਜੀ ਦੇ ਲਿਖੇ ਅਤੇ ਨਿਰਦੇਸ਼ਤ ਕੀਤੇ ਮਸ਼ਹੂਰ ਨਾਟਕ ਸਾਵੀ ਵਿਚ ਮਨਪ੍ਰੀਤ ਨੇ ਬਖ਼ਤੋ ਗੁਜ਼ਰੀ ਦਾ ਕਿਰਦਾਰ ਅਦਾ ਕੀਤਾ। ਜਗਦੀਸ਼ ਸਚਦੇਵਾ ਜੀ ਦੇ ਹੀ ਲਿਖੇ ਅਤੇ ਨਿਰਦੇਸ਼ਤ ਕੀਤੇ ਇੱਕ ਹੋਰ ਬੇਹਤਰੀਨ ਨਾਟਕ ਸ਼ੂਗਰ ਫ੍ਰੀ ਵਿਚ ਮਨਪ੍ਰੀਤ ਨੇ ਬਤੌਰ ਸਹਾਇਕ ਨਿਰਦੇਸ਼ਕ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ। ਇਸ ਤੋਂ ਇਲਾਵਾ ਥੀਏਟਰ ਦੇ ਬਹੁਤ ਸਾਰੇ ਨਾਟਕਾਂ ਜਿਨ੍ਹਾਂ ਵਿਚ ਨਾਟਕਕਾਰ ਕੇਵਲ ਧਾਲੀਵਾਲ ਦੀ ਨਿਰਦੇਸ਼ਨਾਂ ਵਿਚ ਖੇਡਿਆ ਗਿਆ ਨਾਟਕ ਸੀਸ, ਨਾਟਕਕਾਰ ਮੰਚਪ੍ਰੀਤ ਦੁਆਰਾ ਨਿਰਦੇਸ਼ਤ ਨਾਟਕ ਵਿਚਲੀ ਔਰਤ ਪ੍ਰਮੁੱਖ ਹਨ, ਵਿਚ ਮਨਪ੍ਰੀਤ ਨੇ ਆਪਣੇ ਪਿਤਾ ਹਰਿੰਦਰ ਸੋਹਲ ਦੀ ਸੰਗੀਤ ਨਿਰਦੇਸ਼ਨਾਂ ਵਿਚ ਪਿੱਠਵਰਤੀ ਗੀਤ ਵੀ ਗਾਏ।

ਛੋਟੀ ਉਮਰੇ ਹੀ ਸੰਗੀਤ ਅਤੇ ਅਦਾਕਾਰੀ ਵਿਚ ਮਨਪ੍ਰੀਤ ਦੀਆਂ ਪ੍ਰਾਪਤੀਆਂ ਦੀ ਇੱਕ ਲੰਬੀ ਫ਼ੈਹਰਿਸਤ ਹੈ। ਨਾਟਕਾਂ ਅਤੇ ਸਟੇਜ 'ਤੇ ਗੀਤ ਗਾਉਣ ਤੋਂ ਬਾਅਦ ਮਨਪ੍ਰੀਤ ਨੇ ਫ਼ਿਲਮਾਂ ਵਿਚ ਬਤੌਰ ਪਿੱਠਵਰਤੀ ਗਾਇਕਾ ਵਜੋਂ ਆਪਣੇ ਕੈਰੀਅਰ ਦਾ ਆਗਾਜ਼ ਕੀਤਾ। ਹਰਿੰਦਰ ਸੋਹਲ ਦੁਆਰਾ ਲਿਖੀ ਅਤੇ ਨਿਰਦੇਸ਼ਤ ਕੀਤੀ ਮਸ਼ਹੂਰ ਅਦਾਕਾਰ ਸੁਰਿੰਦਰ ਫ਼ਰਿਸਤਾ ਦੁਆਰਾ ਅਭਿਨੀਤ ਹਿੰਦੀ ਲਘੂ ਫ਼ਿਲਮ ਦਾ ਰੀਅਲ ਕੋਸਟ ਵਿਚ ਮਨਪ੍ਰੀਤ ਨੇ ਆਪਣੇ ਕੈਰੀਅਰ ਦਾ ਪਹਿਲਾ ਗੀਤ ਗਾਇਆ। ਬੇਹੱਦ ਖ਼ੂਬਸੂਰਤ, ਸੁਰੀਲੇ ਅਤੇ ਦਿਲ ਨੂੰ ਛੂ ਲੈਣ ਵਾਲੇ ਇਸ ਗੀਤ ਦੇ ਬੋਲ ਹਨ, 'ਤੂੰ ਨਹੀ ਤੋ ਕੁਛ ਨਹੀ ਹੈ'। ਇਸ ਫ਼ਿਲਮ ਤੋਂ ਬਾਅਦ ਪੀ.ਟੀ.ਸੀ. ਲਈ ਬਣੀ ਇੱਕ ਲਘੂ ਫ਼ਿਲਮ ਹੌਲੀਡੇਅ ਵਾਈਫ ਵਿਚ ਮਨਪ੍ਰੀਤ ਨੇ ਇੱਕ ਵਿਆਹ ਦਾ ਖ਼ੂਬਸੂਰਤ ਗੀਤ ਗਾਇਆ। ਓ.ਟੀ.ਟੀ. ਚੈਨਲ ਚੌਪਾਲ ਤੇ ਪ੍ਰਦਰਸ਼ਿਤ ਨਿਰਦੇਸ਼ਕ ਅਮਰਪਾਲ ਦੀ ਲਘੂ ਫ਼ਿਲਮ ਮੱਸਿਆ ਵਿਚ ਅਦਾਕਾਰਾ ਰਾਜ ਧਾਲੀਵਾਲ ਤੇ ਫ਼ਿਲਮਾਇਆ ਗੀਤ 'ਅੱਖ ਵਿਚ ਅੱਖ ਪਾ ਕੇ ਵੇਖ ਮੇਰੇ ਵੱਲ' ਗਾ ਕੇ ਮਨਪ੍ਰੀਤ ਨੇ ਇਹ ਦਰਸਾ ਦਿੱਤਾ ਕਿ ਬਤੌਰ ਪਿੱਠਵਰਤੀ ਗਾਇਕਾ ਉਸ ਦੀ ਆਵਾਜ਼ ਵਿਚ ਉਹ ਲੈਅ, ਸੁਰੀਲਾਪਨ, ਖ਼ਨਕ ਅਤੇ ਬੁਲੰਦੀ ਹੈ, ਜੋ ਇੱਕ ਪਿੱਠਵਰਤੀ ਗਾਇਕਾ ਲਈ ਹੋਣੀ ਚਾਹੀਦੀ ਹੈ। ਸਾਲ 2023 ਵਿਚ ਓ.ਟੀ.ਟੀ. ਚੈਨਲ ਚੌਪਾਲ 'ਤੇ ਰਿਲੀਜ਼ ਹੋਈ, ਮਨਜੋਤ ਸਿੰਘ ਦੁਆਰਾ ਨਿਰਦੇਸ਼ਤ ਪੰਜਾਬੀ ਲਘੂ ਫ਼ਿਲਮ ਮੁਲਾਕਾਤ ਵਿਚ ਮਨਪ੍ਰੀਤ ਨੇ ਫ਼ਿਲਮ ਦਾ ਟਾਈਟਲ ਗੀਤ ਗਾਇਆ। ਦਰਸ਼ਕਾਂ ਦੀ ਰੂਹ ਨੂੰ ਟੁੰਬਨ ਵਾਲੇ ਅਤੇ ਬੇਹੱਦ ਖ਼ੂਬਸੂਰਤ ਇਸ ਗੀਤ ਦੇ ਬੋਲ ਹਨ, ਜ਼ਿੰਦਗੀ ਦੀ ਜ਼ਿੰਦਗੀ ਨਾਲ ਹੋਣੀ ਕਦ ਮੁਲਾਕਾਤ'।

ਫ਼ਿਲਮਾਂ ਵਿਚ ਗੀਤ ਗਾਉਣ ਤੋਂ ਇਲਾਵਾ ਮਨਪ੍ਰੀਤ ਦੀ ਆਵਾਜ਼ ਵਿਚ ਸਾਲ 2020 ਵਿਚ ਇੱਕ ਕਵਰ ਸੌਂਗ 'ਚੁਰਾ ਲੀਆ ਹੈ ਤੁਮ ਨੇ' ਰਿਕਾਰਡ ਗੀਤਾ ਗਿਆ, ਜੋ ਯੂ ਟਿਊਬ 'ਤੇ ਬੇਹੱਦ ਪਸੰਦ ਕੀਤਾ ਗਿਆ ਅਤੇ ਬਾਅਦ ਵਿਚ ਜਿਸ ਨੂੰ ਸਾ ਰੇ ਗਾ ਮਾ ਮਿਊਜ਼ਿਕ ਕੰਪਨੀ ਨੇ ਆਪਣੇ ਚੈਨਲ 'ਤੇ ਰਿਲੀਜ਼ ਕੀਤਾ। ਆਸ਼ਾ ਭੌਂਸਲੇ ਦੁਆਰਾ ਗਾਏ ਇਸ ਬੇਹੱਦ ਮਕਬੂਲ ਗੀਤ ਨੂੰ ਮਨਪ੍ਰੀਤ ਨੇ ਹੂ ਬ ਹੂ ਉਂਝ ਹੀ ਗਾਇਆ, ਜਿਵੇਂ ਆਸ਼ਾ ਜੀ ਨੇ ਗਾਇਆ ਸੀ। ਹਿੰਦੀ, ਪੰਜਾਬੀ ਫ਼ਿਲਮੀ ਗੀਤਾਂ ਨੂੰ ਗਾਉਣ ਦੇ ਨਾਲ-ਨਾਲ ਪੰਜਾਬੀ ਅਦਬ ਦੇ ਹਵਾਲੇ ਨਾਲ ਮਨਪ੍ਰੀਤ ਦੀ ਇਹ ਦਿਲੀ ਖਾਹਿਸ਼ ਹੈ ਕਿ ਉਹ ਪੰਜਾਬੀ ਸੰਗੀਤ ਦੀ ਹਰ ਗਾਇਨ ਸ਼ੈਲੀ ਵਿਚ ਗੀਤ ਗਾ ਕੇ ਪੰਜਾਬੀ ਸੰਗੀਤ ਦੀ ਅਮੀਰ ਵਿਰਾਸਤ ਵਿਚ ਆਪਣਾ ਬਣਦਾ ਹਿੱਸਾ ਪਾਏ, ਜਿਸ ਲਈ ਹਾਲ ਹੀ ਵਿਚ ਉਸ ਨੇ ਇੱਕ ਸਾਹਿਤਿਕ ਗੀਤ 'ਬੀਬਿਆ ਘੜੀਬਿਆ' ਰਿਕਾਰਡ ਕਰਵਾਇਆ, ਜਿਸ ਨੂੰ ਪੰਜਾਬੀ ਦੇ ਮਸ਼ਹੂਰ ਸ਼ਾਇਰ ਬੀਬਾ ਬਲਵੰਤ ਨੇ ਲਿਖਿਆ ਹੈ। ਮਨਪ੍ਰੀਤ ਦੇ ਗਾਏ ਇਸ ਖ਼ੂਬਸੂਰਤ ਗੀਤ ਨੂੰ ਪੰਜਾਬੀ ਸਾਹਿਤ ਨਾਲ ਮੋਹ ਰੱਖਣ ਵਾਲੇ ਸੰਗੀਤ ਪ੍ਰੇਮੀਆਂ ਵੱਲੋਂ ਬੇਹੱਦ ਪਸੰਦ ਕੀਤਾ ਗਿਆ ਹੈ। ਛੇਤੀ ਹੀ ਮਨਪ੍ਰੀਤ ਦੀ ਆਵਾਜ਼ ਵਿਚ ਰਿਕਾਰਡ ਕੀਤਾ ਪੰਜਾਬੀ ਗੀਤ ਰੇਸ਼ਮ ਦਾ ਧਾਗਾ ਸੰਗੀਤ ਪ੍ਰੇਮੀਆਂ ਨੂੰ ਸੁਣਨ ਨੂੰ ਮਿਲੇਗਾ।

ਬੌਲੀਵੁੱਡ ਦੀ ਬੇਹੱਦ ਸੁਰੀਲੀ ਮੌਜੂਦਾ ਦੌਰ ਦੀ ਪ੍ਰਸਿੱਧ ਗਾਇਕਾ ਸ਼੍ਰੇਆ ਗੌਸ਼ਾਲ ਦੀ ਗਾਇਕੀ ਤੋਂ ਪ੍ਰਭਾਵਿਤ ਮਨਪ੍ਰੀਤ ਦੀ ਆਵਾਜ਼ ਹਰ ਗੀਤ ਨੂੰ ਗਾਉਣ ਲਈ ਢੁੱਕਵੀਂ ਹੈ। ਪੰਜਾਬੀ ਲੋਕ ਗੀਤਾਂ ਤੋਂ ਲੈ ਕੇ ਬੌਲੀਵੁੱਡ ਦੇ ਹਰ ਗੀਤ ਨੂੰ ਗਾਉਣ ਦੀ ਸਮਰੱਥਾ ਰੱਖਣ ਵਾਲੀ ਬੇਹੱਦ ਪ੍ਰਤਿਭਾਸ਼ਾਲੀ ਗਾਇਕਾ ਮਨਪ੍ਰੀਤ ਦੀ ਆਵਾਜ਼ ਆਉਣ ਵਾਲੇ ਸਮੇਂ ਵਿਚ ਪੰਜਾਬੀ ਫ਼ਿਲਮਾਂ ਅਤੇ ਬੌਲੀਵੁੱਡ ਫ਼ਿਲਮਾਂ ਵਿਚ ਬਤੌਰ ਪਿੱਠਵਰਤੀ ਗਾਇਕਾ ਵਜੋਂ ਸੁਣਨ ਨੂੰ ਮਿਲੇਗੀ। ਮਿਤੀ 15 ਮਾਰਚ ਨੂੰ ਰਿਲੀਜ਼ ਹੋਣ ਵਾਲੀ ਦੇਵੀ ਸ਼ਰਮਾ ਵੱਲੋਂ ਨਿਰਦੇਸ਼ਤ ਪੰਜਾਬੀ ਫ਼ੀਚਰ ਫ਼ਿਲਮ ਜੱਟੀ ਪੰਦਰਾਂ ਮੁਰੱਬਿਆ ਵਾਲੀ ਵਿਚ ਮਨਪ੍ਰੀਤ ਅਤੇ ਕੁਲਬੀਰ ਦੀ ਆਵਾਜ਼ ਵਿਚ ਗਾਇਆ ਪਹਿਲਾ ਦੋਗਾਣਾ ਗੀਤ ਬਰਾਤ ਰਿਲੀਜ਼ ਹੋ ਚੁੱਕਾ ਹੈ, ਜਿਸ ਨੂੰ ਸੰਗੀਤ ਪ੍ਰੇਮੀਆਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਆਉਣ ਵਾਲੇ ਸਮੇਂ ਵਿਚ ਹੋਰ ਵੀ ਬਹੁਤ ਸਾਰੀਆਂ ਫ਼ਿਲਮਾਂ ਵਿਚ ਮਨਪ੍ਰੀਤ ਸੋਹਲ ਦੁਆਰਾ ਗਾਏ ਗੀਤ ਸੰਗੀਤ ਪ੍ਰੇਮੀਆਂ ਨੂੰ ਸੁਣਨ ਨੂੰ ਮਿਲਣਗੇ। ਅਖੀਰ ਵਿਚ ਅਸੀਂ ਇਹੀ ਦੁਆ ਕਰਦੇ ਹਾਂ ਕਿ ਮਨਪ੍ਰੀਤ ਸੋਹਲ ਗਾਇਕੀ ਵਿਚ ਉੱਚਾ ਮੁਕਾਮ ਹਾਸਿਲ ਕਰੇ ਅਤੇ ਆਪਣਾ ਅਤੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕਰੇ।

# ਬੱਚਿਆਂ ਨੂੰ ਅਰੋਗ ਕਿਵੇਂ ਰੱਖਿਆ ਜਾਏ?






-ਠਾਕੁਰ ਦਲੀਪ ਸਿੰਘ

(Punjab Mail USA)


ਅਰਦਾਸਾਂ ਕਰਕੇ ਲਏ ਬੱਚਿਆਂ ਨੂੰ ਅਸੀਂ ਕਿਵੇਂ ਰੋਗੀ ਬਣਾਉਂਦੇ ਹਾਂ? ਉਨ੍ਹਾਂ ਨੂੰ ਰੋਗੀ ਬਣਾਉਣ ਤੋਂ ਸਾਨੂੰ ਕਿਵੇਂ ਬਚਣਾ ਚਾਹੀਦਾ ਹੈ? ਅਸੀਂ ਬੜੇ ਚਾਅ ਨਾਲ ਬੱਚਿਆਂ ਨੂੰ ਜਨਮ ਦਿੰਦੇ ਹਾਂ। ਕਈ ਵਾਰ ਤਾਂ ਅਰਦਾਸਾਂ ਕਰਕੇ, ਮੰਗ ਕੇ ਬੱਚੇ ਲੈਂਦੇ ਹਾਂ ਅਤੇ ਬੜੇ ਚਾਅ ਨਾਲ ਪਾਲਦੇ ਹਾਂ। ਪਰੰਤੂ ਚਾਅ ਅਤੇ ਲਾਡ ਕਾਰਣ ਅਸੀਂ ਭਾਵੁਕ ਹੋ ਕੇ, ਭੋਲੇਪਣ ਵਿਚ ਹੀ; ਬੱਚੇ ਦੇ ਮਨ ਅਤੇ ਤਨ ਦੋਵਾਂ ਨੂੰ ਰੋਗੀ ਕਰ ਦਿੰਦੇ ਹਾਂ। ਸਫਲਤਾਪੂਰਵਕ ਬੱਚੇ ਦਾ ਪਾਲਣ-ਪੋਸ਼ਣ ਕਰਨਾ ਇੱਕ ਕਲਾ ਹੈ। ਬੱਚੇ ਪੈਦਾ ਕਰਨ ਤੋਂ ਪਹਿਲਾਂ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਬੱਚੇ ਦੇ ਮਨ ਅਤੇ ਤਨ ਨੂੰ ਅਰੋਗ ਕਿਵੇਂ ਰੱਖ ਸਕਦੇ ਹਾਂ ਅਤੇ ਬੱਚੇ ਨੂੰ ਚੰਗੇ ਗੁਣਾਂ ਵਾਲਾ ਮਨੁੱਖ ਕਿਵੇਂ ਬਣਾ ਸਕਦੇ ਹਾਂ? ਪਰੰਤੂ ਸਮੱਸਿਆ ਇਹ ਹੈ ਕਿ ਇਹ ਗੱਲਾਂ ਸਾਨੂੰ ਕੋਈ ਦੱਸਦਾ ਹੀ ਨਹੀਂ ਕਿ ਬੱਚੇ ਦਾ ਸਫਲਤਾਪੂਰਵਕ ਵਧੀਆ ਢੰਗ ਨਾਲ ਪਾਲਣ-ਪੋਸ਼ਣ ਕਿਵੇਂ ਕਰਨਾ ਹੈ? ਜੇ ਬੱਚੇ ਪਾਲਣ ਦੀ ਜਾਚ ਸਿੱਖਣ ਦੀ ਕੋਸ਼ਿਸ਼ ਕਰੋਗੇ, ਤਾਂ ਸਫਲਤਾਪੂਰਵਕ ਬੱਚੇ ਨੂੰ ਪਾਲਣ ਦੀ ਕਲਾ ਸਿੱਖਣੀ ਅਸੰਭਵ ਨਹੀਂ; ਸੰਭਵ ਹੈ।

ਸਾਰੇ ਮਾਤਾ-ਪਿਤਾ ਨੂੰ ਮੇਰੀ ਬੇਨਤੀ ਹੈ ਕਿ ਜਦੋਂ ਤੋਂ ਬੱਚਾ ਮਾਂ ਦਾ ਦੁੱਧ ਛੱਡੇ; ਉਦੋਂ ਤੋਂ ਹੀ ਬੱਚੇ ਨੂੰ ਸਿਹਤ ਲਈ ਲਾਭਦਾਇਕ ਭੋਜਨ ਦੀ ਆਦਤ ਪਾਓ ਅਤੇ ਹਾਨੀਕਾਰਕ ਭੋਜਨ (ਟਾਫ਼ੀਆਂ, ਚਾਕਲੇਟ, ਚਿਪਸ ਆਦਿ) ਦਾ ਸੁਆਦ ਪੈਣ ਤੋਂ ਬਚਾਓ। ਤਲੀਆਂ ਵਸਤੂਆਂ, ਪਰੌਂਠੇ, ਮੈਦੇ ਤੋਂ ਬਣੇ ਪਦਾਰਥ ਜਿਵੇਂ: ਨੂਡਲਜ਼, ਬਿਸਕੁਟ, ਪੀਜ਼ਾ ਆਦਿ ਸਿਹਤ ਲਈ ਅਤਿਅੰਤ ਹਾਨੀਕਾਰਕ ਭੋਜਨ ਹਨ। ਦੁੱਧ, ਦਹੀਂ, ਚੋਪੜੇ ਹੋਏ ਪ੍ਰਸ਼ਾਦੇ ਵਿਚ ਬੱਚੇ ਲਈ ਲੋੜੀਂਦੀ ਮਾਤਰਾ ਵਿਚ ਥੰਧਿਆਈ ਕਾਫੀ ਹੁੰਦੀ ਹੈ। ਮੱਖਣ, ਮਲਾਈ, ਖੋਆ, ਬਰਫੀ ਆਦਿ ਭੋਜਨ ਭਾਰੇ ਹੋਣ ਕਰਕੇ ਬੱਚੇ ਨੂੰ ਪਚਣੇ ਔਖੇ ਹੁੰਦੇ ਹਨ। ਇਹ ਅਣਪਚਿਆ ਭਾਰਾ ਭੋਜਨ ਬੱਚੇ ਨੂੰ ਲਾਭ ਦੀ ਬਜਾਇ ਹਾਨੀ ਪਹੁੰਚਾਉਂਦਾ ਹੈ। ਕੋਕਾ ਕੋਲਾ, ਹਰ ਤਰ੍ਹਾਂ ਦੀ ਸੋਫਟ ਡ੍ਰਿੰਕ ਅਤੇ ਬਜ਼ਾਰੀ ਜੂਸ ਆਦਿ ਤੋਂ ਵੀ ਬੱਚਿਆਂ ਨੂੰ ਬਚਾ ਕੇ ਰੱਖਣਾ ਚਾਹੀਦਾ ਹੈ।

ਮਾਪਿਆਂ ਵੱਲੋਂ ਬਹੁਤ ਵਾਰੀ ਹਾਨੀਕਾਰਕ ਭੋਜਨ ਅਗਿਆਨਤਾ ਵੱਸ, ਆਪ ਹੀ ਬੱਚੇ ਨੂੰ ਦਿੱਤਾ ਜਾਂਦਾ ਹੈ। ਕਈ ਵਾਰ ਬੱਚੇ ਤੋਂ ਕੋਈ ਕੰਮ ਕਰਵਾਉਣ ਲਈ ਟੌਫ਼ੀ ਆਦਿ ਦਾ ਲਾਲਚ, ਮਾਪੇ ਜਾਣਬੁੱਝ ਕੇ ਵੀ ਦੇ ਦਿੰਦੇ ਹਨ, ਜਿਸ ਨੂੰ ਖਾਣ ਦੀ ਬੱਚੇ ਨੂੰ ਆਦਤ ਪੈ ਜਾਂਦੀ ਹੈ। ਬੱਚਿਆਂ ਨੂੰ ਰੋਗੀ ਬਣਾਉਣ ਵਾਸਤੇ ਘਰ ਦੇ ਬਜ਼ੁਰਗ ਵੀ ਅਗਿਆਨਤਾ ਵੱਸ ਆਪਣੀ ਵੱਡੀ ਭੂਮਿਕਾ ਨਿਭਾਉਂਦੇ ਹਨ। ਬੱਚਿਆਂ ਨੂੰ ਆਪਣੇ ਕੋਲ ਸੱਦਣ ਲਈ ਅਤੇ ਆਪਣੇ ਕੋਲ ਵੱਧ ਸਮਾਂ ਰੱਖਣ ਲਈ; ਉਨ੍ਹਾਂ ਨੂੰ ਐਸੇ ਭੋਜਨ ਅਤੇ ਚੀਜ਼ਾਂ ਦੇ ਦਿੰਦੇ ਹਨ; ਜਿਨ੍ਹਾਂ ਨਾਲ ਬੱਚਿਆਂ ਦੀਆਂ ਆਦਤਾਂ ਵਿਗੜ ਜਾਂਦੀਆਂ ਹਨ ਅਤੇ ਸਿਹਤ ਖਰਾਬ ਹੋ ਜਾਂਦੀ ਹੈ।

ਹਾਨੀਕਾਰਕ ਭੋਜਨਾਂ ਤੋਂ ਬੱਚੇ ਨੂੰ ਬਚਾਉਣ ਵਾਸਤੇ ਮਾਤਾ-ਪਿਤਾ ਨੂੰ ਆਪ ਵੀ ਇਨ੍ਹਾਂ ਭੋਜਨਾਂ ਨੂੰ ਤਿਆਗਣਾ ਪਵੇਗਾ। ਕਿਉਂਕਿ ਬੱਚੇ ਕਹਿਣ ਨਾਲ ਓਨੀ ਗੱਲ ਨਹੀਂ ਅਪਣਾਉਂਦੇ; ਜਿਨ੍ਹਾਂ ਦੇਖ ਕੇ ਅਤੇ ਮਾਤਾ-ਪਿਤਾ ਦੀ ਨਕਲ ਕਰਕੇ, ਸੰਸਕਾਰ ਧਾਰਨ ਕਰਦੇ ਹਨ। ਟੌਫ਼ੀਆਂ, ਚਾਕਲੇਟ, ਚਿਪਸ, ਫਾਸਟ ਫੂਡ ਆਦਿ ਘਰ ਵਿਚ ਲਿਆਉਣਾ ਅਤੇ ਖਾਣਾ ਆਪ ਵੀ ਬੰਦ ਕਰੋ। ਬੱਚੇ ਭਾਵੇਂ ਰੋਣ ਅਤੇ ਖਾਣ ਦੀ ਜਿੱਦ ਕਰਨ ਤਾਂ ਵੀ ਉਨ੍ਹਾਂ ਨੂੰ ਸਿਹਤ ਲਈ ਹਾਨੀਕਾਰਕ ਭੋਜਨ ਨਾ ਦਿਓ। ਜੇ ਨਾ ਦਿਓਗੇ ਤਾਂ ਬੱਚੇ ਅੱਕ ਕੇ ਫਲ, ਸਬਜ਼ੀਆਂ ਆਦਿ ਖਾਣੇ ਸ਼ੁਰੂ ਕਰ ਦੇਣਗੇ; ਜੋ ਹੌਲੀ-ਹੌਲੀ ਉਨ੍ਹਾਂ ਦੀ ਜੀਭ ਦਾ ਸੁਆਦ ਬਣ ਜਾਵੇਗਾ। ਇਸ ਤਰ੍ਹਾਂ ਬੱਚੇ ਨੂੰ ਲੋੜ ਪੈਣ ਉੱਤੇ ਥੋੜ੍ਹਾ ਭੁੱਖੇ ਰੱਖ ਕੇ ਜਾਂ ਥੋੜ੍ਹਾ ਰੁਆ ਕੇ ਵੀ ਸਿਹਤ ਲਈ ਚੰਗਾ ਭੋਜਨ ਖਾਣ ਦੀ ਆਦਤ ਹੀ ਪਾਈ ਜਾਵੇ।

ਟਾਫ਼ੀਆਂ, ਚਾਕਲੇਟ ਦੀ ਥਾਂ ਉੱਤੇ ਬੱਚੇ ਨੂੰ ਖਜੂਰ, ਅੰਜੀਰ, ਸੌਗੀ ਆਦਿ ਸੁੱਕੇ ਮੇਵੇ ਖਾਣ ਲਈ ਦਿੱਤੇ ਜਾ ਸਕਦੇ ਹਨ। ਜੋ ਪਰਿਵਾਰ ਮਹਿੰਗੇ ਸੁੱਕੇ ਮੇਵੇ ਨਾ ਖਰੀਦ ਸਕਣ; ਉਹ ਗੁੜ ਦੇ ਛੋਟੇ ਟੁਕੜੇ ਕਰਕੇ ਅਤੇ ਲੂਣ ਵਾਲੇ ਭੁੱਜੇ ਛੋਲੇ ਬੱਚੇ ਨੂੰ ਦੇ ਸਕਦੇ ਹਨ। ਚਿਪਸ ਦੀ ਥਾਂ ਉੱਤੇ ਬੱਚਿਆਂ ਨੂੰ ਪ੍ਰਸ਼ਾਦਾ ਰਾੜ ਕੇ, ਲੂਣ, ਮਿਰਚ, ਨਿੰਬੂ ਜਾਂ ਚਾਟ ਮਸਾਲਾ ਆਦਿ ਪਾ ਕੇ ਅਤੇ ਉਸਦੇ ਛੋਟੇ-ਛੋਟੇ ਟੁਕੜੇ ਕਰਕੇ ਦਿੱਤੇ ਜਾ ਸਕਦੇ ਹਨ। ਉਹ ਚਿਪਸ ਤੋਂ ਵੀ ਵੱਧ ਸਵਾਦਿਸ਼ਟ ਬਣਦੇ ਹਨ। ਬੱਚਿਆਂ ਨੂੰ ਟੌਫ਼ੀਆਂ, ਚਾਕਲੇਟ ਆਦਿ ਖਾਣ ਦੀ ਆਦਤ ਵੀ ਮਾਪੇ ਹੀ ਪਾਉਂਦੇ ਹਨ। ਬੱਚੇ ਦੇ ਭਲੇ ਵਾਸਤੇ, ਇਨ੍ਹਾਂ ਚੀਜ਼ਾਂ ਨੂੰ ਖਾਣ ਦੀ ਆਦਤ ਬਦਲਣਾ ਅਤਿਅੰਤ ਜ਼ਰੂਰੀ ਹੈ।

ਤਾਜ਼ੇ ਫਲ-ਸਬਜ਼ੀਆਂ ਆਪ ਵੀ ਖਾਣੇ ਆਰੰਭ ਕਰੋ ਅਤੇ ਬੱਚੇ ਨੂੰ ਵੀ ਦੱਸੋ ਕਿ ਤਾਜ਼ੇ ਫਲ-ਸਬਜ਼ੀਆਂ ਆਦਿ ਖਾਣ ਨਾਲ ਅਤੇ ਇਨ੍ਹਾਂ ਦਾ ਰਸ ਆਪ ਕੱਢ ਕੇ ਲੈਣ ਨਾਲ, ਸਾਡਾ ਸਰੀਰ ਅਰੋਗ ਰਹਿੰਦਾ ਹੈ। ਪਰੰਤੂ ਪੈਸੇ ਦੀ ਕਮੀ ਕਾਰਨ ਹਰ ਪਰਿਵਾਰ ਬੱਚਿਆਂ ਨੂੰ ਫਲ ਨਹੀਂ ਖੁਆ ਸਕਦਾ। ਜਿਹੜੇ ਲੋਕ ਆਪਣੇ ਬੱਚਿਆਂ ਨੂੰ ਫਲਾਂ ਦਾ ਰਸ ਨਹੀਂ ਦੇ ਸਕਦੇ; ਉਹ ਸਬਜ਼ੀਆਂ, ਛੋਲੇ ਜਾਂ ਦਾਲਾਂ ਆਦਿ ਰਿੰਨ੍ਹ ਕੇ, ਉਨ੍ਹਾਂ ਦੇ ਰਸੇ (ਅੰਮ੍ਰਿਤੀ) ਵਿਚ ਥੋੜ੍ਹਾ ਜਿਹਾ ਲੂਣ, ਮਿਰਚ, ਖਟਿਆਈ ਪਾ ਕੇ, ਸਵਾਦੀ ਬਣਾ ਕੇ ਆਪਣੇ ਬੱਚਿਆਂ ਨੂੰ ਦੇ ਸਕਦੇ ਹਨ। ਪਾਪੜੀ ਚਾਟ ਆਦਿ ਦੀ ਥਾਂ ਉੱਤੇ ਅੰਕੁਰਿਤ (ਉੱਗਿਆ ਹੋਇਆ) ਅਨਾਜ ਜਾਂ ਉਬਲੀ ਦਾਲ ਵਿਚ ਕੱਚੀਆਂ ਸਬਜ਼ੀਆਂ, ਖੀਰਾ, ਸ਼ਿਮਲਾ ਮਿਰਚ, ਟਮਾਟਰ, ਲੂਣ, ਮਿਰਚ, ਨਿੰਬੂ ਪਾ ਕੇ ਬੜਾ ਸੁਆਦੀ ਬਣਦਾ ਹੈ ਅਤੇ ਬੱਚੇ ਖੁਸ਼ ਹੋ ਕੇ ਖਾਂਦੇ ਹਨ। ਕੋਕਾ ਕੋਲਾ, ਹਰ ਤਰ੍ਹਾਂ ਦੀ ਸੋਫਟ ਡ੍ਰਿੰਕ ਅਤੇ ਬਜ਼ਾਰੀ ਜੂਸ ਆਦਿ ਦੀ ਥਾਂ ਉੱਤੇ ਨਿੰਬੂ-ਪਾਣੀ (ਸ਼ਕੰਜਵੀ) ਵਰਤਣਾ ਆਰੰਭ ਕਰੋ।

ਆਪਣੇ ਬੱਚੇ ਨੂੰ ਮੋਬਾਈਲ, ਟੀ.ਵੀ. ਆਦਿ ਘੱਟ ਤੋਂ ਘੱਟ ਦੇਖਣ ਦਿਓ, ਇਸ ਨਾਲ ਉਹ ਬਾਜ਼ਾਰੀ ਹਾਨੀਕਾਰਕ ਭੋਜਨਾਂ ਦੇ ਇਸ਼ਤਿਹਾਰਾਂ ਤੋਂ ਬਚਣਗੇ। ਬੱਚਿਆਂ ਦਾ ਇਹੀ ਸਮਾਂ ਰਸੋਈ, ਸਫਾਈ ਆਦਿ ਘਰੋਗੀ ਕੰਮਾਂ ਵਿਚ ਲਵਾਓ। ਬੱਚਿਆਂ ਨੂੰ ਖੇਡਣ ਵਾਸਤੇ ਕੁਝ ਇਸ ਤਰ੍ਹਾਂ ਦੀਆਂ ਚੀਜ਼ਾਂ ਦੇਵੋ, ਜਿਨ੍ਹਾਂ ਨਾਲ ਉਨ੍ਹਾਂ ਦਾ ਦਿਮਾਗ ਤੇਜ਼ ਹੋਵੇ।

ਬੱਚੇ ਨੂੰ ਕਸ਼ਟ ਆਉਣ ਉੱਤੇ ਉਸ ਰੋਗ ਦੀ ਨਵਿਰਤੀ: ਭੋਜਨ ਵਿਚ ਪਰਿਵਰਤਨ ਕਰਕੇ, ਕੁਦਰਤੀ ਚਿਕਿਤਸਾ ਜਾਂ ਜੜੀਆਂ-ਬੂਟੀਆਂ ਰਾਹੀਂ ਕਰੋ। ਤੁਰੰਤ ਡਾਕਟਰ ਕੋਲ ਨਾ ਜਾਓ ਅਤੇ ਨਾ ਹੀ ਦਵਾਈਆਂ ਦੇਣ ਦੇ ਚੱਕਰ ਵਿਚ ਪਓ। ਵਿਕਸਿਤ ਦੇਸ਼ਾਂ ਅਮਰੀਕਾ, ਕੈਨੇਡਾ ਆਦਿ ਵਿਚ ਛੇਤੀ ਕਿਤੇ ਡਾਕਟਰ ਦਵਾਈ ਹੀ ਨਹੀਂ ਦਿੰਦੇ। ਜਿਵੇਂ ਆਪਾਂ ਭੋਜਨ, ਪਹਿਰਾਵਾ, ਬੋਲਚਾਲ ਆਦਿ ਬਹੁਤ ਸਾਰੇ ਕੰਮਾਂ ਵਿਚ ਵਿਕਸਿਤ ਦੇਸ਼ਾਂ ਦੀ ਨਕਲ ਕਰਦੇ ਹਾਂ, ਇਸੇ ਤਰ੍ਹਾਂ ਸਾਨੂੰ ਬੱਚੇ ਨੂੰ ਦਵਾਈ ਨਾ ਦੇਣ ਵਾਲੀ ਪ੍ਰਥਾ ਦੀ ਵੀ ਨਕਲ ਕਰਨੀ ਚਾਹੀਦੀ ਹੈ। ਬੱਚੇ ਦੀ ਉਮਰ ਅਨੁਸਾਰ ਥੋੜ੍ਹਾ-ਥੋੜ੍ਹਾ ਯੋਗ-ਆਸਣ ਅਤੇ ਪ੍ਰਾਣਾਯਾਮ ਸ਼ੁਰੂ ਕਰਾਓ। ਤੁਸੀਂ ਯੋਗਾਸਣ, ਪ੍ਰਾਣਾਯਾਮ ਆਦਿ ਯੂ-ਟਿਊਬ ਉੱਤੇ ਦੇਖ ਕੇ ਸਿੱਖ ਸਕਦੇ ਹੋ। ਬਹੁਤ ਸਾਰੇ ਮੰਦਰਾਂ ਵਿਚ ਵੀ ਯੋਗ ਕੇਂਦਰ ਬਣੇ ਹੋਏ ਹਨ; ਉੱਥੇ ਜਾ ਕੇ ਵੀ ਸਿੱਖ ਸਕਦੇ ਹੋ।

ਆਪਣੇ ਬੱਚਿਆਂ ਨੂੰ ਆਯੂਰਵੇਦ ਅਤੇ ਕੁਦਰਤੀ ਇਲਾਜ ਦੇ ਗੁਣ: ਮਿੱਟੀ ਦਾ ਲੇਪ, ਸਾਦੀਆਂ ਜੜੀਆਂ-ਬੂਟੀਆਂ ਜਿਵੇਂ: ਕਾਲੀ ਮਿਰਚ, ਅਜਵਾਇਣ, ਹਰੜ, ਹਲਦੀ ਆਦਿ ਦੇ ਲਾਭ ਦੱਸੋ। ਬੱਚਿਆਂ ਦੇ ਸਾਹਮਣੇ ਇਨ੍ਹਾਂ ਵਸਤੂਆਂ ਨੂੰ ਆਪ ਵੀ ਵਰਤੋ ਤਾਂ ਕਿ ਬੱਚੇ ਦੇ ਮਨ ਵਿਚ ਇਹ ਬਚਪਨ ਤੋਂ ਹੀ ਬੈਠ ਜਾਏ ਕਿ ਪ੍ਰਾਕ੍ਰਿਤਕ ਚਿਕਿਤਸਾ, ਜੜੀਆਂ-ਬੂਟੀਆਂ, ਸਾਦਾ ਜੀਵਨ, ਯੋਗ-ਆਸਣ, ਪ੍ਰਾਣਾਯਾਮ ਅਤੇ ਆਯੂਰਵੇਦ ਸਰਵੋਤਮ ਹਨ। ਇਨ੍ਹਾਂ ਦਾ ਉਪਯੋਗ ਕਰਨ ਨਾਲ ਮੇਰਾ ਜੀਵਨ ਸੁਖੀ ਚੱਲੇਗਾ ਅਤੇ ਮੈਂ ਅਰੋਗ ਰਹਿ ਸਕਾਂਗਾ। ਉਨ੍ਹਾਂ ਚੀਜ਼ਾਂ ਅਤੇ ਆਦਤਾਂ ਦੇ ਆਪ ਵੀ ਧਾਰਨੀ ਬਣੋ, ਤਾਂ ਕਿ ਤੁਹਾਨੂੰ ਦੇਖ ਕੇ ਬੱਚਾ ਉਨ੍ਹਾਂ ਚੀਜ਼ਾਂ ਨੂੰ ਅਪਣਾਏ। ਅਜਿਹਾ ਕਰਕੇ ਤੁਸੀਂ ਬੱਚੇ ਨੂੰ ਚੰਗੇ ਸੰਸਕਾਰ ਦਿਓਗੇ, ਚੰਗੀਆਂ ਆਦਤਾਂ ਪਾ ਦਿਓਗੇ; ਜਿਹੜੀਆਂ ਪੂਰੀ ਉਮਰ ਉਸ ਦੇ ਲਈ ਲਾਭਦਾਇਕ ਰਹਿਣਗੀਆਂ ਅਤੇ ਜਿਸ ਨਾਲ ਬੱਚਾ ਵੀ ਅਰੋਗ ਰਹੇਗਾ।

# ਵੈਨਕੂਵਰ ਇਲਾਕੇ ਦੀ ਮਾਨਯੋਗ ਸ਼ਖਸੀਅਤ : ਸੁੱਚਾ ਸਿੰਘ ਕਲੇਰ




-ਹਰਦਮ ਸਿੰਘ ਮਾਨ

ਸਪੈਸ਼ਲ ਰਿਪੋਰਟਰ, ਬੀ.ਸੀ., ਕੈਨੇਡਾ

ਫੋਨ: +1 604 308 6663

(Punjab Mail USA)


ਸੁੱਚਾ ਸਿੰਘ ਕਲੇਰ ਵੈਨਕੂਵਰ ਇਲਾਕੇ ਦੀ ਮਾਨਯੋਗ ਬਹੁਪੱਖੀ ਸ਼ਖਸੀਅਤ ਹਨ। ਉਹ ਬਹੁਤ ਹੀ ਨਿਮਰ, ਮਿਲਣਸਾਰ ਅਤੇ ਮਦਦਗਾਰ ਤਬੀਅਤ ਦੇ ਮਾਲਕ ਹਨ। ਕੈਨੇਡਾ ਦੇ ਸਾਹਿਤਿਕ ਹਲਕਿਆਂ ਵਿਚ ਉਹ ਬੜੇ ਸਤਿਕਾਰ ਨਾਲ ਜਾਣੇ ਜਾਂਦੇ ਹਨ। ਬੀ.ਸੀ. ਦੇ ਕਾਰੋਬਾਰੀ ਖੇਤਰ ਵਿਚ ਵੀ ਉਹ ਸਰਗਰਮ ਰਹੇ ਹਨ। ਸਮਾਜ ਸੇਵਾ ਦੇ ਪ੍ਰਬਲ ਜਜ਼ਬੇ ਸਦਕਾ ਪੰਜਾਬੀ ਭਾਈਚਾਰੇ ਲਈ ਉਨ੍ਹਾਂ ਬੇਹੱਦ ਯੋਗਦਾਨ ਪਾਇਆ ਹੈ। ਲੰਮਾ ਸਮਾਂ ਇੰਡੋ ਕੈਨੇਡੀਅਨ ਪੰਜਾਬੀ ਅਖਬਾਰ ਵਿਚ ਆਪਣੇ ਕਾਲਮ ਰਾਹੀਂ ਉਨ੍ਹਾਂ ਪੰਜਾਬੀ ਭਾਈਚਾਰੇ ਦੇ ਮਸਲਿਆਂ, ਲੋੜਾਂ ਅਤੇ ਪ੍ਰਾਪਤੀਆਂ ਨੂੰ ਉਜਾਗਰ ਕਰਨ ਅਤੇ ਵੈਨਕੂਵਰ ਇਲਾਕੇ ਵਿਚ ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਹਿਤ ਬੇਹੱਦ ਘਾਲਣਾ ਕੀਤੀ।

ਸੁੱਚਾ ਸਿੰਘ ਕਲੇਰ ਦਾ ਜਨਮ 8 ਜੁਲਾਈ, 1937 ਨੂੰ ਸਰਦਾਰ ਪਿਆਰਾ ਸਿੰਘ ਕਲੇਰ (ਪਿਤਾ) ਅਤੇ ਸ਼੍ਰੀਮਤੀ ਨਸੀਬ ਕੌਰ ਕਲੇਰ (ਮਾਤਾ) ਦੇ ਘਰ ਪਿੰਡ ਜਗਤਪੁਰ ਜੱਟਾਂ ਜ਼ਿਲ੍ਹਾ ਕਪੂਰਥਲਾ (ਪੰਜਾਬ) ਵਿਚ ਹੋਇਆ। ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰਕੇ ਉਨ੍ਹਾਂ ਨੇ ਰਾਮਗੜ੍ਹੀਆ ਸਕੂਲ ਅਤੇ ਕਾਲਜ ਫਗਵਾੜਾ ਤੋਂ ਆਪਣੀ ਅਗਲੇਰੀ ਵਿੱਦਿਆ ਹਾਸਲ ਕੀਤੀ। ਉਹ ਕੁਝ ਸਮਾਂ ਪਿੰਡ ਦੀ ਕੋਆਪ੍ਰੇਟਿਵ ਬੈਂਕ ਦੇ ਪ੍ਰਧਾਨ ਵੀ ਰਹੇ। 25 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਪ੍ਰਵਾਸ ਵੱਲ ਰੁਖ਼ ਕੀਤਾ ਅਤੇ 1962 ਵਿਚ ਇੰਗਲੈਂਡ ਪਹੁੰਚ ਗਏ। ਉੱਥੇ ਜਾ ਕੇ ਉਨ੍ਹਾਂ ਮਸ਼ੀਨ ਆਪਰੇਟਰ ਦੀ ਜੌਬ ਕੀਤੀ। ਉਹ 1964 ਤੋਂ 1966 ਤੱਕ ਇੰਡੀਅਨ ਵਰਕਰ ਐਸੋਸੀਏਸ਼ਨ ਕਵੈਂਟਰੀ (ਯੂ.ਕੇ.) ਦੇ ਡਾਇਰੈਕਟਰ ਅਤੇ 1967 ਤੋਂ 1969 ਤੱਕ ਜਨਰਲ ਸੈਕਟਰੀ ਰਹੇ।


ਅਕਤੂਬਰ 1969 ਵਿਚ ਉਹ ਕੈਨੇਡਾ ਆ ਗਏ ਅਤੇ ਇੱਥੇ ਆ ਕੇ ਉਨ੍ਹਾਂ ਆਪਣਾ ਬਿਜ਼ਨਸ ਸਥਾਪਿਤ ਕੀਤਾ। ਵੈਨਕੂਵਰ ਵਿਖੇ ਪੰਜਾਬੀ ਮਾਰਕੀਟ ਸਥਾਪਤ ਕਰਨ ਵਿਚ ਉਨ੍ਹਾਂ ਦਾ ਮੋਹਰੀ ਰੋਲ ਰਿਹਾ। ਇਹ ਮਾਰਕੀਟ ਬਣਾਉਣ ਲਈ ਅਤੇ ਇੱਥੇ ਮਾਰਕੀਟ ਦਾ ਸਾਈਨ ਪੰਜਾਬੀ ਵਿਚ ਲਿਖਵਾਉਣ ਲਈ ਉਨ੍ਹਾਂ ਨੂੰ ਕਾਫੀ ਸੰਘਰਸ਼ ਕਰਨਾ ਪਿਆ ਪਰ ਆਪਣੇ ਮਿਸ਼ਨ ਵਿਚ ਸਫਲ ਰਹੇ ਅਤੇ ਭਾਰਤ ਤੋਂ ਬਾਹਰ ਪੰਜਾਬੀ ਵਿਚ ਲਿਖਿਆ ਪਹਿਲਾ ਬੋਰਡ ਉਨ੍ਹਾਂ ਵੈਨਕੂਵਰ ਵਿਚ ਲਗਵਾਇਆ, ਜੋ ਅੱਜ ਵੀ ਉਨ੍ਹਾਂ ਦੀ ਪ੍ਰਾਪਤੀ ਦਾ ਲਿਖਾਇਕ ਹੈ। ਬਾਅਦ ਵਿਚ ਪੰਜਾਬੀ ਮਾਰਕੀਟ ਐਸੋਸੀਏਸ਼ਨ ਲਈ ਖਜ਼ਾਨਚੀ ਅਤੇ ਪ੍ਰਧਾਨ ਦੇ ਅਹੁਦਿਆਂ 'ਤੇ ਵੀ ਉਹ ਬਿਰਾਜਮਾਨ ਰਹੇ। 1991 ਤੋਂ ਲੈ ਕੇ 2015 ਤੱਕ ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਲਈ ਉਨ੍ਹਾਂ ਵੱਲੋਂ ਬਤੌਰ ਖਜ਼ਾਨਚੀ ਨਿਭਾਈਆਂ ਸੇਵਾਵਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਸਮਾਜ ਸੇਵਾ ਵਿਚ ਕਾਰਜ ਕਰਦਿਆਂ ਉਹ ਕੈਨੇਡੀਅਨ ਕੈਂਸਰ ਸੋਸਾਇਟੀ ਦੇ ਡਾਇਰੈਕਟਰ ਵੀ ਰਹੇ। ਇਸ ਤੋਂ ਇਲਾਵਾ ਹੋਲੀ ਫੈਮਿਲੀ ਹੌਸਪੀਟਲ ਵੈਨਕੂਵਰ ਦੇ ਦੋ ਸਾਲ ਡਾਇਰੈਕਟਰ ਰਹੇ ਅਤੇ ਸਾਊਥ ਏਸ਼ੀਅਨ ਐਡਵਾਈਜ਼ਰੀ ਕਮੇਟੀ (ਇੰਸ਼ੋਰੈਂਸ ਕਾਰਪੋਰੇਸ਼ਨ ਬੀ.ਸੀ.) ਲਈ ਦੋ ਸਾਲ ਡਾਇਰੈਕਟਰ ਦੇ ਤੌਰ 'ਤੇ ਕਾਰਜ ਕੀਤਾ। ਉਹ ਸਨਸੈੱਟ ਇੰਡੋ ਕੈਨੇਡੀਅਨ ਸੀਨੀਅਰ ਸੋਸਾਇਟੀ ਵੈਨਕੂਵਰ ਦੇ ਸੱਤ ਸਾਲ ਪ੍ਰਧਾਨ ਵੀ ਰਹੇ ਤੇ ਚਾਰ ਸਾਲ ਡਾਇਰੈਕਟਰ ਰਹੇ। ਉਨ੍ਹਾਂ ਨੇ 10 ਕਿਲੋਮੀਟਰ ਦੀ 'ਸਨ ਰਨ' ਵਿਚ ਵੀ ਭਾਗ ਲਿਆ।



ਆਪਣਾ ਕਾਰੋਬਾਰ ਚਲਾਉਣ ਅਤੇ ਕਮਿਊਨਿਟੀ ਲਈ ਵੱਖ-ਵੱਖ ਸੇਵਾਵਾਂ ਨਿਭਾਉਣ ਦੇ ਨਾਲ-ਨਾਲ ਉਹ ਸਾਹਿਤ ਦੇ ਖੇਤਰ ਵਿਚ ਵੀ ਸਰਗਰਮ ਰਹੇ ਅਤੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਆਪਣੀਆਂ ਪੁਸਤਕਾਂ ਰਾਹੀਂ ਸਾਹਿਤਕ ਯੋਗਦਾਨ ਪਾਇਆ। ਪੰਜਾਬੀ ਵਿਚ ਉਨ੍ਹਾਂ ਦੀਆਂ ਪੰਜ ਪੁਸਤਕਾਂ ਛਪ ਚੁੱਕੀਆਂ ਹਨ, ਜਿਨ੍ਹਾਂ ਵਿਚ 'ਜੱਗ ਬੀਤੀਆਂ', 'ਸਮੇਂ ਦੀ ਪੈੜ', 'ਨਵੀਆਂ ਪੈੜਾਂ ਦੇ ਸਿਰਜਣਹਾਰ', 'ਤੋਰਾ ਫੇਰਾ' ਅਤੇ 'ਪ੍ਰਵਾਸ ਦਰਪਣ' ਸ਼ਾਮਲ ਹਨ ਅਤੇ ਦੋ ਪੁਸਤਕਾਂ ਅੰਗਰੇਜ਼ੀ ਵਿਚ ਵੀ ਪ੍ਰਕਾਸ਼ਿਤ ਹੋਈਆਂ ਹਨ। ਸਮਾਜ ਦੇ ਵੱਖ-ਵੱਖ ਖੇਤਰਾਂ ਵਿਚ ਯੋਗਦਾਨ ਪਾਉਣ ਵਾਲੇ ਸੁੱਚਾ ਸਿੰਘ ਕਲੇਰ ਨੂੰ ਬਹੁਤ ਸਾਰੀਆਂ ਸਭਾਵਾਂ, ਸੰਸਥਾਵਾਂ, ਸੁਸਾਇਟੀਆਂ ਅਤੇ ਅਦਾਰਿਆਂ ਵੱਲੋਂ ਬੇਹੱਦ ਮਾਣ-ਸਨਮਾਨ ਪ੍ਰਦਾਨ ਕੀਤਾ ਜਾ ਚੁੱਕਾ ਹੈ। ਪੰਜਾਬੀ ਮਾਰਕੀਟ ਵੈਨਕੂਵਰ, ਇੰਡੋ-ਕੈਨੇਡੀਅਨ ਕਮਿਊਨਿਟੀ, ਸ਼੍ਰੋਮਣੀ ਸਿੱਖ ਸਰਵਿਸ ਸੁਸਾਇਟੀ ਆਫ ਕੈਨੇਡਾ, ਕੈਨੇਡੀਅਨ ਕੈਂਸਰ ਸੋਸਾਇਟੀ, ਸਨਸਿਟ ਇੰਡੋ ਕੈਨੇਡੀਅਨ ਸੀਨੀਅਰ ਸੋਸਾਇਟੀ ਵੈਨਕੂਵਰ, ਯੂਨੀਵਰਸਿਟੀ ਆਫ ਬੀ.ਸੀ., ਜਨਤਾ ਸੇਵਕ ਸੋਸਾਇਟੀ ਆਫ ਬੀ.ਸੀ., ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ, ਦੇਵ ਹੇਅਰ ਐੱਮ.ਐੱਲ.ਏ. ਸਰੀ, ਇੰਡੋ-ਕੈਨੇਡੀਅਨ ਅਖਬਾਰ (ਬੈਸਟ ਰਿਪੋਰਟਰ ਤੇ ਕਾਲਮ ਨਵੀਸ), ਕੈਨੇਡੀਅਨ ਪੰਜਾਬੀ ਕਲਚਰ ਐਸੋਸੀਏਸ਼ਨ ਆਫ ਬੀ.ਸੀ. (ਗੁਰਦੇਵ ਮਾਨ ਮੈਮੋਰੀਅਲ ਐਵਾਰਡ), ਪੰਜਾਬ ਭਵਨ ਸਰੀ (ਅਰਜਨ ਸਿੰਘ ਬਾਠ ਐਵਾਰਡ) ਅਤੇ ਬੀ.ਸੀ. ਕਲਚਰਲ ਡਾਈਵਰਸਿਟੀ ਐਸੋਸੀਏਸ਼ਨ ਵੱਲੋਂ ਮਿਲੇ ਅਵਾਰਡ ਅਤੇ ਮਾਣ-ਸਨਮਾਨ ਉਨ੍ਹਾਂ ਦੀ ਜ਼ਿੰਦਗੀ ਦਾ ਵੱਡਮੁੱਲਾ ਸਰਮਾਇਆ ਹਨ।

ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ 31 ਮਾਰਚ, 2024 ਨੂੰ ਸਰੀ ਵਿਖੇ ਕਰਵਾਏ ਜਾ ਰਹੇ ਇੱਕ ਵਿਸ਼ੇਸ਼ ਸਮਾਗਮ ਦੌਰਾਨ ਸੁੱਚਾ ਸਿੰਘ ਕਲੇਰ ਨੂੰ ਸਾਹਿਤ ਵਿਚ ਪਾਏ ਯੋਗਦਾਨ ਲਈ ਸਾਲ 2024 ਦੇ 'ਸਰਵੋਤਮ ਸਾਹਿਤਕਾਰ ਅਵਾਰਡ' ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ।

# ਸਾਰਥਕ ਸਿਨਮੇ ਦਾ ਸ਼ਿੰਗਾਰ ਬਣੀ ਰਵਿੰਦਰ ਰਵੀ ਦੀ ਫ਼ਿਲਮ 'ਬੁੱਕਲ ਦੇ ਸੱਪ'





-ਸੁਰਜੀਤ ਜੱਸਲ
98146-07737
(Punjab Mail USA)



ਅੱਜ ਦੇ ਪੰਜਾਬੀ ਸਿਨੇਮੇ 'ਤੇ ਜੇ ਥੋੜੀ ਜਿਹੀ ਗੁੱਝੀ ਝਾਤ ਮਾਰੀਏ, ਤਾਂ ਸਾਡੇ ਪੱਲੇ ਨਿਰਾਸ਼ਾ ਹੀ ਪੈਂਦੀ ਹੈ। ਹਰ ਹਫਤੇ ਦੋ ਤਾਂ ਪੱਕਾ ਹੀ.. ਕਈ ਵਾਰ ਤਿੰਨ-ਤਿੰਨ ਫ਼ਿਲਮਾਂ ਵੀ ਰਿਲੀਜ਼ ਹੋ ਜਾਂਦੀਆਂ ਹਨ ਪਰ ਨਾ ਤਾਂ ਐਨੀਆਂ ਫ਼ਿਲਮਾਂ ਲਈ ਦਰਸ਼ਕ ਹਨ ਤੇ ਨਾ ਹੀ ਇਹ ਉਹ ਫ਼ਿਲਮਾਂ ਹਨ, ਜੋ ਇੱਕ-ਦੋ ਨੂੰ ਛੱਡ ਕੇ ਦਰਸ਼ਕਾਂ ਦੇ ਮਨਾਂ ਨੂੰ ਟੁੰਬਦੀਆਂ ਹੋਣ। ਜਦ ਦਰਸ਼ਕ ਦੋ-ਢਾਈ ਸੌ ਰੁਪਏ ਦੀ ਟਿਕਟ ਅਤੇ ਆਪਣਾ ਕੀਮਤੀ ਸਮਾਂ ਖਰਾਬ ਕਰਕੇ ਸਿਨਮੇ ਘਰਾਂ ਵਿਚੋਂ ਵਾਪਸ ਨਿਕਲਦਾ ਹੈ, ਤਾਂ ਉਸਦੇ ਮੂੰਹ 'ਤੇ ਛਾਈ ਨਿਰਾਸ਼ਾ ਸਾਫ਼ ਵੇਖੀ ਜਾ ਸਕਦੀ ਹੈ। ਉਹ ਆਪਣੇ ਆਪ ਨੂੰ ਠੱਗਿਆ-ਠੱਗਿਆ ਮਹਿਸੂਸ ਕਰਦਾ ਹੈ। ਪਰ ਜਦੋਂ ਤਪਦੇ ਜੇਠ-ਹਾੜ੍ਹ ਵਿਚ ਠੰਡੀ ਹਵਾ ਦੇ ਬੁੱਲ੍ਹੇ ਵਾਂਗ ਕੋਈ ਅਜਿਹੀ ਫਿਲਮ ਆਉਂਦੀ ਹੈ, ਜੋ ਪੰਜਾਬ, ਪੰਜਾਬੀ ਲੋਕਾਂ ਅਤੇ ਪੰਜਾਬੀ ਦੇ ਵਿਰਸੇ ਦੀ ਸਹੀ ਤਰਜ਼ਮਾਨੀ ਕਰਦੀ ਹੈ, ਤਾਂ ਦਰਸ਼ਕ ਵੀ ਉਸ ਨੂੰ ਰੱਜਵਾਂ ਪਿਆਰ ਦਿੰਦੇ ਹਨ। ਅਜਿਹੀ ਹੀ ਇਕ ਫ਼ਿਲਮ ਨਾਵਲਕਾਰ ਜੀਤ ਸਿੰਘ ਸੰਧੂ ਦੇ ਮਸ਼ਹੂਰ ਨਾਵਲ 'ਬੁੱਕਲ ਦੇ ਸੱਪ' ਆਧਾਰਿਤ ਬਣ ਕੇ ਪਿਛਲੇ ਹਫਤੇ ਯੂ-ਟਿਊਬ 'ਤੇ ਰਿਲੀਜ਼ ਹੋਈ ਹੈ। ਇਸ ਫ਼ਿਲਮ ਨੂੰ ਦਰਸ਼ਕਾਂ ਦੇ ਮਿਲੇ ਪਿਆਰ ਨੇ ਸਾਬਤ ਕਰ ਦਿਤਾ ਕਿ ਪੰਜਾਬੀ ਸਾਹਿਤ ਦੀਆਂ ਚੰਗੀਆਂ ਕਹਾਣੀਆਂ ਆਧਾਰਿਤ ਵੀ ਸਫ਼ਲ ਪੰਜਾਬੀ ਸਿਨਮਾ ਸਿਰਜਿਆ ਜਾ ਸਕਦਾ ਹੈ। ਨਾਵਲਕਾਰ ਜੀਤ ਸਿੰਘ ਸੰਧੂ ਹੁਣ ਤੱਕ ਕੋਈ 25 ਦੇ ਕਰੀਬ ਨਾਵਲ ਲਿਖ ਚੁੱਕਿਆ ਹੈ। ਇਸ ਤੋਂ ਪਹਿਲਾਂ ਉਸਦੇ ਨਾਵਲ 'ਤੇਜਾ ਨਗੌਰੀ' 'ਤੇ ਵੀ ਇੱਕ ਸਫ਼ਲ ਵੈੱਬ ਸ਼ੀਰੀਜ ਬਣ ਚੁੱਕੀ ਹੈ ਅਤੇ ਉਸਦੇ ਨਾਵਲ 'ਉਦੋਂ ਤੇ ਹੁਣ', 'ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ' 'ਤੇ ਵੀ ਫਿਲਮਾਂ ਦਾ ਕੰਮ ਚੱਲ ਰਿਹਾ ਹੈ। ਇਸ 'ਬੁੱਕਲ ਦੇ ਸੱਪ' ਨੂੰ ਰਵਿੰਦਰ ਰਵੀ ਨੇ ਡਾਇਰੈਕਟ ਕੀਤਾ ਹੈ। ਰਵਿੰਦਰ ਰਵੀ ਦੀ ਗੱਲ ਕਰੀਏ, ਤਾਂ ਇਹ ਪੰਜਾਬੀ ਸਿਨੇਮਾ ਨਾਲ ਜੁੜੇ ਉਨ੍ਹਾਂ ਸਫ਼ਲ ਨਿਰਦੇਸ਼ਕਾਂ ਵਿਚੋਂ ਇੱਕ ਹੈ, ਜਿਸ ਨੇ ਅਣਖ ਜੱਟਾਂ ਦੀ, ਪ੍ਰਤਿੱਗਿਆ, ਬਦਲਾ ਜੱਟੀ ਦਾ, ਜੱਟ ਜਿਊਣਾ ਮੌੜ, ਟਰੱਕ ਡਰਾਈਵਰ, ਮਿਰਜਾ ਜੱਟ ਅਤੇ ਸਿਕੰਦਰਾ ਵਰਗੀਆਂ ਯਾਦਗਾਰ ਫਿਲਮਾਂ ਦਰਸ਼ਕਾਂ ਦੀ ਝੋਲੀ ਪਾਈਆਂ। ਉਸ ਦੀ ਫਿਲਮ 'ਕੌਮ ਦੇ ਹੀਰੇ' ਭਾਵੇਂ ਇੰਡੀਆ ਵਿਚ ਹੋਮ ਮਨਿਸਟਰੀ ਵੱਲੋਂ ਬੈਨ ਕਰ ਦਿੱਤੀ ਸੀ ਪਰ ਵਿਦੇਸ਼ਾਂ ਵਿਚ ਇਹ ਫਿਲਮ ਸੁਪਰ-ਡੁਪਰ ਹਿੱਟ ਰਹੀ। ਹੁਣ ਜਲਦ ਹੀ 'ਕੌਮ ਦੀ ਹੀਰੇ-2' ਵੀ ਰਿਲੀਜ਼ ਲਈ ਤਿਆਰ ਹੈ। ਫਿਲਮ ਦੀ ਫੋਟੋਗ੍ਰਾਫੀ ਕਰਨ ਅੰਜਾਨ ਨੇ ਕੀਤੀ ਹੈ, ਜੋ ਕਿ ਬਾਕਮਾਲ ਹੈ। ਫਿਲਮ ਦੇ ਮਿਊਜ਼ਿਕ ਦੀ ਗੱਲ ਕਰੀਏ, ਤਾਂ ਇਸਦਾ ਬੈਕਗਰਾਊਂਡ ਮਿਊਜ਼ਿਕ ਫਿਲਮ ਨੂੰ ਚਾਰ ਚੰਨ੍ਹ ਲਾਉਂਦਾ ਹੈ।

'ਬੁੱਕਲ ਦੇ ਸੱਪ' ਦੀ ਕਹਾਣੀ ਪੰਜਾਬ ਦੇ ਪੇਂਡੂ ਕਲਚਰ ਨਾਲ ਜੁੜੀ ਇੱਕ ਅਸਲੋਂ ਸੱਚੀ ਸਮਾਜਿਕ ਗਾਥਾ ਹੈ, ਜੋ ਔਲਾਦ ਦੀ ਪੂਰਤੀ ਲਈ ਦੂਜਾ ਵਿਆਹ ਕਰਵਾ ਕੇ ਪੈਦਾ ਹੋਏ ਹਾਲਾਤਾਂ 'ਤੇ ਆਧਾਰਿਤ ਹੈ। ਮਨੋਰੰਜਨ ਦੇ ਨਾਲ-ਨਾਲ ਸਮਾਜ ਨੂੰ ਇੱਕ ਚੰਗੀ ਸੇਧ ਦਿੰਦੀ ਇਸ ਫਿਲਮ ਦੀ ਕਹਾਣੀ ਰਣਜੀਤ ਅਤੇ ਕੰਵਲ ਦੁਆਲੇ ਘੁੰਮਦੀ ਹੈ। ਖੇਤੀ-ਪੱਤੀ ਕਰਨ ਵਾਲੇ ਰਣਜੀਤ ਦੇ ਵਿਆਹ ਨੂੰ ਜਦ ਚਾਰ-ਪੰਜ ਸਾਲ ਲੰਘ ਜਾਂਦੇ ਹਨ, ਤਾਂ ਉਸਦੇ ਘਰ ਕਿਸੇ ਬੱਚੇ ਦੀ ਕਲਕਾਰੀ ਨਹੀਂ ਗੂੰਜਦੀ। ਸਾਰਾ ਪਿੰਡ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦਾ ਹੈ। ਔਰਤਾਂ ਦੇ ਤਾਹਣੇ-ਮਿਹਣਿਆਂ ਤੋਂ ਤੰਗ ਆਈ ਕੰਵਲ, ਜੀਤ ਨੂੰ ਦੂਜਾ ਵਿਆਹ ਕਰਵਾਉਣ ਨੂੰ ਕਹਿੰਦੀ ਹੈ ਪਰ ਜੀਤ ਉਸ ਦੀ ਗੱਲ ਨੂੰ ਅਣਸੁਣਿਆ ਕਰ ਦਿੰਦਾ ਹੈ। ਅਖੀਰ ਉਸ ਨੂੰ ਕਮਲ ਦੀ ਜਿੱਦ ਮੂਹਰੇ ਝੁਕਣਾ ਪੈਂਦਾ ਹੈ। ਦੂਜੇ ਵਿਆਹ ਦੀ ਪਤਨੀ ਸਮੁੰਦਰੋ ਜਦ ਵਿਹੜੇ ਪੈਰ ਪਾਉਂਦੀ ਹੈ, ਤਾਂ ਘਰ ਵਿਚ ਭੁਚਾਲ ਲਿਆ ਦਿੰਦੀ ਹੈ। ਕੰਵਲ, ਸਮੁੰਦਰੋ ਨੂੰ ਆਪਣੀ ਛੋਟੀ ਭੈਣ ਵਾਂਗ ਸਮਝਦੀ ਹੈ, ਜਦਕਿ ਸਮੁੰਦਰੋ ਹਮੇਸ਼ਾ ਹੀ ਉਸ ਨੂੰ ਘਰ ਦੀ ਗੋਲ੍ਹੀ ਸਮਝ ਕੇ ਮਹਾਰਾਣੀਆਂ ਵਾਂਗ ਹੁਕਮ ਚਲਾਉਂਦੀ ਹੈ। ਕੰਵਲ ਬੜੀ ਸਾਊ ਅਤੇ ਨੇਕ ਦਿਲ ਹੈ, ਜੋ ਘਰ ਦੀਆਂ ਖੁਸ਼ੀਆਂ ਲਈ ਸਭ ਬਰਦਾਸ਼ਤ ਕਰਦੀ ਹੈ। ਫਿਲਮ ਵਿਚ ਵਿਖਾਇਆ ਗਿਆ ਹੈ ਕਿ ਜਿੱਥੇ ਕੰਵਲ ਬੜੀ ਸਾਊ ਅਤੇ ਨੇਕ ਦਿਲ ਔਰਤ ਹੈ, ਉੱਥੇ ਸਮੁੰਦਰੋ ਅੱਤ ਦਰਜੇ ਦੀ ਲੜਾਕੀ ਅਤੇ ਬੰਦਿਆਂ ਵਾਂਗੂੰ ਗਾਲ੍ਹਾਂ ਕੱਢਣ ਵਾਲੀ ਗੁਸੈਲ ਔਰਤ ਹੈ। ਫਿਲਮ ਦੀ ਕਹਾਣੀ ਅਚਾਨਕ ਖਤਰਨਾਕ ਮੋੜ ਲੈਂਦੀ ਹੈ, ਜਦ ਸਮੁੰਦਰੋ ਦਾ ਜੀਜਾ ਬਲੌਰੀ ਜੋ ਵੈਲੀ ਕਿਸਮ ਦਾ ਬੰਦਾ ਹੈ, ਜੀਤ ਦੇ ਘਰ ਵਿਚ ਦਖਲ-ਅੰਦਾਜ਼ੀ ਕਰਦਾ ਹੈ, ਤਾਂ ਘਰ ਦੇ ਹਾਲਾਤ ਵਿਗੜਨ ਲੱਗਦੇ ਹਨ। ਇਕ ਘੰਟਾ ਚਾਲੀ ਮਿੰਟ ਦੀ ਇਹ ਫ਼ਿਲਮ ਜਿੱਥੇ ਔਰਤ ਦੇ ਚੰਗੇ-ਮਾੜੇ ਕਿਰਦਾਰਾਂ ਨੂੰ ਪੇਸ਼ ਕਰਦੀ ਹੈ, ਉੱਥੇ ਇਹ ਵੀ ਵਿਖਾਉਦੀ ਹੈ ਕਿ ਕਿਵੇਂ ਹਾਲਾਤਾਂ ਤੋਂ ਤੰਗ ਆਇਆ ਭਲਾ-ਮਾਨਸ ਇੰਨਸਾਨ ਹਥਿਆਰ ਚੁੱਕਦਾ ਹੈ।

ਇਸ ਫ਼ਿਲਮ ਦੀ ਕਹਾਣੀ ਤੇ ਡਾਇਲਾਗ ਨਾਵਲਕਾਰ ਜੀਤ ਸਿੰਘ ਸੰਧੂ ਨੇ ਲਿਖੇ ਹਨ ਤੇ ਸਕਰੀਨ ਪਲੇਅ ਤੇ ਨਿਰਦੇਸ਼ਨ ਰਵਿੰਦਰ ਰਵੀ ਦਾ ਹੈ। ਫ਼ਿਲਮ ਦੇ ਡਾਇਰੈਕਟਰ ਰਵਿੰਦਰ ਰਵੀ ਨੇ ਦੱਸਿਆ ਕਿ ਇਹ ਫ਼ਿਲਮ ਹੂਬਹੂ ਨਾਵਲ ਦੇ ਹਿੱਸਿਆਂ ਨੂੰ ਪੇਸ਼ ਕਰਦੀ ਹੈ।'ਬੁੱਕਲ ਦੇ ਸੱਪ' ਦਾ ਵਿਸ਼ਾ, ਸੰਵਾਦ ਪੇਸ਼ਕਾਰੀ, ਕਲਾਕਾਰਾਂ ਦੀ ਐਕਟਿੰਗ, ਪਾਤਰ ਉਸਾਰੀ ਬਾ ਕਮਾਲ ਦੀ ਹੈ। ਸਾਰੇ ਪਾਤਰ ਆਪਣੇ ਆਪਣੇ ਕਿਰਦਾਰਾਂ ਵਿਚ ਇੰਨੇ ਫਿੱਟ ਹਨ, ਉਨ੍ਹਾਂ ਦੀ ਜਗ੍ਹਾ ਅਸੀਂ ਕਿਸੇ ਹੋਰ ਐਕਟਰ ਦੀ ਕਲਪਨਾ ਨਹੀਂ ਕਰ ਸਕਦੇ। ਫਿਲਮ ਦੇ ਡਾਇਲਾਗ ਬਿਲਕੁਲ ਦੇਸੀ, ਮਲਵਾਈ ਬੋਲੀ ਵਿਚ ਬੋਲੇ ਗਏ ਹਨ, ਜੋ ਫ਼ਿਲਮ ਲਈ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੇ ਹਨ। ਸਮੁੰਦਰੋ ਦੇ ਕਿਰਦਾਰ ਨੂੰ ਕੁਲਵਿੰਦਰ ਕੌਰ ਨੇ ਬਹੁਤ ਹੀ ਬਖੂਬੀ ਪੇਸ਼ ਕੀਤਾ ਹੈ। ਉਸ ਦੀ ਅਦਾਕਾਰੀ, ਸੰਵਾਦ ਰਚਨਾ ਅਤੇ ਬਾਡੀ ਲੈਂਗੁਏਜ ਵਿਚ ਕਮਾਲ ਦੀ ਕਲਾਕਾਰੀ ਹੈ। ਬਲੌਰੀ ਦੇ ਕਿਰਦਾਰ ਵਿਚ ਨੀਟੂ ਪੰਧੇਰ, ਕਾਮਰੇਡ ਦੇ ਕਿਰਦਾਰ ਵਿਚ ਹੌਬੀ ਧਾਲੀਵਾਲ ਅਤੇ ਸੀਰੀ ਦੇ ਕਿਰਦਾਰ ਵਿਚ ਕੁਲਦੀਪ ਨਿਆਮੀ ਆਪਣਾ ਪੂਰਾ ਪ੍ਰਭਾਵ ਛੱਡਦੇ ਨਜ਼ਰ ਆਏ। ਮੇਨ ਰੋਲ ਦੀ ਗੱਲ ਕਰੀਏ ਤਾਂ ਸੋਨਪ੍ਰੀਤ ਜਵੰਧਾ ਅਤੇ ਜੋਤ ਚਾਹਲ ਫਿਲਮ ਦੀ ਜਿੰਦਜਾਨ ਹਨ। ਫਿਲਮ ਦੀ ਫੋਟੋਗ੍ਰਾਫੀ ਕਰਨ ਅੰਜਾਨ ਨੇ ਕੀਤੀ ਹੈ, ਜੋ ਕਿ ਬਾਕਮਾਲ ਹੈ। ਫਿਲਮ ਦੇ ਮਿਊਜ਼ਿਕ ਦੀ ਗੱਲ ਕਰੀਏ, ਤਾਂ ਇਸਦਾ ਬੈਕਗਰਾਊਂਡ ਮਿਊਜ਼ਿਕ ਫਿਲਮ ਨੂੰ ਚਾਰ ਚੰਨ੍ਹ ਲਾਉਂਦਾ ਹੈ।

ਫਿਲਮ ਵਿਚ ਕੁਝ ਅਜਿਹੇ ਦ੍ਰਿਸ਼ ਵੀ ਹਨ, ਜੋ ਕਿ ਪਰਿਵਾਰ ਵਿਚ ਵੇਖਦਿਆਂ ਇਤਰਾਜ਼ਯੋਗ ਲੱਗਦੇ ਹਨ। ਅਜਿਹੇ ਦ੍ਰਿਸ਼ਾਂ ਬਾਰੇ ਰਵਿੰਦਰ ਰਵੀ ਦਾ ਕਹਿਣਾ ਹੈ ਕਿ ਫਿਲਮ ਦੀ ਕਹਾਣੀ ਦੀ ਮੰਗ ਮੁਤਾਬਕ ਇਹ ਜ਼ਰੂਰੀ ਸੀ, ਤਾਂ ਕਿ ਉਨ੍ਹਾਂ ਕਿਰਦਾਰਾਂ ਨੂੰ ਸਹੀ ਤਰੀਕੇ ਪੇਸ਼ ਕੀਤਾ ਜਾ ਸਕੇ। ਇਸ ਵਿਚ ਅਜਿਹਾ ਕੁਝ ਵੀ ਨਹੀਂ, ਜੋ ਧੱਕੇ ਨਾਲ ਪਰੋਸਿਆ ਗਿਆ ਹੋਵੇ।

ਯੂ ਟਿਊਬ 'ਤੇ ਮਿਲੀ ਇਸ ਫ਼ਿਲਮ ਦੀ ਸਫ਼ਲਤਾ ਨੇ ਇਹ ਦੱਸ ਦਿੱਤਾ ਕਿ ਇੱਕ ਵਧੀਆ ਫ਼ਿਲਮ ਕਰੋੜਾਂ ਰੁਪਏ ਖਰਚ ਕੇ ਵੀ ਨਹੀਂ ਬਣਦੀ, ਇਸ ਲਈ ਇੱਕ ਵਧੀਆ ਕਹਾਣੀ ਅਤੇ ਵਧੀਆ ਨਿਰਦੇਸ਼ਨ ਦਾ ਹੋਣਾ ਵੀ ਜ਼ਰੂਰੀ ਹੈ। ਕਾਸ਼.. ਇਹ ਫ਼ਿਲਮ ਸਿਨਮਾ ਘਰਾਂ ਵਿਚ ਰਿਲੀਜ਼ ਹੋਈ ਹੁੰਦੀ, ਤਾਂ ਸਫ਼ਲਤਾ ਦੇ ਮਾਇਨੇ ਹੀ ਹੋਰ ਹੋਣੇ ਸੀ। ਨਿਰਮਾਤਾ ਸਵਰਨ ਸਿੰਘ ਦੀ ਸੋਚ ਨੂੰ ਵੀ ਸਲਾਮ ਕਰਦੇ ਹਾਂ ਕਿ ਉਨ੍ਹਾਂ ਚਾਲੂ ਕਿਸਮ ਦੇ ਵਿਸ਼ਿਆਂ ਤੋਂ ਪਾਸੇ ਹੋ ਕੇ ਸਾਹਿਤਕ ਰਚਨਾ ਨੂੰ ਫ਼ਿਲਮੀ ਰੂਪ ਦਿੱਤਾ। ਨਿਰਦੇਸ਼ਕ ਰਵਿੰਦਰ ਰਵੀ ਵੀ ਵਧਾਈ ਦਾ ਪਾਤਰ ਹੈ ਤੇ ਉਸ ਤੋਂ ਉਮੀਦ ਹੈ ਕਿ ਉਹ ਵੱਡੀਆਂ ਫਿਲਮਾਂ ਦੇ ਨਾਲ-ਨਾਲ 'ਬੁੱਕਲ ਦੇ ਸੱਪ' ਵਰਗੀਆਂ ਨਿਰੋਲ ਪੰਜਾਬੀ ਸਾਹਿਤ ਨਾਲ ਜੁੜੀਆਂ ਫਿਲਮਾਂ ਵੀ ਬਣਾਉਂਦਾ ਰਹੇਗਾ।

# ਤਿੰਨ ਡਾਇਨਾਂ

## ਕਹਾਣੀ

-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



ਇੱਕ ਸਿਆਸਤ ਨਾਂ ਦੀ ਡਾਇਨ ਹੈ, ਜਿਸਨੂੰ ਕਈ ਰਾਜਨੀਤਿਕ ਡਾਇਨ ਵੀ ਕਹਿ ਦਿੰਦੇ ਨੇ। ਇੱਕ ਜਨਤਾ ਹੈ ਜਿਸਨੂੰ ਭੀੜ ਵੀ ਕਹਿ ਦਿੰਦੇ ਨੇ। ਪਹਿਲਾਂ ਪਹਿਲਾਂ ਸਿਆਸਤ ਡਾਇਨ ਇੱਕਲੀ ਹੀ ਸੀ। ਸਿਆਸਤ 'ਚ ਕੁੱਝ ਕੁ ਨਵੀਆਂ ਡਾਇਨਾਂ ਆ ਗਈਆਂ ਸਨ। ਜਨਤਾ ਵੀ ਬਹੁਤ ਭੋਲੀ ਸੀ। ਜਨਤਾ ਹਰ ਵਾਰ ਸਿਆਸਤ ਦੀਆਂ ਗੱਲਾਂ ਵਿਚ ਆ ਜਾਂਦੀ ਪਰ ਕਹਿੰਦੇ ਜਨਤਾ ਕਹਿਣ ਨੂੰ ਹੌਲੀ-ਹੌਲੀ ਸਿਆਣੀ ਹੋ ਗਈ। ਜਨਸੰਖਿਆ ਬਹੁਤ ਵਧ ਗਈ। ਜਨਤਾ ਬਹੁਤ ਵਧ ਗਈ। ਸਿਆਸਤ 'ਚ ਹੋਰ ਸਿਆਸੀ ਆ ਗਏ। ਪਰ ਸਿਆਸਤ ਚਲਾਕ ਸੀ। ਗਠਜੋੜ ਹੋ ਜਾਂਦੇ। ਹੱਥ ਮਿਲ ਜਾਂਦੇ। ਹਾਥੀ ਹਾਰ ਜਾਂਦੇ, ਚੂਹੇ ਜਿੱਤ ਜਾਂਦੇ। ਜਨਤਾ 'ਚ ਅਚਾਨਕ ਕੁਛ ਬੋਲਣ ਵਾਲਿਆਂ ਤੇ ਸਿਆਸੀ ਡਾਇਨ ਦਾ ਮੁਕਾਬਲਾ ਕਰਨ ਲਈ ਇੱਕ ਦੁੱਕਾ ਬੰਦੇ ਆਉਂਦੇ, ਉਹ ਜਾਂ ਤਾਂ ਸਿਆਸਤ 'ਚ ਮਿਲ ਜਾਂਦੇ ਜਾਂ ਸਰਮਾਇਆ ਨਾ ਹੋਣ ਕਾਰਨ ਖਤਮ ਹੋ ਜਾਂਦੇ। ਹੁਣ ਜਦ-ਜਦ ਵੀ ਕੋਈ ਸਿਆਸੀ ਡਾਇਨ ਖਿਲਾਫ਼ ਬੋਲਦਾ, ਤਾਂ ਸਿਆਸੀ ਡਾਇਨ ਉਸ ਨੂੰ ਕੋਈ ਅਹੁਦਾ ਦੇ ਕੇ ਉਸਦੀ ਜ਼ਮੀਰ ਨੂੰ ਮਾਰ ਦਿੰਦੀ। ਪਰ ਕੁੱਛ ਕੁ ਜਨਤਾ ਦੇ ਬੰਦੇ ਸਿਆਸੀ ਡਾਇਨ ਤੋਂ ਬਚ ਗਏ ਸਨ। ਉਨ੍ਹਾਂ ਨੂੰ ਇਲੈਕਟ੍ਰੋਨਿਕ ਮੀਡੀਆ ਕਿਹਾ ਜਾਂਦਾ ਸੀ। ਪਰ ਸਿਆਸੀ ਡਾਇਨ ਨੇ ਸਿਆਸਤ 'ਤੇ ਸਿਆਸਤ ਖੇਡੀ। ਇਕ ਦਿਨ ਸਿਆਸੀ ਡਾਇਨ ਨੇ ਮੀਡੀਆ ਨੂੰ ਆਪਣੀ ਰਖੇਲ ਬਣਾ ਲਿਆ, ਤਾਂ ਹੁਣ ਸਿਆਸੀ ਤੇ ਮੀਡੀਆ ਡਾਇਨ ਇੱਕਠੇ ਰਹਿਣ ਲੱਗੇ। ਉਨ੍ਹਾਂ ਨੇ ਕਈ ਸਾਲ ਕੱਢੇ। ਇਸ ਦੌਰਾਨ ਜਨਤਾ 'ਚ ਕਈ ਸੱਚ ਪੁੱਤਰ ਪੈਦਾ ਹੋ ਗਏ। ਪਰ ਸਿਆਸੀ ਡਾਇਨ ਨੇ ਆਪਣੇ ਕੜਛੀਆਂ ਚਮਚਿਆਂ ਦੇ ਨਾਂ 'ਤੇ ਚੈਨਲ ਖੋਲ੍ਹ ਦਿੱਤੇ ਤੇ ਉਨ੍ਹਾਂ ਚੈਨਲਾਂ ਵਾਲੀਆਂ ਭੂਤਾਂ ਪ੍ਰੇਤਾਂ ਕੇਵਲ ਸਿਆਸੀ ਡਾਇਨ ਦੇ ਸਪੱਸ਼ਟੀਕਰਨ ਹੀ ਦਿੰਦੀਆਂ। ਹੁਣ ਸਿਆਸੀ ਡਾਇਨਾਂ ਦੇ ਹਰ ਰੋਜ਼ ਦਾ ਖਰਚਾ ਬਹੁਤ ਹੋਣ ਕਾਰਨ ਸਿਆਸੀ ਡਾਇਨ ਤੇ ਮੀਡੀਆ ਡਾਇਨ ਦੀ ਅਰਥ ਵਿਵਸਥਾ ਵਿਗੜ ਗਈ। ਹੁਣ ਸਿਆਸਤ ਤੇ ਮੀਡੀਆ ਦੋਨਾਂ ਨੂੰ ਮਾਇਆ ਦੀ ਜ਼ਰੂਰਤ ਸੀ। ਨਸ਼ੇ ਦਾ ਕਾਰੋਬਾਰ ਵੀ ਸਿਆਸੀ ਡਾਇਨ ਤੇ ਪੁਲਿਸ ਪ੍ਰਸ਼ਾਸਨ ਨੂੰ ਕਰੋੜਾਂ ਰੁਪਇਆ ਬਣਨ ਲੱਗਾ। ਪਰ ਇਸਦਾ ਅਰਥਵਿਵਅਸਥਾ ਨਾਲ ਕੋਈ ਲੈਣ-ਦੇਣ ਨਹੀਂ ਸੀ। ਸਿਆਸੀ ਡਾਇਨ ਨੇ ਆਮ ਜਨਤਾ ਦਾ ਖੂਨ ਚੂਸਣਾ ਸ਼ੁਰੂ ਕਰ ਦਿੱਤਾ। ਇਥੇ ਹੀ ਨਹੀਂ, ਉਸ ਨੇ ਮੀਡੀਆ ਡਾਇਨ ਨਾਲ ਮਿਲ ਕੇ ਵੱਡੀਆਂ-ਵੱਡੀਆਂ ਵਿਦੇਸ਼ੀ ਡਾਇਨਾਂ ਨਾਲ ਹੱਥ ਮਿਲਾਇਆ। ਕਾਰਨ ਕਿਉਂਕਿ ਅਰਥਵਿਵਅਸਥਾ ਡਗਮਗਾ ਰਹੀ ਸੀ। ਵੱਡੇ-ਵੱਡੇ ਫਿਲਮੀ ਹੀਰੋ ਸੁਪਰ ਸਟਾਰ ਸਿਆਸੀ ਡਾਇਨ ਦੀ ਭੇਟ ਚੜ੍ਹੇ। ਸਿਆਸੀ ਡਾਇਨ ਦਾ ਢਿੱਡ ਬਹੁਤ ਵੱਡਾ ਹੋਣ ਕਾਰਨ ਲੋਕਾਂ 'ਤੇ ਟੈਕਸਾਂ ਦਾ ਬੋਝ ਪਾਇਆ। ਪਰ ਮੀਡੀਆ ਡਾਇਨ ਵਿਕਾਊ ਸੀ। ਜਦੋਂ ਵੀ ਮੀਡੀਆ ਡਾਇਨ ਬੋਲਦੀ, ਤਾਂ ਸਿਆਸੀ ਡਾਇਨ ਦੇ ਹੱਕ 'ਚ ਹੀ ਬੋਲਦੀ। ਟੈਕਸਾਂ ਦਾ ਬੋਝ, ਬਿਜਲੀ, ਪਾਣੀ, ਸੀਵਰੇਜ, ਪੈਟਰੋਲ, ਡੀਜਲ, ਸੜਕਾਂ, ਨਵੇਂ-ਨਵੇਂ ਟੈਕਸਾਂ ਦਾ ਬੋਝ ਪਾਅ ਕੇ ਵੀ ਅਰਥਵਿਵਅਸਥਾ ਡਗਮਗਾ ਰਹੀ ਸੀ। ਸਿਆਸੀ ਡਾਇਨ ਨੇ ਆਪਣੀ ਚਲਾਕੀ ਨੂੰ ਫੇਰ ਵਰਤਿਆ ਤੇ ਉਹ ਆਪਣੀ ਰਖੇਲ ਮੀਡੀਆ ਡਾਇਨ ਨੂੰ ਨਾਲ ਲੈ ਕੇ ਕਾਰਪੋਰੇਟ ਨਾਂ ਦੀ ਡਾਇਨ ਕੋਲ ਚਲੀ ਗਈ। ਤਿੰਨੇ ਡਾਇਨਾਂ ਇੱਕ ਹੋ ਗਈਆਂ। ਸਾਰਾ ਲੈਣ-ਦੇਣ ਤਹਿ ਹੋ ਗਿਆ। ਤਿੰਨਾਂ ਡਾਇਨਾਂ ਨੇ ਬੈਠ ਕੇ ਇਹ ਵਿਚਾਰ-ਵਟਾਂਦਰਾ ਕੀਤਾ ਕਿ ਜਨਤਾ ਨੂੰ ਕਿਵੇਂ ਹੌਲੀ-ਹੌਲੀ ਖਾਧਾ ਜਾਵੇ। ਸਿਆਸੀ ਡਾਇਨ ਨੇ ਸਾਰੇ ਖਣਿਜ ਪਦਾਰਥ ਕਾਰਪੋਰੇਟ ਨੂੰ ਵੇਚ ਦਿੱਤੇ ਨੇ। ਸਿਆਸੀ ਡਾਇਨ ਗਰੀਬਾਂ ਦੀਆਂ ਕਲੋਨੀਆਂ ਤੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਕਾਰਪੋਰੇਟ ਡਾਇਨ ਨੂੰ ਖਾਣ ਲਈ ਕਹਿੰਦੀ ਹੈ ਤੇ ਕਾਰਪੋਰੇਟ ਡਾਇਨ ਵੱਡੇ-ਵੱਡੇ ਮਾਲ, ਸ਼ਾਪਿੰਗ ਕੰਪਲੈਕਸ ਬਣਾ ਕੇ ਜਨਤਾ ਦੀਆਂ ਜੇਬਾਂ ਕੱਟਦੇ ਨੇ। ਤੇ ਸਿਆਸੀ ਡਾਇਨ ਮੀਡੀਆ ਡਾਇਨ ਨੂੰ ਟੀ.ਵੀ. 'ਤੇ ਜਨਤਾ ਪੱਖੀ ਬੋਲਣ ਲਈ ਕਹਿੰਦੀ। ਹੁਣ ਅਰਥਵਿਅਸਥਾ ਵੀ ਕਾਗਜ਼ਾਂ 'ਚ ਠੀਕ ਹੋ ਗਈ ਹੈ। ਤਿੰਨੇ ਡਾਇਨਾਂ ਆਪਣੀ ਵਧੀਆ ਜ਼ਿੰਦਗੀ ਕੱਟ ਰਹੀਆਂ ਨੇ।

## 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325




- ਮੰਜ਼ਿਲ 'ਤੇ ਜਾਂਦੇ ਹੋਏ ਅਣਜਾਣੇ ਰਾਹਾਂ ਨਾਲ ਨੈਣ ਮਿਲਾਉਗੇ, ਤਾਂ ਮੰਜ਼ਿਲ ਦਾ ਨਾਰਾਜ਼ ਹੋਣਾ ਤੈਅ ਹੈ ਕਿਉਂਕਿ ਇਹ ਉਸ ਦਾ ਬੁਨਿਆਦੀ ਹੱਕ ਹੈ।
- ਅਕਸਰ ਕਿਹਾ ਜਾਂਦਾ ਹੈ ਕਿ ਫਲਾਣੀ ਗੱਲ ਕੰਧ 'ਤੇ ਲਿਖੇ ਵਾਂਗ ਹੈ ਭਾਵ ਪੂਰਾ ਸੱਚ ਹੈ, ਪਰ ਜੇ ਕਿਸੇ ਨੂੰ ਕੰਧ ਹੀ ਨਹੀਂ ਦਿੱਸਦੀ, ਤਾਂ ਲਿਖਿਆ ਕੀ ਦਿਸੇਗਾ।
- ਦਿਖਾਵਾ ਓਨਾ ਕੁ ਹੀ ਕਰੋ ਜਿੰਨਾ ਕੁ ਲੋਕ ਬਰਦਾਸ਼ਤ ਕਰਨ। ਦੁਪਿਹਰੇ ਦੀਵਾ ਜਗਾ ਕੇ ਬਹਿਣ ਵਾਲੇ ਨੂੰ ਭਗਤ ਨਹੀਂ, ਮੂਰਖ ਕਿਹਾ ਜਾਂਦਾ ਹੈ।
- ਜ਼ਰੂਰੀ ਨਹੀਂ ਕਿ ਸਸਤੀ ਚੀਜ਼ ਮਾੜੀ ਹੀ ਹੋਵੇ। ਵਿਆਹ, ਸ਼ਾਦੀਆਂ 'ਚ ਸ਼ੱਕਰਪਾਰੇ, ਲੱਡੂ ਤੇ ਸ਼ੀਰਨੀ ਸਭ ਤੋਂ ਪਹਿਲਾਂ ਬਣਾਏ ਜਾਂਦੇ ਹਨ ਪਰ ਖਤਮ ਸਭ ਤੋਂ ਬਾਅਦ ਵਿਚ ਹੁੰਦੇ ਹਨ।
- ਪੁਰਾਣੇ ਸਮਿਆਂ ਵਿਚ ਲੋਕ ਸਮਝਦਾਰ ਹੁੰਦੇ ਸਨ। ਘਰ ਦੇ ਬਾਹਰ ਲਾਲ ਰੰਗ ਦੇ ਛਿੱਟੇ ਵੇਖ ਕੇ ਸਮਝ ਜਾਂਦੇ ਸਨ ਕਿ ਇਨ੍ਹਾਂ ਦੇ ਘਰ ਕੋਈ ਮਹਿਮਾਨ ਲਖਨਊ ਜਾਂ ਬਰੇਲੀ ਤੋਂ ਆਇਆ ਹੋਇਆ ਹੈ, ਪਾਨ ਖਾਣ ਵਾਲਾ।
- ਕਿਸੇ ਸ਼ਾਇਰ ਨੇ ਆਪਣੀ ਸ਼ਾਇਰੀ 'ਚ ਕੁੜੀ ਨੂੰ ਕਵਿਤਾ ਵਰਗੀ ਕਿਹਾ ਅਤੇ ਦੂਜੇ ਨੇ ਅੱਗ ਦੇ ਭਾਂਬੜ ਨਾਲ ਤਸ਼ਬੀਹ ਦਿੱਤੀ, ਲਾਈਕ ਦੋਹਾਂ ਨੂੰ ਬਰਾਬਰ ਮਿਲੇ। ਸੋਚੋ ਸੋਚ ਗਲਤ ਸ਼ਾਇਰ ਦੀ ਹੈ ਜਾਂ ਪਸੰਦ ਕਰਨ ਵਾਲਿਆਂ ਦੀ।
- ਅੱਜਕੱਲ੍ਹ ਰਿਸ਼ਤੇ ਪੱਤਿਆਂ ਵਰਗੇ ਹੋ ਗਏ ਹਨ, ਪਹਿਲਾਂ ਹਰੇ, ਫਿਰ ਪੀਲੇ ਤੇ ਫਿਰ ਸੁੱਕੇ।
- ਸਿਆਣੇ ਕਹਿੰਦੇ ਹਨ ਕਿ ਏਨਾ ਨਾ ਬੋਲੋ ਕਿ ਲੋਕ ਤੁਹਾਡੇ ਚੁੱਪ ਕਰਨ ਦੀ ਇੰਤਜ਼ਾਰ ਕਰਨ, ਸਗੋਂ ਓਨੀ ਕੁ ਗੱਲ ਕਰੋ ਕਿ ਲੋਕ ਤੁਹਾਡੇ ਕੋਲੋਂ ਕੁਝ ਹੋਰ ਸੁਣਨਾ ਚਾਹੁਣ।

(Punjab Mail USA)

# ‘ਦਿਲਾਂ ਦੀ ਜੂਹ’

-ਸ਼ਿਵਚਰਨ ਜੱਗੀ ਕੁੱਸਾ
(Punjab Mail USA)

## ਕਾਂਡ ਚਾਰ




ਸਵੇਰੇ ਪਾਠੀ ਬੋਲਦੇ ਨਾਲ਼ ਗਿੰਦਰ ਦੀ ਜਾਗ ਖੁੱਲ੍ਹੀ।

ਰਾਤ ਦਾਰੂ ਜ਼ਿਆਦਾ ਪੀ ਜਾਣ ਕਾਰਨ ਉਸ ਦਾ ਮੂੰਹ ਸੁੱਕ ਰਿਹਾ ਸੀ। ਕਾਲ਼ਜਾ ਘਿਰ ਰਿਹਾ ਸੀ।

ਉਸ ਨੇ ਉਠ ਕੇ ਪਾਣੀ ਪੀਤਾ। ਪਾਣੀਂ ਜਿਵੇਂ ਅੰਦਰ ਮਘਦੇ ਅੰਗਿਆਰਾਂ 'ਤੇ ਡਿੱਗਿਆ ਸੀ। ਉਸ ਅੰਦਰੋਂ ਭੜ੍ਹਾਸ ਨਿਕਲ਼ੀ। ਪਾਣੀਂ ਪੀ ਕੇ ਗਿੰਦਰ ਫ਼ਿਰ ਪੈ ਗਿਆ।

ਉਸ ਦਾ ਸਿਰ ਫ਼ਟ ਰਿਹਾ ਸੀ ਅਤੇ ਸਰੀਰ ਨਿਰਬਲ ਸੀ। ਪਰ ਪਾਣੀਂ ਪੀਣ ਨਾਲ਼ ਉਸ ਦੇ ਅੰਦਰ ਬਲ਼ਦੀ ਅੱਗ ਥੋੜ੍ਹੀ ਸ਼ਾਂਤ ਜ਼ਰੂਰ ਹੋ ਗਈ ਸੀ। ਰਾਤ ਉਸ ਨੇ ਕੀ ਬੋਲਿਆ ਸੀ ਅਤੇ ਕਿਸ ਨਾਲ਼ ਕੀ ਗੱਲ ਕੀਤੀ ਸੀ..? ਉਸ ਨੂੰ ਕੁਝ ਵੀ ਤਾਂ ਯਾਦ ਨਹੀਂ ਸੀ। ਇਹ ਕੁਝ ਸੋਚਦਿਆਂ ਉਸ ਨੂੰ ਫ਼ਿਰ ਪਤਾ ਨਹੀਂ ਕਦੋਂ ਨੀਂਦ ਆ ਗਈ ਸੀ।

ਚੌਂਕੇ ਵਿਚ ਖੜਕਦੇ ਭਾਂਡੇ ਸੁਣ ਕੇ ਉਸ ਦੀ ਅੱਖ ਖੁੱਲ੍ਹੀ, ਤਾਂ ਸ਼ਾਮ ਕੌਰ ਚੌਂਕੇ ਵਿਚ ਚੱਕਣ ਧਰਨ ਕਰ ਰਹੀ ਸੀ।

-"ਜਿੰਦਰ...!"

-"ਹਾਂ ਬੀਜੀ...?"

-"ਆਬਦੇ ਪਿਉ ਨੂੰ ਚਾਹ ਫ਼ੜਾ ਪੁੱਤ..!"

ਜਿੰਦਰ ਨੇ ਆ ਕੇ ਚਾਹ ਫ਼ੜਾਈ ਤਾਂ ਗਿੰਦਰ ਨੇ ਉਸ ਨੂੰ ਗੁੱਝਾ ਪੁੱਛਿਆ।

-"ਰਾਤ ਮੈਂ ਕਿਸੇ ਨੂੰ ਕੁਛ ਬੋਲਿਆ ਤਾਂ ਨੀ, ਪੁੱਤ..?"

-"ਨਹੀਂ ਬਾਪੂ ਜੀ..! ਕਿਸੇ ਨੂੰ ਕੁਛ ਨੀ ਬੋਲੇ..! ਤੁਸੀਂ ਤਾਂ ਰੋਟੀ ਖਾ ਕੇ ਸੌਂ ਗਏ ਸੀ..!" ਜਿੰਦਰ ਦੀ ਆਖੀ ਸੰਖੇਪ ਗੱਲ ਗਿੰਦਰ ਨੂੰ ਸੁਖਾਲ਼ਾ ਕਰ ਗਈ ਅਤੇ ਉਹ ਨਲ਼ਕੇ ਤੋਂ ਮੂੰਹ ਧੋਣ ਚਲਿਆ ਗਿਆ। ਉਸ ਦਾ ਚਿੱਤ "ਘਾਊਂ-ਮਾਊਂ" ਜਿਹਾ ਹੋਈ ਜਾ ਰਿਹਾ ਸੀ।

ਚਾਹ ਪੀ ਕੇ ਉਹ ਖੇਤਾਂ ਨੂੰ ਜੰਗਲ-ਪਾਣੀ ਤੁਰ ਪਿਆ।

ਖੇਤੋਂ ਮੁੜਦੇ ਗਿੰਦਰ ਨੇ ਜਿਗਰੀ ਮਿੱਤਰ ਕੇਹਰੇ ਦਾ ਦਰਵਾਜ਼ਾ ਜਾ ਖੜਕਾਇਆ।

ਕੇਹਰਾ ਗਿੰਦਰ ਦਾ ਪੁਰਾਣਾ ਯਾਰ ਸੀ।

-"ਸੁੱਖ ਐ...?" ਦਰਵਾਜ਼ਾ ਖੋਲ੍ਹ ਕੇ ਕੇਹਰੇ ਨੇ ਪੁੱਛਿਆ।

-"ਪਾਣੀਂ ਦੇ ਮਾਰਿਆਂ ਨੂੰ ਪਾਣੀਂ ਈ ਹਰੇ ਕਰੂ..! ਰਾਤ ਥੋੜੀ ਜੀ ਜ਼ਾਅਦੇ ਈ ਖਿੱਚ ਗਿਆ, ਕੇਹਰਿਆ..! ਦੋ ਪੈੱਗ ਲੁਆ ਕੇ ਕਾਇਮ ਕਰ ਮੇਰਾ ਵੀਰ, ਪਰ ਗੱਲ ਰੱਖੀਂ ਆਪਣੇ ਵਿਚ ਈ..! ਸ਼ਾਮ ਕੁਰ ਨੂੰ ਨਾ ਪਤਾ ਲੱਗ'ਜੇ..! ਨਹੀਂ ਤਾਂ ਧੂਤਕੜਾ ਪਾਊਗੀ..!"

-"ਸਵੇਰੇ ਪੀਣੀਂ ਮਾੜੀ ਐ ਬਾਈ..! ਪੈੱਗ ਤਾਂ ਚਾਹੇ ਚਾਰ ਲਾ ਲੈ..!"

-"ਆਪਾਂ ਕਿਹੜਾ ਨਿੱਤ ਪੀਣੀਂ ਐਂ, ਕੇਹਰਿਆ..? ਰਾਤ ਦੀ ਭੰਨ ਜੀ ਲਾਹੁੰਣੀ ਐਂ..! ਹੋਰ ਪੀ ਕੇ ਮੱਲ ਥੋੜ੍ਹੋ ਬਣਨੈਂ..?"

ਕੇਹਰੇ ਨੇ ਦੇਸੀ ਦੀ ਬੋਤਲ ਲਿਆ ਕੇ ਗਿੰਦਰ ਅੱਗੇ ਰੱਖ ਦਿੱਤੀ।

ਗਿੰਦਰ ਨੇ ਸਹਿਜ ਨਾਲ਼ ਦੋ ਪੈੱਗ ਲਾ ਲਏ। ਘਿਰਦਾ ਦਿਲ ਬਾਘੀਆਂ ਪਾਉਣ ਲੱਗ ਪਿਆ। ਪੌਣ ਰੁਮਕਦੀ ਲੱਗੀ। ਹਵਾ ਦਾ ਬੁੱਲਾ ਲੋਰੀਆਂ ਦਿੰਦਾ ਜਾਪਿਆ ਅਤੇ ਸੂਰਜ ਦੀ ਕਿਰਨ ਸੰਧੂਰੀ ਹੁੰਦੀ ਲੱਗੀ।

-"ਕਿਸੇ ਨੇ ਚੀਜ਼ ਦੇਖ ਕੀ ਬਣਾਈ ਐ..! 'ਕੇਰਾਂ ਤਾਂ ਧਰਨ ਟਿਕਾਣੇਂ ਕਰ ਦਿੰਦੀ ਐ, ਪੱਟ ਹੋਣੀਂ..!" ਉਸ ਨੇ ਇੱਕ ਹੋਰ ਪੈੱਗ ਪਾ ਕੇ ਕਿਹਾ।

-"ਅੱਜ ਵਿਹਲਾ ਈ ਐਂ..?"

-"ਕਾਹਨੂੰ ਵਿਹਲੈਂ..! ਅੱਜ ਆੜ੍ਹਤੀਏ ਦੇ ਜਾਣੈਂ..!"

-"ਫ਼ੇਰ ਹੋਰ ਨਾ ਪੀ...! ਆਉਂਦਾ ਹੋਇਆ ਲਾ ਲਈਂ..! ਤੇਰੀ ਸੰਭਾਲ਼ ਕੇ ਰੱਖ ਦਿੰਨੈਂ..!" ਕੇਹਰੇ ਨੇ ਮੱਤ ਜਿਹੀ ਦਿੱਤੀ।

-"ਚੰਗਾ..!"

-"ਆੜ੍ਹਤੀਏ ਦੇ ਚੱਲਿਐਂ, ਸੁੱਖ ਐ..?"

-"ਤੇਰੇ ਕੋਲ਼ ਕੀ ਲਕੋਅ ਐ, ਕੇਹਰਿਆ..? ਤੇਰੇ ਕੋਲ਼ ਸਾਰੀ ਬੁੱਕਲ਼ ਈ ਖੁੱਲ੍ਹੀ ਐ..! ਆਪਣੀ ਜਿੰਦਰ ਨੂੰ ਆਇਆ ਵਲੈਤੋਂ ਰਿਸ਼ਤਾ..!"

-"ਆਹੋ..! ਉਹ ਤਾਂ ਤੂੰ ਦੱਸਿਆ ਸੀ..!"

-"ਪਾਸਪੋਰਟ ਛੇਤੀ ਹੱਥ ਹੇਠ ਕਰਨੈਂ, ਤੇ ਅਜੰਟ ਛੋਕਰੀ ਦੇਣਾਂ ਪੰਜ ਹਜ਼ਾਰ ਮੰਗਦੈ..!"

-"ਲੈ ਦੇ ਕੇ ਵੀ ਕੰਮ ਸਿਰੇ ਲੱਗ'ਜੇ, ਇਹਦੇ ਨਾਲ਼ ਦੀ ਵੀ ਰੀਸ ਨੀ..! ਧੀ ਧਿਆਣੀਂ ਦਾ ਕੰਮ ਕੱਢ..! ਗਊ ਦਾਨ ਕਰਨ ਜਿੰਨਾਂ ਪੁੰਨ ਲੱਗੂ..!"

-"ਚੱਲਿਐਂ ਅੱਜ..!"

-"ਆਥਣੇਂ ਆ ਕੇ ਚਾਹੇ ਸਾਰੀ ਪੀ ਲਈਂ, ਹੁਣ ਨਾ ਲਾ, ਬਾਈ ਬਣਕੇ..!"

-"ਬੱਸ ਚੱਲਿਐਂ ਮੈਂ..! ਚਿੰਤਾ ਨਾ ਕਰ..!" ਜਾਂਦਾ-ਜਾਂਦਾ ਫ਼ੇਰ ਵੀ ਉਹ ਇੱਕ 'ਲੰਡਾ' ਪੈੱਗ ਅੰਦਰ ਸੁੱਟ ਗਿਆ।

ਹੁਣ ਗਿੰਦਰ ਬਾਹਵਾ ਰੰਗਾਂ 'ਚ ਸੀ।

ਨਸ਼ੇ ਦੇ ਸਰੂਰ 'ਚ ਹੋਇਆ ਉਹ ਹਵਾ ਦੇ ਬੁੱਲਿਆਂ 'ਤੇ ਉਡਦਾ ਘਰ ਆ ਗਿਆ।

-"ਲਿਆ ਲੀੜੇ ਕੱਢ, ਜਾਂਵਾਂ ਮੈਂ..!"

-"ਨ੍ਹਾਅ ਲੈਣਾ ਸੀ...!"

-"ਨ੍ਹਾਉਣ ਨੂੰ ਕੀ ਖਲ਼ ਲੱਗੀ ਐ...?"

-"ਕੱਟੇ ਮਾਂਗੂੰ ਤਾਂ ਡਾਡ ਮਾਰਦੀ ਐ ਤੇਰੇ 'ਚੋਂ...!"

-"ਤੂੰ ਮੈਨੂੰ ਸੁੰਘਣੋਂ ਹਟ ਜਿਆ ਕਰ, ਮੈਂ ਕਿਹੜਾ ਤੀਰਥ 'ਸ਼ਨਾਨ ਕਰਨ ਚੱਲਿਐਂ, ਆੜ੍ਹਤੀਏ ਦੇ ਈ ਜਾਣੈਂ, ਤੂੰ ਲੀੜੇ ਕੱਢ, ਬਾਹਲ਼ੀਆਂ ਬਾਤਾਂ ਨਾ ਪਾਅ..!"

ਸ਼ਾਮ ਕੌਰ ਪੇਟੀ 'ਚੋਂ ਕੱਪੜੇ ਕੱਢਣ ਲੱਗ ਪਈ।

-"ਹੁਣ ਕੰਮ ਕਰ ਕੇ ਈ ਮੁੜੀਂ..!" ਉਹ ਕੱਪੜੇ ਅਤੇ ਪੈਸੇ ਫ਼ੜਾਉਂਦੀ ਹੋਈ ਬੋਲੀ।

-"ਵਹਿਮ ਨਾ ਮੰਨ..! ਕੰਮ ਟੰਚ ਕਰ ਕੇ ਮੁੜੂੰਗਾ..!"

-"ਦੋ ਪਰਾਉਂਠੇ ਲਾਹੇ ਪਏ ਐ, ਦਹੀਂ ਨਾਲ਼ ਖਾ'ਜਾ..! ਦਾਲ਼ ਸਬਜ਼ੀ ਤਾਂ ਅੱਜ ਆਥਣੇਂ ਬਣਾਊਂਗੀ..!"

-"ਕੋਈ ਨਾ ਸਬਜ਼ੀ ਨੂੰ ਕੀ ਐ, ਲਿਆ ਖਾ ਕੇ ਜਾਂਵਾਂ..!"

ਸ਼ਾਮ ਕੌਰ ਥਾਲ਼ੀ 'ਚ ਦਹੀਂ ਅਤੇ ਪਰਾਉਠੇ ਰੱਖ ਲਿਆਈ।

-"ਹੁਣ ਆੜ੍ਹਤੀਏ ਤੋਂ ਬੀਹ ਹਜ਼ਾਰ ਈ ਫ਼ੜ ਲਿਆਈਂ..!" ਉਹ ਥਾਲ਼ੀ ਫ਼ੜਾਉਂਦੀ ਹੋਈ ਬੋਲੀ।

-"ਬੀਹ ਕੀ ਕਰਨੈਂ..? ਐਵੇਂ ਚੱਲ'ਜੂਗਾ..!"

-"ਹੈ ਕਮਲ਼ਾ..! ਪੰਜ ਤਾਂ ਪਾਸਪੋਰਟ ਦਾ ਈ ਦੇਣੈਂ..!"

-"ਆਹੋ...!"

-"ਤੂੰ ਚੰਡੀਗੜ੍ਹ ਵੀ ਜਾਣੈਂ, ਓਥੇ ਖਰਚਾ ਨੀ ਆਊ..? ਚੰਡੀਗੜ੍ਹ ਕਿਹੜਾ ਨੇੜੇ ਤੇੜੇ ਐ? ਰੱਬ ਦੀਆਂ ਜੜ੍ਹਾਂ 'ਚ ਚੰਡੀਗੜ੍ਹ ਦੱਸਦੇ ਐ..!"

-"ਆਹ ਤਾਂ ਮੈਂ ਸੋਚਿਆ ਈ ਨੀ ਸੀ..!"

-"ਤੇ ਫ਼ੇਰ ਜਦੋਂ ਜਿੰਦਰ ਨੂੰ ਜਹਾਜ਼ ਚੜ੍ਹਾਇਆ, ਓਦੋਂ ਫ਼ੇਰ ਕਿਸੇ ਤੋਂ ਮੰਗਣ ਚੜ੍ਹੇਂਗਾ..? ਕੁੜੀ ਨੂੰ ਖਾਲੀ ਹੱਥ ਥੋੜ੍ਹੋ ਜਹਾਜ਼ ਚਾੜ੍ਹ ਦਿਆਂਗੇ..? ਨਾਲ਼ੇ ਦਿੱਲੀ ਜਾਣ ਦਾ ਵੀ ਖਰਚਾ ਹੋਣੈਂ ਕਿ ਨਹੀਂ..? ਦਿੱਲੀ ਜਾਣ ਆਸਤੇ ਵੀ ਕਾਰ ਕਰਾਉਣੀ ਪਊ...!"

-"ਲੈ ਕਿੱਡਾ ਮੇਰੇ ਡਮਾਕ 'ਤੇ ਪੜਦਾ ਪਿਐ..! ਆਹ ਗੱਲਾਂ ਤਾਂ ਮੇਰੇ ਡਮਾਕ 'ਚ ਈ ਹੈਨੀ ਸੀ, ਭਾਗਮਾਨੇ..!"

-"ਅਜੇ ਤੂੰ ਆਬਦੇ ਆਪ ਨੂੰ ਬਿੱਦਮਾਨ ਦੱਸਦੈਂ..!"

-"ਬਿੱਦਵਾਨ ਮੈਂ ਸੁਆਹ ਦਾ ਐਂ..? ਪੀ ਕੇ ਕਿਤੇ ਮੂੰਹੋਂ ਨਿਕਲ਼ ਗਿਆ ਹੋਊ..! ਤੇਰੇ ਬਿਨਾ ਤਾਂ ਮੈਂ ਕੱਖ ਦਾ ਨੀ..! ਏਸੇ ਲਈ ਮੰਤਰੀ ਸਲਾਹਕਾਰ ਰੱਖਦੇ ਐ, ਬਈ ਭੁੱਲੀ ਵਿੱਸਰੀ ਗੱਲ ਯਾਦ ਕਰਵਾਉਂਦਾ ਰਹੂ...!" ਉਹ ਰੋਟੀ ਖਾਂਦਾ ਬੋਲਿਆ।

-"ਉਹ ਅਗਲਿਆਂ ਨੂੰ ਤਨਖਾਹਾਂ ਦਿੰਦੇ ਐ ਥੱਬਿਆਂ ਦੇ ਥੱਬੇ...! ਤੂੰ ਤਾਂ ਸਾਰੀ ਉਮਰ ਮੇਰਾ ਲਹੂ ਈ ਪੀਤੈ...!"

-"ਲਾਣੇਂਦਾਰਨੀਏਂ, ਜਿਹੜਾ ਕੁਛ ਹੁੰਦੈ, ਤੇਰੇ ਹੱਥ 'ਤੇ ਈ ਲਿਆ ਕੇ ਧਰਦੈਂ, ਕਿਉਂ ਬੱਦੂ ਕਰਦੀ ਰਹਿੰਨੀ ਐਂ ਮੈਨੂੰ..?"

-"ਬੱਸ ਬਹੁਤ ਪੀ'ਲੀ, ਹੁਣ ਨੀ ਪੀਣੀਂ..!"

-"ਜਮਾਂ ਈ ਨੀ ਪੀਂਦਾ..! ਨਿੱਤ ਪੀਣ ਨੂੰ ਮੇਰੀ ਟਾਟੇ ਨਾਲ਼ ਪਿੱਠ ਲੱਗਦੀ ਐ..?"

-"ਚਾਹ ਬਣਾਵਾਂ..?"

-"ਨਹੀਂ..! ਹੁਣ ਚਾਹ ਨੀ ਪੀਣੀਂ..! ਅੱਗੇ ਈ ਲੇਟ ਐਂ..!" ਉਹ ਰੋਟੀ ਖਾ ਕੇ ਉਠ ਖੜ੍ਹਿਆ।

-"ਜੇ ਦੇਵੇ ਤਾਂ ਪੱਚੀ ਲਿਆਈਂ, ਨਹੀਂ ਬੀਹ ਹਜ਼ਾਰ ਤਾਂ ਲੈ ਕੇ ਆਈਂ..! ਹਾੜ੍ਹੀ 'ਚੋਂ ਕੱਟ ਲਊਗਾ..!"

-"ਆਖੂੰਗਾ ਤਾਂ ਪੱਚੀ..!"

-"ਆਹੋ...!"

-"ਜਿਹੋ ਜੀ ਗਰਮੀਆਂ ਮੌਕੇ ਮੱਝ ਛੱਪੜ 'ਚੋਂ ਕੱਢ ਲਈ, ਤੇ ਜਿਹੋ ਜਿਆ ਬਾਣੀਏਂ ਦੀ ਜੇਬ 'ਚੋਂ ਪੈਸਾ ਕੱਢ ਲਿਆ, ਇੱਕ ਬਰਾਬਰ ਐ..!"

-"ਓਹਨੇ ਪੁੰਨ ਨੂੰ ਦੇਣੇਂ ਐਂ..? ਸਾਡਾ ਈ ਖ਼ੂਨ ਪੀਂਦੇ ਐ ਜੈ ਖਾਣੇਂ ਦੇ..! ਹਾੜ੍ਹੀ ਸਾਉਣੀਂ ਝੱਗੇ ਲਾਹੁੰਦੇ ਐ..!"

ਗਿੰਦਰ ਚਲਿਆ ਗਿਆ।

ਪਿੰਡ ਦੇ ਅੱਡੇ ਤੋਂ ਉਸ ਨੇ ਬੱਸ ਫ਼ੜ ਲਈ ਅਤੇ ਆੜ੍ਹਤੀਏ ਕੋਲ਼ ਪਹੁੰਚ ਗਿਆ।

ਬੇਵਕਤਾ ਜਿਹਾ ਆਇਆ ਦੇਖ ਕੇ ਆੜ੍ਹਤੀਏ ਦਾ ਮੱਥਾ ਠਣਕਿਆ, ਕੱਚੀ ਤਰੇਲ਼ੀ ਆਈ। ਉਸ ਦਾ ਦਿਮਾਗ ਬੜੀ ਤੇਜ਼ੀ ਨਾਲ਼ ਸੋਚ ਰਿਹਾ ਸੀ ਕਿ ਗਿੰਦਰ ਕਿਸ ਕੰਮ ਆਇਆ ਸੀ...?

-"ਸਾਸਰੀਕਾਲ ਲਾਲਾ ਜੀ..!" ਉਸ ਨੇ ਪਰਨਾ ਮੋਢੇ ਤੋਂ ਲਾਹ ਕੇ ਮੁੜ ਮੋਢੇ 'ਤੇ ਰੱਖ ਲਿਆ।

-"ਸਾਸਰੀਕਾਲ-ਸਾਸਰੀਕਾਲ, ਜੈ ਰਾਮ ਜੀ ਕੀ ਬਈ ਗਿੰਦਰ ਸਿਆਂ...! ਮਾਤਾ ਰਾਣੀਂ ਭਲੀ ਕਰੇ, ਕਿਵੇਂ ਆਉਣੇ ਹੋਏ ਸਵੇਰੇ ਸਵੇਰੇ..?"

-"ਇੱਕ ਜ਼ਰੂਰੀ ਕੰਮ ਆਇਆ ਸੀ, ਸੇਠ ਜੀ..!" ਉਸ ਨੇ ਆਸਾ ਪਾਸਾ ਦੇਖ ਕੇ ਬੜੀ ਧਹੱਮਲ ਨਾਲ਼ ਕਿਹਾ।

-"ਧੰਨਭਾਗ..! ਧੰਨਭਾਗ..!! ਆਓ, ਜੀ ਆਇਆਂ ਨੂੰ..! ਬੈਠ ਕੇ ਦੱਸ..!" ਸੇਠ ਨੇ ਖਲ਼ ਦੀ ਬੋਰੀ ਕੋਲੋਂ ਕੁਰਸੀ ਖਿੱਚ ਕੇ ਅੱਗੇ ਕਰ ਦਿੱਤੀ।

-"ਬੈਠ ਸਰਦਾਰਾ..!"

ਗਿੰਦਰ ਬੈਠ ਗਿਆ।

-"ਜਦੋਂ ਬਾਹਲ਼ੀਆਂ ਕੁਰਸੀਆਂ ਜੀਆਂ ਅੱਗੇ ਕਰੋਂ, ਓਦੋਂ ਖੱਲ ਲਾਹੁੰਣ ਦੀ ਤਿਆਰੀ 'ਚ ਹੁੰਨੇ ਐਂ..! ਬਖ਼ਸ਼ ਈ ਲਈਂ ਮੈਨੂੰ ਸੇਠ ਸਾਹਬ..!"

-"ਮਾਤਾ ਰਾਣੀਂ ਭਲੀ ਕਰੇ ਗਿੰਦਰ ਸਿਆਂ, ਕਿਹੜੀ ਗੱਲ ਕਰ'ਤੀ ਤੂੰ..? ਪੁਸ਼ਤਾਂ ਤੋਂ ਤਾਂ ਆਪਾਂ ਵਰਤਦੇ ਆਉਨੇ ਐਂ..! ਸਹੁੰ ਦੇਵੀ ਦੀ, ਕਦੇ ਨਹੁੰ ਜਿੰਨਾਂ ਫ਼ਰਕ ਕੀਤੈ..?"

-"ਮੈਂ ਕੁਛ ਕਿਹੈ..? ਤੂੰ ਆਬਦਾ ਗਰੜਪੌਂਕ ਸ਼ੁਰੂ ਕਰ'ਤਾ..! ਮੇਰੀ ਗੱਲ ਤਾਂ ਤੂੰ ਸੁਣੀਂ ਨੀ..!"

-"ਤੂੰ ਗੱਲ ਤਾਂ ਕਰ..! ਸਹੁੰ ਲਾਟਾਂ ਆਲ਼ੀ ਦੀ, ਪੂਰੀ ਕਰਨ ਆਲ਼ੀ ਹੋਈ, ਤਾਂ ਜ਼ਰੂਰ ਪੂਰੀ ਕਰੂੰਗਾ..! ਮੇਰੇਆਰ ਪੀੜ੍ਹੀਆਂ ਤੋਂ ਆਪਾਂ ਵਰਤਦੇ ਆਉਨੇ ਐਂ..! ਤੂੰ ਮੂੰਹੋਂ ਫ਼ੁੱਟ, ਚੁੱਪ ਜਿਆ ਰਹਿ ਕੇ ਮੇਰਾ ਬਲੱਡ ਨਾ ਘਟਾਈ ਜਾਹ...!"

-"ਤੇਰੇ ਪੂਰੀ ਕਰਨ ਆਲ਼ੀ ਐ, ਤਾਂਹੀਂ ਤਾਂ ਤੇਰੇ ਕੋਲ਼ ਚੱਲ ਕੇ ਆਇਐਂ, ਸੇਠਾ..!"

-"ਫ਼ੇਰ ਬੋਲ ਕੇ ਵੀ ਦੱਸ...? ਸ਼ਿਵ ਜੀ ਮਹਾਰਾਜ ਵਾਂਗੂੰ ਮੋਨ ਕਿਉਂ ਧਾਰਿਐ..?"

-"ਤੂੰ ਆਬਦੀ ਹਰ ਗੱਲ 'ਚ ਦੇਵੀ-ਦੇਵਤਿਆਂ ਆਲ਼ੇ ਫ਼ਾਨੇਂ ਕਿਉਂ ਠੋਕੀ ਆਉਨੈਂ..?"

-"ਸਹੁੰ ਦੇਵੀ ਮਾਤਾ ਦੀ, ਓਹੀ ਤਾਰਦੇ ਐ, ਗਿੰਦਰ ਸਿਆਂ..! ਓਹੀ ਤਾਰਦੇ ਐ..!! ਤੂੰ ਆਪਣੀ ਗੱਲ ਬੋਲ..? ਮੇਰਾ ਇਮਤਿਹਾਨ ਜਿਆ ਨਾ ਲਈ ਜਾਹ, ਨਹੀਂ ਮੈਨੂੰ ਕੁਛ ਹੋਜੂ, ਫ਼ੇਰ ਨਾ ਕਹੀਂ ਦੱਸਿਆ ਨੀ...!"

-"ਤੂੰ ਐਨਾਂ ਕੂਲ਼ਾ ਵੀ ਹੈਨ੍ਹੀ, ਸੇਠਾ..! ਤੂੰ ਤਾਂ ਸਾਰੇ ਜੱਟਾਂ ਨੂੰ ਮਾਰ ਕੇ ਮਰੇਂਗਾ..!"

-"ਹੁਣ ਤੂੰ ਬਦ-ਦੁਆਵਾਂ ਜੀਆਂ ਈ ਦੇਈ ਜਾਵੇਂਗਾ...? ਕਿ ਕੋਈ ਗੱਲ ਵੀ ਦੱਸੇਂਗਾ..?"

-"ਰੁਪੱਈਆ ਪੱਚੀ ਹਜ਼ਾਰ ਚਾਹੀਦੈ, ਸੇਠਾ..!" ਗਿੰਦਰ ਬੋਲਿਆ।

-"ਲੈ ਕਰ'ਤੀ ਗੱਲ..! ਤੂੰ ਤੀਹ ਲੈ..! ਹੋਰ ਦੱਸ..? ਸਹੁੰ ਗਊ ਮਾਤਾ ਦੀ, ਮੈਂ ਮੁੱਕਰਦੈਂ..?"

-"ਚੱਲ ਤੂੰ ਤੀਹ ਈ ਦੇ-ਦੇ..! ਤੂੰ ਖ਼ੁਸ਼ ਰਹਿ..!"

-"ਕੋਈ ਹੋਰ ਸੇਵਾ ਦੱਸ, ਚਾਹ ਪੀਵੇਂਗਾ..?"

-"ਨਹੀਂ..! ਚਾਹ ਨੀ ਪੀਣੀਂ...! ਪੀਣ ਆਲ਼ੀ ਚੀਜ਼ ਤਾਂ ਤੂੰ ਪੀਂਦਾ ਨੀ..! ਉਹ ਤਾਂ ਥੋਨੂੰ ਦੰਦੀਆਂ ਵੱਢਦੀ ਐਂ..!"

ਸੇਠ ਮੀਸਣਾਂ ਹਾਸਾ ਹੱਸ ਪਿਆ।

-"ਜਦੋਂ ਸਾਡੇ ਭਰਾ ਪੀਂਦੇ ਐ, ਅਸੀਂ ਪਿੱਛੇ ਰਹਿ'ਗੇ..? ਕਿਹੜੀਆਂ ਗੱਲਾਂ ਕਰੀ ਜਾਨੈਂ ਤੂੰ ਗਿੰਦਰ ਸਿਆਂ..?"

-"ਚੱਲ ਲਿਆ, ਕੰਮ ਨਬੇੜ ਆਪਣਾ ਸੇਠਾ..! ਜਾਣੈਂ ਮੈਂ...! ਤੂੰ ਤਾਂ ਵਿਹਲੈਂ ਯੱਕੜ ਮਾਰਨ ਨੂੰ..! ਮੈਨੂੰ ਤੋਰ...!"

-"ਜੋ ਹੁਕਮ ਸਰਦਾਰਾ..! ਜੋ ਹੁਕਮ..!" ਉਸ ਨੇ ਮਾਤਾ ਰਾਣੀ ਦੀ ਫ਼ੋਟੋ ਨੂੰ ਮੱਥਾ ਟੇਕ ਕੇ ਵਹੀ ਚੁੱਕ ਲਈ ਅਤੇ ਕਲਮ ਫ਼ੜ ਲਈ।

-"ਬੇਇਤਬਾਰੀ ਜੀ ਨਾ ਕਰਿਆ ਕਰ ਮੇਰੇਆਰ ਗਿੰਦਰ ਸਿਆਂ..! ਆਪਣਾਂ ਪੀੜ੍ਹੀਆਂ ਤੋਂ ਵਾਹ ਐ..! ਆਪਣੇ ਦਾਦੇ ਪੜਦਾਦੇ ਵਰਤਦੇ ਆਉਂਦੇ ਐ..! ਪੁਰਾਣਾ ਆਪਣਾ ਮਿਲ਼ਵਰਤਣ ਐਂ...! ਆਪਸੀ ਪ੍ਰੇਮ ਐਂ...!" ਉਹ ਵਹੀ ਉਪਰ ਕੁਛ ਲਿਖਦਾ ਮਸ਼ੀਨਗੰਨ ਵਾਂਗ ਬੋਲੀ ਜਾ ਰਿਹਾ ਸੀ।

-"..............।" ਗਿੰਦਰ ਚੁੱਪ ਨਾਲ਼ੋਂ ਹੈਰਾਨ ਜ਼ਿਆਦਾ ਸੀ ਕਿ ਆੜ੍ਹਤੀਏ ਕੋਲ਼ ਆ ਕੇ ਇਤਨਾ ਸੌਖਾ ਅਤੇ ਸਿੱਧੀ ਉਂਗਲ਼ ਨਾਲ਼ ਘਿਉ ਕਿਵੇਂ ਨਿਕਲ਼ ਆਇਆ ਸੀ..? ਇਹ ਪਹਿਲੇ ਬੋਲ ਹੀ ਕਿੱਦਾਂ ਮੰਨ ਗਿਆ ਸੀ..? ਸੌ ਵਿੰਗ-ਵਲ਼ੇਂਵੇਂ ਵਾਲ਼ਾ ਸੇਠ ਅੱਜ ਤੱਕਲ਼ੇ ਵਾਂਗ ਸਿੱਧਾ ਕਿਵੇਂ ਹੋਇਆ ਖੜ੍ਹਾ ਸੀ..? ਗਿੰਦਰ ਨੂੰ ਕੁਝ ਸਮਝ ਨਹੀਂ ਪੈ ਰਹੀ ਸੀ!

-"ਬੋਲ ਤੀਹ ਲਿਖ ਦਿਆਂ..?" ਉਸ ਨੇ ਗਾਂਧੀ ਮਾਰਕਾ ਗੋਲ਼ ਐਨਕ ਉਪਰੋਂ ਦੀ ਚੁਗਲ ਵਾਂਗ ਝਾਕ ਕੇ ਪੁੱਛਿਆ।

-"ਆਹੋ, ਤੀਹ ਲਿਖ'ਦੇ..!"

-"ਤੀਹ ਨਾਲ਼ ਸਰ'ਜੂਗਾ ਨ੍ਹਾਂ..? ਹੁਣ ਦੱਸ ਦੇ ਮੇਰਾ ਵੀਰ..! ਫ਼ੇਰ ਰਾਹਾਂ 'ਚ ਵਾਟ ਕਰਦਾ ਤੁਰਿਆ ਫ਼ਿਰੇਂਗਾ...! ਜੇ ਵੱਧ ਘੱਟ ਕਰਨੇ ਐਂ, ਹੁਣ ਦੱਸ ਦੇ..!"

-"ਸਰ'ਜੂਗਾ ਤੀਹ ਨਾਲ਼...!"

-"ਏ ਆਹ ਲੈ...! ਮਾਰ ਘੁੱਗੀ..!" ਉਸ ਨੇ ਕੁਛ ਲਿਖ ਕੇ ਵਹੀ ਅੱਗੇ ਕਰ ਦਿੱਤੀ।

-"ਘੁੱਗੀ ਮਾਰਨ ਆਲ਼ਾ ਹੁੰਦਾ ਤਾਂ ਕਿਤੇ ਪਟਵਾਰੀ ਨਾ ਬਣਿਆਂ ਬੈਠਾ ਹੁੰਦਾ..? ਮੈਂ ਤਾਂ 'ਗੂਠੇ ਆਲ਼ਾ ਈ ਐਂ, ਸੇਠਾ..! ਚੰਗਾ ਭਲਾ ਤਾਂ ਤੈਨੂੰ ਪਤੈ..! ਕਾਹਨੂੰ ਸਾਡੇ ਨਾਲ਼ ਘਤਿੱਤਾਂ ਖੇਡਦਾ ਹੁੰਨੈਂ..?"

-"ਚੱਲ ਕੋਈ ਨਾ..! 'ਗੂਠਾ ਹੋਵੇ, ਤੇ ਚਾਹੇ ਹੋਣ ਦਸਤਖ਼ਤ, ਇਹ ਤਾਂ ਵਿਹਾਰ ਜਿਆ ਈ ਹੁੰਦੈ, ਸਰਦਾਰਾ..!" ਉਸ ਨੇ ਸਿਆਹੀ ਵਾਲ਼ੀ ਪੈਡ ਗਿੰਦਰ ਅੱਗੇ ਕਰ ਦਿੱਤੀ ਅਤੇ ਗਿੰਦਰ ਨੇ ਵੱਡਾ ਸਾਰਾ ਅੰਗੂਠਾ ਲਬੇੜ ਕੇ ਵਹੀ 'ਤੇ ਛਾਪ ਦਿੱਤਾ।

-"ਠੀਕ ਐ..? ਹੋ ਗਿਆ ਤੇਰਾ ਬਿਹਾਰ ਪੂਰਾ..?"

-"ਠਹਿਰ ਜਾਹ ਮੇਰੇਆਰ..! ਐਨਾਂ ਤੱਤਾ ਨਾ ਵਗਿਆ ਕਰ..! ਰਕਮ ਤਾਂ ਲੈ'ਲਾ..!" ਉਸ ਨੇ ਤਿੰਨ ਗੁੱਟੀਆਂ ਅੱਗੇ ਕਰ ਦਿੱਤੀਆਂ, "ਲੈ..! ਗਿਣ ਲੈ..!"

-"ਚੱਲ ਗਿਣਨ ਨੂੰ ਕੀ ਐ..? ਤੂੰ ਗਿਣੇਂ ਈ ਹੋਣੇਂ ਐਂ..! ਅਸੀਂ ਥੋਡੇ ਮਾਂਗੂੰ ਸ਼ੱਕੀ ਤੋਤੇ ਨੀ, ਬਈ ਗੱਲ-ਗੱਲ 'ਤੇ ਚੜਚੋਲ੍ਹੜ ਪਾਈ ਜਾਂਵਾਂਗੇ..!" ਉਹ ਪੈਸੇ ਅੰਦਰਲੀ ਜੇਬ ਵਿਚ ਪਾਉਂਦਾ ਹੋਇਆ ਬੋਲਿਆ।

-"ਲੇਖਾ ਗਿੰਦਰ ਸਿਆਂ ਮਾਂਵਾਂ ਧੀਆਂ ਦਾ ਹੁੰਦੈ..! ਇੱਕ ਗੱਲ ਮੈਂ ਦੱਸਣ ਤੇਰੇ ਪਿੰਡ ਆਉਣਾ ਸੀ..! ਮਾਤਾ ਰਾਣੀਂ ਨੇ ਸਬੱਬ ਬਣਾ ਦਿੱਤਾ, ਤੂੰ ਆਪ ਈ ਆ ਗਿਆ..!"

-"ਉਹ ਕੀ..?"

-"ਆਪਣੇ ਬਰਖ਼ੁਰਦਾਰ ਨੇ, ਮਤਲਬ ਤੇਰੇ ਭਤੀਜ ਨੇ ਖਾਦ ਤੇ ਕੀੜੇਮਾਰ ਦੁਆਈਆਂ ਦੀ ਦੁਕਾਨ ਖੋਲ੍ਹੀ ਐ, ਆਹ ਨਾਲ਼ ਦਾ ਸ਼ਟਰ ਓਸੇ ਦੀ ਦੁਕਾਨ ਦਾ ਐ, ਆ ਦਿਖਾਵਾਂ..!" ਉਹ ਉਠ ਖੜ੍ਹਿਆ।

-"ਚੱਲ ਦੇਖਣਾ ਕੀ ਐ, ਤੂੰ ਉਂਈਂ ਦੱਸ ਦੇ ਜੋ ਦੱਸਣੈਂ..!"

-"ਹੁਣ ਖਾਦ ਤੇ ਕੀੜੇਮਾਰ ਦੁਆਈਆਂ ਵੀ ਕਿਤੋਂ ਨੀ ਲੈਣੀਆਂ, ਤੇਰੇ ਭਤੀਜ ਦੀ ਦੁਕਾਨ ਤੋਂ ਈ ਆਉਣਗੀਆਂ..!"

-"ਇੱਕ ਬੋਤਲ ਦੇ-ਦੇ..! ਤੇਰੀ ਆਹ ਗੱਲ ਵੀ ਮੰਨੀ..!"

-"ਤੂੰ ਦੋ ਲੈ...! ਗੱਲ ਕਿਹੜੀ ਐ..? ਬਿਗਾਨਿਆਂ ਜਿਆਂ ਆਲ਼ੀ ਗੱਲ ਨਾ ਕਰਿਆ ਕਰ, ਮੇਰੇਆਰ..!"

-"ਦੋ ਨੀ, ਇੱਕ ਈ ਬਾਧੂ ਐ...!"

-"ਭਲਵਾਨ...! ਓਹ ਭਲਵਾਨ..!!"

-"ਜੀ ਸੇਠ ਜੀ..?"

-"ਜਾਹ ਸਰਦਾਰ ਗਿੰਦਰ ਸਿਉਂ ਨਾਲ਼ ਬਿੱਲੂ ਕੇ ਠੇਕੇ 'ਤੇ ਜਾਹ, ਤੇ ਇਨ੍ਹਾਂ ਨੂੰ ਦੋ ਬੋਤਲਾਂ ਲੈ ਕੇ ਦੇ ਆ..! ਬਿੱਲੂ ਨੂੰ ਆਖੀਂ ਘਰ ਜਾਂਦਾ ਹੋਇਆ ਪੈਸੇ ਆਥਣੇਂ ਮੈਥੋਂ ਲੈ ਜਾਵੇ...!"

-"ਠੀਕ ਹੈ ਸੇਠ ਜੀ..!"

-"ਠੀਕ ਐ ਗਿੰਦਰ ਸਿਆਂ..? ਖ਼ੁਸ਼ ਐਂ ਹੁਣ..?"

-"ਪੂਰਾ ਬਾਗੋ ਬਾਗ ਸੇਠਾ..! ਜਿਉਂਦਾ ਰਹਿ..! ਇੱਕ ਗੱਲ ਦੱਸ..?"

-"ਦਸ ਪੁੱਛ...!"

-"ਅੱਜ ਸਾਰੇ ਕੰਮ ਅੱਧ ਬੋਲ ਈ ਕਰੀ ਜਾਨੈਂ, ਕਿਤੇ ਤੂੰ ਤਾਂ ਨੀ ਪੈੱਗ-ਸ਼ੈੱਗ ਲਾਉਣ ਲੱਗ ਪਿਆ..? ਨਹੀਂ ਥੋਡੀ ਜ਼ਾਤ ਤਾਂ ਪੈਸੇ ਦੇਣ ਵਾਰੀ ਮੋਕ ਈ ਬੜੀ ਮਾਰਦੀ ਹੁੰਦੀ ਐ, ਪੈਂਤੀ ਥੋਡੇ ਕੋਲ਼ੇ ਬਹਾਨੇ ਹੁੰਦੇ ਐ, ਸਹੁੰ ਖਾਣ ਲੱਗਿਆਂ ਨੇ ਤੁਸੀਂ ਮਿਲਟ ਨੀ ਲਾਉਣਾ ਹੁੰਦਾ..!"

-"ਦੇਖ ਕਿੰਨਾਂ ਟਿੱਚਰੀ ਐ..! ਸਹੁੰ ਲਾਟਾਂ ਆਲ਼ੀ ਦੀ, ਮਛਕਰੀਆਂ ਕਰਨੀਆਂ ਤੈਨੂੰ ਬਥੇਰੀਆਂ ਆਉਂਦੀਐਂ..!"

ਸੇਠ ਗੱਲ ਟਾਲਣ ਲਈ ਖਚਰਾ ਜਿਹਾ ਹੱਸ ਪਿਆ।

ਗਿੰਦਰ ਉਠ ਕੇ ਤੁਰ ਪਿਆ। ਪਹਿਲੇ ਬੋਲ ਨਾਲ਼ ਹੀ ਤੀਹ ਹਜ਼ਾਰ ਰੁਪਈਆ ਮਿਲਣ 'ਤੇ ਉਹ ਸੁਖ਼ਾਲ਼ਾ ਜਿਹਾ ਹੋ ਗਿਆ ਸੀ। ਇੱਕ ਤਰ੍ਹਾਂ ਨਾਲ਼ ਬੋਝ ਮੁਕਤ!

ਗਿੰਦਰ ਦੇ ਜਾਣ ਤੋਂ ਬਾਅਦ ਸੇਠ ਦਾ ਵੱਡਾ ਮੁੰਡਾ ਸੜਦਾ-ਕੁੜ੍ਹਦਾ ਅੰਦਰੋਂ ਨਿਕਲ਼ ਕੇ ਪਿਉ ਨੂੰ ਪੈ ਗਿਆ।

-"ਤੁਸੀਂ ਜੱਟਾਂ ਨੂੰ ਦਾਰੂ ਪਿਆ-ਪਿਆ ਕੇ ਵਿਗਾੜ ਲੈਨੈਂ..! ਇਹ ਕੌਮ ਪੈਲ਼ੀ ਦੀ ਵੱਟ ਪਿੱਛੇ ਭਰਾ ਮਾਰ ਦਿੰਦੀ ਐ, ਥੋਡੀ ਕਿੱਥੋਂ ਬਣੂੰ..? ਜੱਟ ਭਰਾ ਮਾਰ ਕੇ ਲੱਖ ਰੁਪਈਆ ਮੁਕੱਦਮੇਂ 'ਤੇ ਲਾ ਦਿਊ, ਪਰ ਸਕੇ ਭਰਾ ਨੂੰ ਜ਼ਮੀਨ ਦਾ ਇੱਕ ਓਰਾ ਨੀ ਛੱਡਦਾ..!" ਉਸ ਨੇ ਨਾਸਾਂ 'ਚੋਂ ਕਰੋਧ ਦਾ ਲਾਂਬੂ ਛੱਡਿਆ। ਉਹ ਕੋਹੜ ਕਿਰਲ਼ੇ ਵਾਂਗ ਧੌਣ ਅਕੜਾ ਕੇ ਆਇਆ ਸੀ।

-"ਇਨ੍ਹਾਂ ਵਿਗੜੇ-ਤਿਗੜੇ ਜੱਟਾਂ ਨੂੰ ਕੋਈ ਹੋਰ ਕੀ ਵਿਗਾੜ ਦਿਊ..? ਅਰਾਮ ਨਾਲ਼ ਗੱਲ ਕਰੋ ਬੇਟਾ ਜੀ..!"

-"ਕੀ ਲੋੜ ਸੀ ਦੋ ਬੋਤਲਾਂ ਲੈ ਕੇ ਦੇਣ ਦੀ..? ਤੁਸੀਂ ਤਾਂ ਘਰ ਨੂੰ ਲਾਈ ਜਾਨੇ ਐਂ ਉਡਦੂ..!"

ਸੇਠ ਉਚੀ-ਉਚੀ ਹੱਸ ਪਿਆ।

-"ਉਰ੍ਹੇ ਆ..! ਆਹ ਦੇਖ...! ਕਮਲਾ ਕਿਸੇ ਥਾਂ ਦਾ..!"

ਉਸ ਨੇ ਵਹੀ ਖੋਲ੍ਹ ਕੇ ਪੁੱਤ ਦੇ ਅੱਗੇ ਕਰ ਦਿੱਤੀ।

-"ਅੱਠ ਰੁਪਈਏ ਵਿਆਜ 'ਤੇ ਤੀਹ ਹਜ਼ਾਰ ਦਿੱਤੈ, ਤੇ ਜੇ ਨਾ ਦਿਊ, ਕਿੱਲਾ ਗਹਿਣੇਂ ਕਰਨ ਦਾ ਵੇਰਵਾ ਵੀ ਵਿਚ ਪਾ ਲਿਆ..! ਜੱਟ ਭੱਜੂ ਕਿੱਥੇ..? ਦੋ ਬੋਤਲਾਂ ਦੇ ਤਾਂ ਆਪਾਂ ਕੀੜੇ ਮਾਰ ਦੁਆਈਆਂ 'ਚੋਂ ਈ ਕੱਢ ਲੈਣੇ ਐਂ..! ਸਿਆਣੇ ਕਹਿੰਦੇ ਐ, ਰੋਟੀ ਖਾਈਏ ਸ਼ੱਕਰ ਨਾਲ਼, ਤੇ ਦੁਨੀਆਂ ਲੁੱਟੀਏ ਮੱਕਰ ਨਾਲ਼..! ਮੈਂ ਤਾਂ ਗਿੰਦਰ ਵਰਗਿਆਂ ਨੂੰ ਖਾ ਕੇ ਡਕਾਰ ਨਾ ਮਾਰਾਂ, ਤੂੰ ਗੱਲਾਂ ਕਿਹੜੀਆਂ ਕਰਦੈਂ, ਬੇਟਾ..? ਮੈਂ ਆਪਣਾ ਘਰ ਥੋੜ੍ਹੋ ਤਬਾਹ ਕਰੂੰਗਾ..? ਮੈਨੂੰ ਆਪਦੀ ਕਬੀਲਦਾਰੀ, ਆਬਦੇ ਘਰ ਦਾ ਫ਼ਿਕਰ ਐ, ਮੈਂ ਆਬਦੇ ਘਰ ਨੂੰ ਤੰਗਲ਼ੀ ਥੋੜ੍ਹੋ ਲਾਊਂਗਾ..? ਦੂਜੀ ਗੱਲ ਪਤਾ ਕੀ ਐ..?"

-"..........।" ਮੁੰਡਾ ਚੁੱਪ ਸੀ।

-"ਗਿੰਦਰ ਦੀ ਕੁੜੀ ਦਾ ਰਿਸ਼ਤਾ ਹੋਇਆ ਇੰਗਲੈਂਡ..! ਕੁੜੀ ਮਹੀਨੇ ਖੰਡ 'ਚ ਇੰਗਲੈਂਡ ਚਲੀ ਜਾਊਗੀ, ਤੇ ਗਿੰਦਰ ਅਰਗੇ ਨੇ ਮਾਇਆ 'ਚ ਖੇਡਣ ਲੱਗ ਜਾਣੈਂ..! ਜੱਟ ਨਾ ਤਾਂ ਖੋਰ ਗੁਆਉਂਦੈ, ਤੇ ਨਾ ਈ ਕਿਸੇ ਦਾ ਕੀਤਾ ਗੁਣ ਭੁਲਾਉਂਦਾ ਹੁੰਦੈ ਬੇਟਾ..! ਇਹਦਾ ਖੋਰ ਵੀ ਭੈੜ੍ਹਾ, ਤੇ ਇਹਦੇ ਨਾਲ਼ ਕਿਸੇ ਨੇ ਗੁਣ ਕੀਤਾ ਹੋਵੇ ਤਾਂ ਕੰਮ ਵੀ ਬਥੇਰਾ ਆਉਂਦੈ..! ਤੂੰ ਅਜੇ ਨਿਆਣੈਂ...! ਤੈਨੂੰ ਅਜੇ ਬਾਣੀਆਂ ਦੀ ਅੰਦਰੂਨੀ ਤਕਨੀਕ ਦੀ ਸਮਝ ਹੈਨ੍ਹੀ..! ਜਿਸ ਦਿਨ ਸਮਝ ਪੈਗੀ, ਤੂੰ ਮੇਰੇ ਪੈਰ ਧੋ-ਧੋ ਪੀਆ ਕਰੇਂਗਾ, ਬਈ ਮੇਰੇ ਬਾਬੂ ਜੀ ਕਿੰਨੇ ਸਿਆਣੇ, ਕਿੰਨੇ ਦੂਰ-ਦ੍ਰਿਸ਼ਟੀ ਵਾਲ਼ੇ ਸੀ..! ਜੋ ਵੀ ਮੈਂ ਕਰਦੈਂ, ਮੇਰੀ ਹਰ ਗੱਲ ਖਾਨੇਂ 'ਚ ਪਾਉਣ ਦੀ ਕੋਸ਼ਿਸ਼ ਕਰਿਆ ਕਰ, ਬਹੁਤ ਕੁਛ ਪੱਲੇ ਪਊ ਤੇਰੇ, ਬਹੁਤ ਕੁਛ ਸਿੱਖਣ ਨੂੰ ਮਿਲੂ..! ਭੜ੍ਹਕ ਕੇ ਲੜਨਾ ਕੰਮ ਜੱਟ-ਬੂਟਾਂ ਦਾ ਹੁੰਦੈ, ਬਾਣੀਆਂ ਜ਼ਾਤ ਤਾਂ ਆਪਣੀ ਜ਼ੁਬਾਨ ਦਾ ਖੱਟਿਆ ਖਾਂਦੀ ਐ ਬੇਟਾ..! ਅੱਗੇ ਤੋਂ ਹਰ ਗੱਲ ਨੂੰ ਫ਼ਿਲਾਸਫ਼ਰਾਂ ਵਾਂਗ ਘੋਖਿਆ ਕਰ, ਤੇ ਫ਼ੇਰ ਦਿਮਾਗ 'ਚ ਘੋਟਿਆ ਕਰ, ਫ਼ੇਰ ਦੇਖ ਕੀ ਨਤੀਜੇ ਨਿਕਲ਼ਦੇ ਐ, ਜ਼ਿੰਦਗੀ 'ਚ ਕਦੇ ਮਾਰ ਨੀ ਖਾਵੇਂਗਾ..! ਸਿਆਣੇਂ ਦਾ ਕਿਹਾ, ਤੇ ਔਲ਼ੇ ਦਾ ਖਾਧਾ ਬਾਅਦ 'ਚ ਨਤੀਜਾ ਦਿੰਦੇ ਐ..! ਮਿੱਠਾ ਹੋ ਕੇ ਜੱਟ ਨੂੰ ਚਾਹੇ ਗੱਡੇ ਮੂਹਰੇ ਜੋੜ ਲੈ, ਤੇ ਜੇ ਕਹੇਂ ਲੜ ਕੇ, ਜਾਂ ਧੌਂਸ ਨਾਲ਼ ਕੋਈ ਕੰਮ ਲੈ ਲਵੇਂਗਾ, ਕਦਾਚਿੱਤ ਨੀ..! ਲੜਨ ਨਾਲ਼, ਜਾਂ ਰੋਅਬ ਨਾਲ਼ ਜੱਟ ਕਦੇ ਪੰਜਾਲ਼ੀ ਹੇਠ ਨੀ ਆਉਂਦਾ, ਸਗੋਂ ਭੂਸਰੇ ਬਲ਼ਦ ਵਾਂਗੂੰ ਢੁੱਡ ਮਾਰਨ ਆਊ, ਓਥੇ ਜੱਟ ਨਫ਼ੇ ਨੁਕਸਾਨ ਬਾਰੇ ਨੀ ਸੋਚਦਾ..! ਮਿੱਠਤ ਨਾਲ਼ ਇਨ੍ਹਾਂ ਨੂੰ ਚਾਹੇ ਪੀੜ੍ਹੀ ਦਰ ਪੀੜ੍ਹੀ ਠੱਗੀ ਚੱਲ, ਤੇ ਜੇ ਕਹੇਂਗਾ ਰੋਅਬ ਨਾਲ਼..? ਰੋਅਬ ਨਾਲ਼ ਇਹ ਚੂੰਢੀ ਨੀ ਵਢਾਉਂਦੇ ਮੰਨੋਂ ਦੇ ਜਾਣੇ..! ਤੇਰੇ ਕਹਿਣ ਵਾਂਗੂੰ, ਜਿਹੜੇ ਆਬਦੇ ਸਕੇ ਭਰਾ ਦੇ ਨੀ, ਤੇਰੇ ਕਿੱਥੋਂ ਬਣ ਜਾਣਗੇ..? ਸਵੇਰੇ ਉਠ ਕੇ ਠੰਢਾ ਪਾਣੀ ਪੀਆ ਕਰ, ਸਾਰੀ ਦਿਹਾੜੀ ਦਿਮਾਗ ਸ਼ਾਂਤ ਰਹਿੰਦੈ..! ਜਾਹ ਜਾ ਕੇ ਗਿਆਰਾਂ ਵਾਰੀ 'ਰਾਧੇ-ਰਾਧੇ' ਦਾ ਜਾਪ ਕਰ ਕੇ ਆ..!"

ਮੁੰਡੇ ਦੀ ਤਸੱਲੀ ਹੋ ਗਈ।

ਉਹ ਦੰਦੀਆਂ ਜਿਹੀਆਂ ਕੱਢ ਕੇ ਅੰਦਰ ਨੂੰ ਤੁਰ ਗਿਆ।

-"ਬਿਨਾਂ ਪਾਣੀਓਂ ਮੌਜੇ ਨੀ ਲਾਹੀਦੇ, ਬੇਟਾ..! ਮੈਂ ਤੇਰਾ ਬਾਪ ਹਾਂ, ਕੋਈ ਦੁਸ਼ਮਣ ਨਹੀਂ..! ਤੂੰ ਜਿੰਨਾਂ ਮਰਜ਼ੀ ਪੜ੍ਹ-ਲਿਖ ਗਿਐਂ, ਪਰ ਪਿਉ-ਦਾਦੇ ਜਿੰਨਾਂ ਦਿਮਾਗੀ ਨੀ ਹੋ ਸਕਦਾ..! ਸਕੂਲੀ ਪੜ੍ਹਾਈ ਬਾਣੀਆਂ ਜ਼ਾਤ ਨੂੰ ਕਦੇ ਵਫ਼ਾ ਨੀ ਕਰੂ..! ਜਦੋਂ ਕਾਮਯਾਬ ਕਰੂ, ਬਾਣੀਏਂ ਨੂੰ ਆਪਣੇ ਪਿਉ-ਦਾਦੇ ਦੀ 'ਮਹਾਜਨ-ਨੀਤੀ' ਕਾਮਯਾਬ ਕਰੂ..! ਆਪਾਂ ਨੂੰ ਲੋਕ 'ਮਹਾਂ-ਜਨ' ਐਵੇਂ ਨੀ ਕਹਿੰਦੇ, ਆਪਾਂ ਦਿਮਾਗੀ ਤੌਰ 'ਤੇ ਮਹਾਂ-ਜਨ ਆਂ...! ਸਮਝੇ ਬੇਟਾ...?"

-"..................।" ਮੁੰਡਾ ਕੱਛੂਕੁੰਮੇਂ ਵਾਂਗ ਸਿਰੀ ਜਿਹੀ ਲਕੋ ਕੇ ਮੁੜ ਅੰਦਰ ਜਾ ਵੜਿਆ।

-ਚੱਲਦਾ

## ਚੋਣ ਤਮਾਸ਼ਾ

ਹੋਵੇ-ਗਾ ਹੁਣ ਹੋਣ ਤਮਾਸ਼ਾ, ਚੋਣ ਤਮਾਸ਼ਾ।
ਚੋਣ ਤਮਾਸ਼ਾ ਹੋਵੇ-ਗਾ, ਬਈ ਚੋਣ ਤਮਾਸ਼ਾ।
ਵੋਟਰ ਅਪਣੀ ਹੋਣੀ ਉੱਤੇ,
ਪਹਿਲਾਂ ਵਾਂਙੂੰ ਰੋਵੇ-ਗਾ, ਬਈ ਚੋਣ ਤਮਾਸ਼ਾ।
ਚੋਣ ਤਮਾਸ਼ਾ ਹੋਵੇ-ਗਾ, ਬਈ ਚੋਣ ਤਮਾਸ਼ਾ।
ਚੋਣ ਤਮਾਸ਼ਾ ਹੋਵੇ-ਗਾ, ਬਈ ਚੋਣ ਤਮਾਸ਼ਾ।

ਰੰਗ ਬਰੰਗੇ ਆਗੂ ਆਉਣੇ,
ਉਹਨਾਂ ਮਿੱਠੇ ਲਾਰੇ ਲਾਉਣੇ,
ਤਰਲੇ ਕਰ ਕੇ ਲੋਕ ਲੁਭਾਉਣੇ,
ਵੋਟਾਂ ਦਾ ਦੁੱਧ ਚੋਵੇ-ਗਾ, ਬਈ ਚੋਣ ਤਮਾਸ਼ਾ।
ਚੋਣ ਤਮਾਸ਼ਾ ਹੋਵੇ-ਗਾ, ਬਈ ਚੋਣ ਤਮਾਸ਼ਾ।

ਆਗੂ ਦੇ ਸੰਗ ਹੋਣ ਜਮੂਰੇ,
ਜਿੱਦਾਂ ਕੁੱਤੀ ਮਗਰ ਕਤੂਰੇ,
ਹੋਣੇ ਟੁੰਨ ਨਸ਼ੇ ਵਿਚ ਪੂਰੇ,
ਨੀਵੀਂ ਧੌਣ ਖਲੋਵੇ-ਗਾ, ਬਈ ਚੋਣ ਤਮਾਸ਼ਾ।
ਚੋਣ ਤਮਾਸ਼ਾ ਹੋਵੇ-ਗਾ, ਬਈ ਚੋਣ ਤਮਾਸ਼ਾ।

ਦਰਸ਼ਕ ਹੋਣੇ ਜੱਗੂ ਭਾਗੂ,
ਸੁੱਤੀ ਜਨਤਾ ਕਿੱਥੇ ਜਾਗੂ,
ਵੇਖ ਲਿਆ ਜੇ ਚਾਤਰ ਆਗੂ,
ਫੰਡਰ ਢਾਂਡੀ ਚੋਵੇ-ਗਾ, ਬਈ ਚੋਣ ਤਮਾਸ਼ਾ।
ਚੋਣ ਤਮਾਸ਼ਾ ਹੋਵੇ-ਗਾ, ਬਈ ਚੋਣ ਤਮਾਸ਼ਾ।

ਲਾਉਣੇ ਹੈਨ ਨਸ਼ੇ ਦੇ ਲੰਗਰ,
ਸਮਝਣਗੇ ਵੋਟਰ ਨੂੰ ਡੰਗਰ,
ਹੋਣੈ ਸਾਰਾ ਕੁਝ ਛਿਣ ਭੰਗਰ,
'ਸੂਫ਼ੀ' 'ਨ੍ਹੇਰਾ ਢੋਵੇ-ਗਾ, ਬਈ ਚੋਣ ਤਮਾਸ਼ਾ।
ਚੋਣ ਤਮਾਸ਼ਾ ਹੋਵੇ-ਗਾ, ਬਈ ਚੋਣ ਤਮਾਸ਼ਾ।

**ਅਮਰ 'ਸੂਫ਼ੀ'**
+91-98555-43660
(Punjab Mail USA)



## ਕਨੇਡਾ

ਖੁੱਲਾ ਡੁੱਲਾ ਖਾਲੀ ਖਾਲੀ ਲੱਗੇ ਕਨੇਡਾ,
ਜਿਵੇਂ ਹੁੰਦਾ ਰੋਹੀ ਬੀਆਬਾਨ ਯਾਰੋ!

ਪੰਜਾਬੀਆਂ ਨੇ ਜਾਕੇ ਇੱਥੇ ਬੜੀ ਮਿਹਨਤ ਕੀਤੀ,
ਤਾਹੀਂ ਕਹਿੰਦੇ ਨੇ ਇਹ ਕੌਮ ਬਲਵਾਨ ਯਾਰੋ!

ਔਖੇ ਤੋਂ ਔਖੇ ਕੰਮ ਨੂੰ ਇਹ ਹੱਥ ਪਾਉਂਦੇ,
ਪੂਰੀ ਵਰਤ ਕੇ ਆਪਣੀ ਜਾਨ ਯਾਰੋ!

ਹਰੇਕ ਕੰਮ ਨੂੰ ਜੌਬ ਕਹਿਕੇ ਜਾਣ ਭੱਜੇ,
ਸਰੀਰ ਦਾ ਰੱਖਦੇ ਨਾ ਕਦੇ ਧਿਆਨ ਯਾਰੋ!

ਹੁਣ ਵਿਚ ਸਰਕਾਰ ਦੇ ਲੱਗੇ ਬਣਨ ਮੈਂਬਰ,
ਬਣ ਗਏ ਬੰਦੇ ਕਈ ਮਹਾਨ ਯਾਰੋ!

ਵਧੀਆ ਪੌਣ ਪਾਣੀ ਖਾਣ ਪੀਣ ਸ਼ੁੱਧ ਮਿਲਦਾ,
ਪ੍ਰਦੂਸ਼ਣ ਰਹਿਤ ਵਧੀਆ ਲੱਗੇ ਅਸਮਾਨ ਯਾਰੋ!

ਇੱਥੇ ਸਭ ਪਾਸੇ ਪੰਜਾਬੀ ਨੇ ਤੁਰੇ ਫਿਰਦੇ,
ਫੀਲਿੰਗ ਪੰਜਾਬ ਵਾਲੀ ਲੈ ਕੇ ਹੋ ਗਿਆ ਹੈਰਾਨ ਯਾਰੋ!
ਮੁੱਲਾਂਪੁਰ ਵਰਗੇ ਅਨਪੜ੍ਹ ਬੰਦੇ ਵੀ ਇੱਥੇ ਮੌਜ ਕਰਦੇ,
ਪਲਟਾਉਣੀ ਪੈਂਦੀ ਨਾ ਹੋਰ ਭਾਸ਼ਾ ਵਿਚ ਜ਼ੁਬਾਨ ਯਾਰੋ!

**-ਸੁਖਵਿੰਦਰ ਸਿੰਘ ਮੁੱਲਾਂਪੁਰ**
(Punjab Mail USA)



## ਇਹ ਕੀ ਹੈ?

ਪਿਆਰ ਮੁਹੱਬਤਾਂ ਦੇ ਕੀ-ਕੀ ਹੈ ਪੱਲੇ,
ਝੋਲੀ ਭਰੀ, ਕਿਧਰੇ ਗ਼ਮਖ਼ਾਰ ਨੇ ਹੰਝੂ।

ਇਸ਼ਕ ਮੁਸ਼ਕ ਜੱਗੋਂ ਕਿਉਂ ਨ੍ਹੀਂ ਛੁਪਦੇ,
ਸੁੰਘੇ ਗੰਧ, ਵਗਦੇ ਨੈਣੋਂ ਫ਼ੁਹਾਰ ਨੇ ਹੰਝੂ।

ਨਫ਼ਰਤ ਬੀਜੀ ਤੇ ਕੀ ਨੇਕੀ ਹੈ ਖੱਟੀ,
ਉੱਜੜੇ ਬਾਗ ਰੋਂਦੇ, ਜ਼ਾਰੋ ਜ਼ਾਰ ਨੇ ਹੰਝੂ।

ਧਰਤ ਸੰਤੁਲਨ ਵਿਗਾੜ, ਤੂੰ ਕੀ ਭਾਲੇਂ,
ਤੱਕ ਆਫ਼ਤਾਂ, ਡੁੱਲ੍ਹੇ ਵਾਰੋ-ਵਾਰ ਨੇ ਹੰਝੂ।

ਸੰਨ ਸੰਤਾਲੀ ਤੇ ਚੌਰਾਸੀ ਲੰਘੇ ਕਿੱਦਾਂ ,
ਪੀ ਘੁੱਟ ਲਹੂ ਦੇ, ਲਏ ਸਹਾਰ ਨੇ ਹੰਝੂ।

ਮੁਗਲ ਪਰਾਏ ਸਨ ਕੀ ਰੋਸਾ ਕਰਨਾ,
ਆਪਣਿਆਂ ਹੱਥੋਂ, ਮੁਕਾਏ ਮਾਰ ਨੇ ਹੰਝੂ।

ਘਰ ਢਾਹਕੇ ਜਿਹਦੇ ਮਨਾਉਂਦੇ ਖ਼ੁਸ਼ੀ,
ਸੀਨੇ ਪਵੇ ਛੇਕ, ਡਿੱਗੇ ਬੇਜ਼ਾਰ ਨੇ ਹੰਝੂ।

ਕਦੋਂ ਕਿਹਾ ਕਿ ਖ਼ੁਸ਼ੀ ਵਸੇ ਨ ਮਹਿਲੀਂ,
ਰਹੀਏ ਖ਼ੁਸ਼ ਸਾਰੇ, ਨ੍ਹੀਂ ਬੇਕਾਰ ਨੇ ਹੰਝੂ।

ਦੁਨੀਆਂ ਤੋਂ ਤੁਰ ਜਾਣਾ ਅਧਵਾਟੇ ਹੀ,
ਰੂਹ 'ਚੋਂ ਫੁੱਟੇ, ਵਾਂਗ ਆਬਸ਼ਾਰ ਨੇ ਹੰਝੂ।

**-ਸੇਵਾ ਸਿੰਘ "ਨੂਰਪੁਰੀ"**
(Punjab Mail USA)



## ਸੋਚ ਸਮਝਕੇ ਪਾਇਓ ਵੋਟਾਂ

ਚੋਣ ਕਮਿਸ਼ਨ ਨੇ ਲਾ ਦਿੱਤਾ ਹੈ ਚੋਣ ਜਾਬਤਾ
ਵੋਟਰਾਂ ਨਾਲ ਨੇ ਕਰਦੇ ਲੀਡਰ ਆਣ ਰਾਬਤਾ
ਹੱਥ ਜੋੜਕੇ ਆਖਦੇ ਸਾਨੂੰ ਵੋਟਾਂ ਪਾਉ।
ਪੰਜ ਸਾਲਾਂ ਲਈ ਸਾਨੂੰ ਤੁਸੀਂ ਵਜ਼ੀਰ ਬਣਾਉ।

ਮਾਸਟਰ ਛੱਤੀ ਹਜ਼ਾਰ ਸੀ ਕਹਿੰਦੇ ਕਰਨੇ ਪੱਕੇ
ਸੜਕਾਂ ਉੱਤੇ ਅੱਜ ਵੀ ਪਏ ਖਾਂਦੇ ਧੱਕੇ
ਲੱਖਾਂ ਨੌਕਰੀਆਂ ਦੇਣ ਦੇ ਸੀ ਕਰਦੇ ਵਾਅਦੇ।
ਸਕਾਲਰਸ਼ਿੱਪ ਦੇ ਪੈਸਿਆਂ ਨੂੰ ਲੀਡਰ ਖਾਗੇ।

ਕਈ ਤਰ੍ਹਾਂ ਦੀਆਂ ਗਰੰਟੀਆਂ ਕਈ ਦਿੰਦੇ ਆਕੇ
ਵੋਟਾਂ ਫਿਰਨ ਵਟੋਰਦੇ ਸਭ ਨੂੰ ਭਰਮਾਕੇ
ਵੱਖੋ ਵੱਖਰੇ ਡੇਰਿਆਂ ਵਿਚ ਟੇਕਣ ਮੱਥੇ।
ਧਰਮ ਸਥਾਨਾਂ ਵੱਲ ਨੂੰ ਅੱਜ ਭੇਜਣ ਜਥੇ।

ਕਈ ਲੀਡਰਾਂ ਬਦਲ ਲਏ ਚੋਲੇ ਦਸਤਾਰਾਂ
ਹੋਏ ਕਈ ਨਿਲਾਮ ਨੇ ਅੱਜ ਵਿਚ ਬਜ਼ਾਰਾਂ
ਜਿਨ੍ਹਾਂ ਦੀਆਂ ਟਿਕਟਾਂ ਕੱਟੀਆਂ ਉਹ ਮਾਰਨ ਛਾਲਾਂ।
ਇੱਕ ਦੂਜੇ ਨੂੰ ਕੱਢਦੇ ਕੁਰਸੀ ਲਈ ਗਾਲਾਂ।

ਕਿਸੇ ਨੇ ਹੈ ਘਿਉ ਵੰਡਣਾ ਕੋਈ ਵੰਡੂ ਆਟਾ
ਸਭ ਕੁੱਝ ਲੁੱਟ ਕੇ ਦੇ ਰਹੇ ਲੋਕਾਂ ਹੱਥ ਬਾਟਾ
ਕਈਆਂ ਨੋਟ ਨੇ ਵੰਡਣੇ ਕੋਈ ਵੰਡੇ ਦਾਰੂ।
ਇਹ ਚੀਜ਼ਾਂ ਦੇ ਹੋ ਗਏ ਕਈ ਵੋਟਰ ਚਾਰੂ।

ਸਿੱਖਿਆ ਸਿਹਤ ਸਹੂਲਤਾਂ ਰੋਜ਼ਗਾਰ ਜੋ ਦੇਵੇ
ਹੱਕ ਮਜ਼ਦੂਰ ਕਿਸਾਨਾਂ ਦੇ ਸਰਕਾਰ ਜੋ ਦੇਵੇ
ਸੋਚ ਸਮਝਕੇ "ਗਿੱਲ ਮਲਕੀਤ" ਹੁਣ ਵੋਟਾਂ ਪਾਇਓ।
ਪੰਜ ਸਾਲਾਂ ਲਈ ਲੋਕਾਂ ਦੀ ਸਰਕਾਰ ਬਣਾਇਓ।

**ਮਲਕੀਤ ਸਿੰਘ ਗਿੱਲ (ਭੱਠਲਾਂ)**
**ਸੰਪਰਕ : 94174-90943**
(Punjab Mail USA)



# ਆਰਟੀਫੀਸ਼ਿਅਲ ਇੰਟੈਲੀਜੈਂਸ (ਏ.ਆਈ.)-ਜਦੋਂ ਗੂਗਲ ਵੀ ਨਹੀਂ ਸੀ


**ਅਮਰਬੀਰ ਸਿੰਘ ਚੀਮਾ**
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
(Punjab Mail USA)



ਆਰਟੀਫੀਸ਼ਅਲ ਇੰਟੈਲੀਜੈਂਸ (ਏ.ਆਈ.) ਇੱਕ ਕੰਪਿਊਟਰ ਜਾਂ ਕੰਪਿਊਟਰ-ਨਿਯੰਤਰਿਤ ਰੋਬੋਟ ਵੱਲੋਂ ਉਨ੍ਹਾਂ ਕਾਰਜਾਂ ਨੂੰ ਕਰਨ ਦੀ ਯੋਗਤਾ ਹੈ, ਜੋ ਆਮ ਤੌਰ 'ਤੇ ਮਨੁੱਖ ਦੀਆਂ ਬੌਧਿਕ ਪ੍ਰਕਿਰਿਆਵਾਂ ਨਾਲ ਜੁੜੇ ਹੁੰਦੇ ਹਨ। ਏ.ਆਈ. ਮੈਡੀਕਲ ਤੇ ਸਿਹਤ ਸਾਇੰਸ, ਕੰਪਿਊਟਰ ਸਰਚ ਇੰਜਣ (ਜਿਵੇਂ ਗੂਗਲ), ਆਵਾਜ਼ (ਸੀਰੀ, ਅਲੈਕਸਾ ਜਾਂ ਗੂਗਲ ਅਸਿਸਟੈਂਟ), ਜਾਂ ਹੱਥ ਲਿਖਤ ਪਛਾਣ ਅਤੇ ਚੈਟਬੋਟਸ ਦੇ ਰੂਪ ਵਿਚ ਵੱਖ-ਵੱਖ ਐਪਲੀਕੇਸ਼ਨਾਂ ਵਿਚ ਪਾਈ ਜਾਂਦੀ ਹੈ।

ਮਸ਼ੀਨ ਸਿਖਲਾਈ ਅਤੇ ਆਰਟੀਫੀਸ਼ਅਲ ਇੰਟੈਲੀਜੈਂਸ ਆਟੋਨੋਮਸ ਵਾਹਨ ਪ੍ਰਣਾਲੀਆਂ ਦੇ ਬੁਨਿਆਦੀ ਤੱਤ ਹਨ। ਮਸ਼ੀਨ ਲਰਨਿੰਗ ਰਾਹੀਂ, ਵਾਹਨਾਂ ਨੂੰ ਉਨ੍ਹਾਂ ਗੁੰਝਲਦਾਰ ਡੇਟਾ ਤੋਂ ਸਿੱਖਣ ਲਈ ਸਿਖਲਾਈ ਦਿੱਤੀ ਜਾਂਦੀ ਹੈ, ਜੋ ਉਨ੍ਹਾਂ ਨੂੰ ਐਲਗੋਰਿਦਮ ਵਿਚ ਸੁਧਾਰ ਕਰਨ ਲਈ ਅਤੇ ਸੜਕ 'ਤੇ ਨੈਵੀਗੇਟ ਕਰਨ ਦੀ ਆਪਣੀ ਯੋਗਤਾ ਨੂੰ ਵਧਾਉਣ ਲਈ ਪ੍ਰਾਪਤ ਹੁੰਦਾ ਹੈ। ਵੇਮੋ ਤੇ ਟੈਸਲਾ ਕੰਪਨੀ ਦੀਆਂ ਸਵੈ-ਡ੍ਰਾਈਵਿੰਗ ਕਾਰਾਂ 'ਚ ਵੀ ਇਹੀ ਤਕਨੀਕ ਵਰਤੀ ਜਾਂਦੀ ਹੈ। ਆਰਟੀਫੀਸ਼ਅਲ ਇੰਟੈਲੀਜੈਂਸ ਇਨ੍ਹਾਂ ਵਾਹਨਾਂ ਦੇ ਸਿਸਟਮਾਂ ਨੂੰ ਹਰੇਕ ਸੰਭਾਵੀ ਸਥਿਤੀ ਲਈ ਵਿਸ਼ੇਸ਼ ਨਿਰਦੇਸ਼ਾਂ ਦੀ ਲੋੜ ਤੋਂ ਬਿਨਾਂ ਕੰਮ ਕਰਨ ਦੇ ਤਰੀਕੇ ਬਾਰੇ ਫੈਸਲੇ ਲੈਣ ਦੇ ਯੋਗ ਬਣਾਉਂਦਾ ਹੈ। ਬਹੁਤ ਸਾਰੀਆਂ ਮੋਬਾਈਲ ਐਪਾਂ ਵਾਇਸ ਖੋਜ ਕਰਨ ਲਈ ਆਪਣੇ ਸਿਸਟਮਾਂ ਵਿਚ ਸਪੀਚ ਰੈਕੋਗੀਨੇਸ਼ਨ (ਆਵਾਜ਼ ਪਛਾਣ) ਨੂੰ ਸ਼ਾਮਲ ਕਰਦੀਆਂ ਹਨ। ਸ਼ੁਰੂਆਤੀ ਪੱਧਰ 'ਤੇ 70ਵਿਆਂ ਵਿਚ ਸੀਰੀ, ਅਲੈਕਸਾ ਵਰਗੀਆਂ ਆਵਾਜ਼ ਸੁਣ ਕੇ ਕੰਮ ਕਰਨ ਵਾਲੀਆਂ ਐਪਲੀਕੇਸ਼ਨਾਂ ਕਨਵਰਸੇਸ਼ਨਲ ਆਰਟੀਫੀਸ਼ਅਲ ਇੰਟੈਲੀਜੈਂਸ ਦੀਆਂ ਉਦਾਹਰਨਾਂ ਹਨ। ਇਸ ਤੋਂ ਇਲਾਵਾ ਸਾਈਬਰ ਸੁਰੱਖਿਆ ਪ੍ਰਣਾਲੀ ਵਿਚ ਵੀ ਆਰਟੀਫੀਸ਼ਅਲ ਇੰਟੈਲੀਜੈਂਸ ਦਾ ਖਾਸ ਮਹੱਤਵ ਹੈ।

ਮਸ਼ੀਨ ਲਰਨਿੰਗ ਐਲਗੋਰਿਥਮ ਲਿਖਣ ਤੇ ਸਿਖਲਾਈ ਦੇਣ ਲਈ ਏ.ਆਈ. ਨੂੰ ਵਿਸ਼ੇਸ ਹਾਰਡਵੇਅਰ ਅਤੇ ਸਾਫਟਵੇਅਰ ਦੀ ਲੋੜ ਹੁੰਦੀ ਹੈ। ਏ.ਆਈ. ਡਿਵੈਲਪਰ



ਪਾਈਥਨ, ਆਰ, ਜਾਵਾ, ਸੀ++ ਤੇ ਜੂਲੀਆ ਵਰਗੀਆਂ ਕੰਪਿਊਟਰ ਪ੍ਰੋਗਰਾਮਿੰਗ ਭਾਸ਼ਾਵਾਂ ਦੀ ਵਰਤੋ ਕਰਦੇ ਹਨ। ਅਲਫਾਬੇਟ, ਐਪਲ, ਮਾਈਕ੍ਰੋਸਾਫਟ ਅਤੇ ਮੈਟਾ ਵਰਗੀਆਂ ਵੱਡੀਆਂ ਕੰਪਨੀਆਂ ਦੇ ਨਾਂ ਵਰਣਨਯੋਗ ਹਨ, ਜਿੱਥੇ ਇਸ ਤਕਨਾਲੋਜੀ ਦੀ ਵਰਤੋਂ ਕੀਤੀ ਜਾਂਦੀ ਹੈ। ਏ.ਆਈ. ਸੰਚਾਲਿਤ ਵਰਚੁਅਲ ਏਜੰਟ ਬਿਨਾਂ ਕਿਸੇ ਬਰੇਕ ਜਾਂ ਥਕਾਵਟ ਦੇ, ਹਮੇਸ਼ਾ ਉਪਲਬਧ ਰਹਿੰਦੇ ਹਨ। ਮਨੁੱਖਾਂ ਲਈ ਮੁਸ਼ਕਿਲ ਜਾਂ ਲਗਾਤਾਰ ਕੰਮ ਨਾ ਕਰ ਸਕਣ ਦੀ ਹਾਲਤ ਵਿਚ ਰੋਬੋਟਾਂ ਦੀ ਕੀਤੀ ਜਾਂਦੀ ਹੈ। ਉਦਾਹਰਨ ਵੱਜੋਂ ਕਾਰ ਉਤਪਾਦਨ ਅਸੈਂਬਲੀ ਲਾਈਨਾਂ 'ਚ ਜਾਂ ਨਾਸਾ ਵੱਲੋਂ ਪੁਲਾੜ ਵਿਚ ਵੱਡੀਆਂ ਵਸਤੂਆਂ ਨੂੰ ਭੇਜਣ ਲਈ ਰੋਬੋਟ ਵਰਤੇ ਜਾਂਦੇ ਹਨ।


### ਫ਼ੇਸ ਰਿਕੋਗਨਾਈਜੇਸ਼ਨ ਸਿਸਟਮ

1993 ਵਿਚ ਡਿਫੈਂਸ ਐਡਵਾਂਸਡ ਰਿਸਰਚ ਪ੍ਰੋਜੈਕਟ ਏਜੰਸੀ (ਡੀ.ਆਰ.ਪੀ.ਏ.) ਅਤੇ ਆਰਮੀ ਰਿਸਰਚ ਲੈਬਾਰਟਰੀ (ਏ.ਆਰ.ਐੱਲ.) ਨੇ ਆਟੋਮੈਟਿਕ ਚਿਹਰਾ ਪਛਾਣ ਸਮਰਥਾਵਾਂ ਵਿਕਸਿਤ ਕਰਨ ਲਈ ਚਿਹਰਾ ਪਛਾਣ ਤਕਨਾਲੋਜੀ ਪ੍ਰੋਗਰਾਮ ਦੀ ਸਥਾਪਨਾ ਕੀਤੀ ਸੀ। ਕਿਸੇ ਚਿਹਰੇ ਦੀ ਪਛਾਣ ਪ੍ਰਣਾਲੀ ਉਹ ਤਕਨਾਲੋਜੀ ਹੈ, ਜੋ ਸੰਭਾਵੀ ਤੌਰ 'ਤੇ ਇੱਕ ਡਿਜ਼ੀਟਲ ਚਿੱਤਰ ਜਾਂ ਵੀਡੀਓ ਫਰੇਮ ਤੋਂ ਚਿਹਰਿਆਂ ਦੇ ਡੇਟਾਬੇਸ ਦੇ ਹਿਸਾਬ ਨਾਲ ਮਨੁੱਖੀ ਚਿਹਰੇ ਨਾਲ ਮੇਲ ਕਰਨ ਦੇ ਸਮਰੱਥ ਹੁੰਦੀ ਹੈ, ਜਿਸਨੂੰ ਫ਼ੇਸ ਰਿਕੋਗਨਾਈਜੇਸ਼ਨ ਸਿਸਟਮ ਕਿਹਾ ਜਾਂਦਾ ਹੈ। ਸਿੰਥੈਟਿਕ ਮੀਡੀਆ ਜਿਵੇਂ ਕਿ ਡੀਪਫੇਕ ਦੀ ਦਿੱਖ ਨੇ ਇਸਦੀ ਸੁਰੱਖਿਆ ਬਾਰੇ ਚਿੰਤਾਵਾਂ ਪੈਦਾ ਕੀਤੀਆਂ ਹਨ। ਇਨ੍ਹਾਂ ਦਾਅਵਿਆਂ ਕਾਰਨ ਸੰਯੁਕਤ ਰਾਜ ਅਮਰੀਕਾ ਦੇ ਕਈ ਸਹਿਰਾਂ ਵਿਚ ਚਿਹਰੇ ਦੀ ਪਛਾਣ ਪ੍ਰਣਾਲੀ 'ਤੇ ਪਾਬੰਦੀ ਵੀ ਲਗਾਈ ਗਈ ਹੈ। ਸੋਸ਼ਲ ਨੈੱਟਵਰਕਿੰਗ ਕੰਪਨੀ ਮੈਟਾ ਪਲੇਟਫਾਰਮ ਨੇ ਵੀ 2021 ਵਿਚ ਚਿਹਰੇ ਦੀ ਪਛਾਣ ਪ੍ਰਣਾਲੀ ਨੂੰ ਬੰਦ ਕਰ ਦਿੱਤਾ ਸੀ, ਜਿਸ ਨਾਲ ਇੱਕ ਅਰਬ ਤੋਂ ਵੱਧ ਉਪਭੋਗਤਾਵਾਂ ਦੇ ਚਿਹਰੇ ਦੇ ਸਕੈਨ ਡੇਟਾ ਨੂੰ ਮਿਟਾਇਆ ਗਿਆ ਸੀ।

ਭਾਰਤ ਵਿਚ ਗੂਗਲ ਦੀ ਆਮਦ 2004 'ਚ ਹੋਈ ਸੀ, ਜਦਕਿ ਆਰਟੀਫੀਸ਼ਅਲ ਇੰਟੈਲੀਜੈਂਸ (ਏ.ਆਈ.) ਇਸ ਤੋਂ ਕਈ ਸਾਲ ਪਹਿਲਾਂ ਹੀ ਹੋਂਦ 'ਚ ਆ ਚੁੱਕੀ ਸੀ। ਮੈਨੂੰ ਯਾਦ ਹੈ, ਜਦੋਂ 1996 ਵਿਚ ਕਰਨਾਟਕਾ ਸੂਬੇ ਦੇ ਬੰਗਲੌਰ ਤਕਨੀਕੀ ਬੋਰਡ ਨਾਲ ਐਫੀਲੀਏਟਡ ਬਿਦਰ ਸਹਿਰ ਦੇ ਗੁਰੂ ਨਾਨਕ ਦੇਵ ਪੋਲੀਟੈਕਨਿਕ ਕਾਲਜ ਵਿਖੇ ਕੰਪਿਊਟਰ ਇੰਜੀਨੀਅਰਿੰਗ ਦਾ ਡਿਪਲੋਮਾ ਕਰਦਿਆਂ ਫਾਈਨਲ ਈਅਰ ਵਿਚ ਸਾਨੂੰ ਨਵੇਂ ਵਿਸ਼ੇ ਲੱਗੇ ਸਨ, ਜਿਨ੍ਹਾਂ ਵਿਚੋਂ ਆਰਟੀਫੀਸ਼ਅਲ ਇੰਟੈਲੀਜੈਂਸ ਵੀ ਇੱਕ ਸੀ। ਤੀਜੇ ਭਾਵ ਅਖੀਰਲੇ ਸਾਲ 'ਚ ਹੁੰਦਿਆਂ ਹੀ ਪਾਸਕਲ, ਫੌਰਟਨ, ਕੋਬੋਲ ਵਰਗੀਆਂ ਪੁਰਾਣੀਆਂ ਪ੍ਰੋਗਰਾਮਿੰਗ ਲੈਂਗੁਏਜਿਜ਼ (ਭਾਸ਼ਾਵਾਂ) ਨੂੰ ਹਟਾ ਕੇ ਸਿਸਟਮ ਪ੍ਰੋਗਰਾਮਿੰਗ, ਕੰਪਿਊਟਰ ਐਪਲੀਕੇਸਨਜ਼, ਆਰ.ਡੀ.ਬੀ.ਐੱਮ.ਐੱਸ. (ਆਰੈਕਲ) ਤੇ ਏ.ਆਈ. ਵਰਗੇ ਵਿਸ਼ੇ ਲਾਂਚ ਕੀਤੇ ਸਨ। ਉਸ ਸਮੇਂ ਸਾਨੂੰ ਵਿਜੇ ਸਰ ਏ.ਆਈ. ਪੜ੍ਹਾਉਂਦੇ ਹੁੰਦੇ ਸਨ। ਉਹ ਵਿਚਾਰੇ ਆਪ ਪਤਾ ਨਹੀਂ ਕਿਸ ਤਰ੍ਹਾਂ ਲੈਕਚਰ ਤਿਆਰ ਕਰਦੇ ਹੋਣੇ ਤੇ ਕੱਚਾ ਪੱਕਾ ਜਿਹਾ ਸਾਨੂੰ ਸਮਝਾ ਦਿੰਦੇ ਸਨ। ਅਸੀਂ ਵੀ ਰੱਟੇ-ਰੁੱਟੇ ਲਾ ਕੇ ਹਊਏ ਵਰਗਾ ਇਹ ਵਿਸ਼ਾ ਬੜੀ ਮੁਸ਼ਕਿਲ ਨਾਲ ਪਾਸ ਕੀਤਾ ਸੀ। ਹੁਣ 27-28 ਸਾਲਾਂ ਦੇ ਵਕਫ਼ੇ ਪਿੱਛੋਂ ਏ.ਆਈ. ਆਪਣੇ ਪੂਰੇ ਚਰਨ ਸੀਮਾ 'ਤੇ ਪਹੁੰਚ ਚੁੱਕੀ ਹੈ। ਅੱਜ ਇਨਫਾਰਮੇਸ਼ਨ ਤਕਨਾਲੋਜੀ ਦੇ ਯੁੱਗ ਵਿਚ ਕੰਪਿਊਟਰ ਨਾਲ ਸੰਬੰਧਿਤ ਕਰੀਬ ਹਰ ਖੇਤਰ ਵਿਚ ਆਰਟੀਫੀਸ਼ਅਲ ਇੰਟੈਲੀਜੈਂਸ ਦੀ ਆਮਦ ਹੋ ਚੁੱਕੀ ਹੈ। ਇਸ ਦੇ ਹਾਂ-ਪੱਖੀ ਦੇ ਨਾਲ-ਨਾਲ ਨਾਂਹ-ਪੱਖੀ ਨਤੀਜੇ ਵੀ ਆਉਣ ਲੱਗੇ ਹਨ।

### ਡੀਪਫੇਕ ਵੀਡੀਓ

ਡਿਜ਼ੀਟਲ ਸਾਫ਼ਟਵੇਅਰ, ਮਸ਼ੀਨ ਲਰਨਿੰਗ ਅਤੇ ਫ਼ੇਸ ਸਵੈਪਿੰਗ ਦੀ ਵਰਤੋਂ ਕਰਕੇ ਬਣਾਏ ਗਏ ਨਕਲੀ ਵੀਡੀਓਜ਼ ਨੂੰ ਤਕਨੀਕੀ ਤੌਰ 'ਤੇ ਡੀਪਫੇਕ ਵੀਡੀਓ ਕਿਹਾ ਜਾਂਦਾ ਹੈ। ਕੰਪਿਊਟਰ ਰਾਹੀਂ ਸਾਫ਼ਟਵੇਅਰਾਂ ਦੀ ਮਦਦ ਨਾਲ ਬਣਾਏ ਇਨ੍ਹਾਂ ਵੀਡੀਓਜ਼ ਵਿਚ ਤਸਵੀਰਾਂ ਨੂੰ ਜੋੜ ਕੇ ਨਵੀਂ ਫੁਟੇਜ ਬਣਾਈ ਜਾਂਦੀ ਹੈ। ਦਰਅਸਲ ਇਹ ਫੁਟੇਜ ਉਸ ਘਟਨਾ, ਕਹਾਣੀ ਜਾਂ ਕਾਰਵਾਈ ਨੂੰ ਦਰਸਾਉਂਦੀ ਹੈ, ਜੋ ਅਸਲ ਵਿਚ ਕਦੇ ਨਹੀਂ ਵਾਪਰੀ ਹੁੰਦੀ ਪਰ ਦੇਖਣ-ਸੁਣਨ ਵਿਚ ਬਿਲਕੁਲ ਅਸਲੀ ਜਾਪਦੀ ਹੈ। ਪਿਛਲੇ ਦਿਨੀ ਡੀਪਫੇਕ ਵੀਡੀਓ ਦੇ ਮਾਮਲੇ ਅਖਬਾਰਾਂ ਦੀਆਂ ਸੁਰਖੀਆਂ ਤੇ ਨਿਊਜ਼ ਚੈਨਲਾਂ ਦੀਆਂ ਹੈੱਡਲਾਈਨਜ਼ ਬਣ ਚੁੱਕੇ ਹਨ। ਹਾਲੇ ਕੁਝ ਮਹੀਨੇ ਪਹਿਲਾਂ ਹੀ ਰਸ਼ਮੀਕਾ ਮੰਦਾਨਾ ਨੇ ਇਸ ਸਬੰਧੀ ਸਾਈਬਰ ਵਿਭਾਗ ਕੋਲ ਮਾਮਲਾ ਦਰਜ ਕਰਵਾਇਆ ਸੀ, ਜਿਸ ਉਪਰੰਤ ਇੱਕ ਗ੍ਰਿਫਤਾਰੀ ਵੀ ਕੀਤੀ ਗਈ ਸੀ। ਉਸ ਤੋਂ ਬਾਅਦ ਬਾਲੀਵੁੱਡ ਫਿਲਮ ਅਭਿਨੇਤਰੀ ਨੋਰਾ ਫਤਿਹ ਅਲੀ ਵੀ ਡੀਪਫੇਕ ਵੀਡੀਓ ਦੀ ਪੀੜਤ ਬਣੀ। ਇਸ ਵਿਚ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਭਵਿੱਖ ਵਿਚ ਵੱਡੀ ਪੱਧਰ ਉੱਤੇ ਅਜਿਹੇ ਹੋਰ ਵੀ ਮਾਮਲੇ ਸਾਹਮਣੇ ਆਉਣਗੇ, ਜਿਸ ਦੇ ਨਾਂਹ-ਪੱਖੀ ਨਤੀਜੇ ਆਉਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਭਵਿੱਖ ਵਿਚ ਅਜਿਹੀ ਸਥਿਤੀ ਤੋਂ ਬੱਚਣ ਲਈ ਸਾਨੂੰ ਬਹੁਤ ਜ਼ਿਆਦਾ ਸੁਚੇਤ ਹੋ ਕੇ ਰਹਿਣ ਦੀ ਲੋੜ ਹੈ। ਇਸ ਤੋਂ ਇਲਾਵਾ ਇਨ੍ਹਾਂ ਦਾ ਹੱਲ ਜਾਂ ਸਾਹਮਣਾ ਕਰਨ ਲਈ ਏ.ਆਈ. ਮਾਹਰਾਂ ਜਾਂ ਪੇਸ਼ਾਵਰਾਂ ਨੂੰ ਵੀ ਹਰ ਸਮੇਂ ਤਿਆਰ ਰਹਿਣਾ ਪਵੇਗਾ।


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567